

ਮੌਤ ਰਾਣੀ ਦਾ ਘੁੰਡ

ਲਾਲ ਸਿੰਘ ਕਮਲਾ ਅਕਾਲੀ

Maut Rani Da Ghund

by

Lal Singh Kamla Akali

ਤੀਜੀ ਵਾਰ : 2002

ਮੁੱਲ	:	50/- ਰੁਪਏ
ਪ੍ਰਕਾਸ਼ਕ	:	ਤੇਜਿੰਦਰ ਬੀਰ ਸਿੰਘ, ਲਾਹੌਰ ਬੁੱਕ ਸ਼ਾਪ 2-ਲਾਜਪਤ ਰਾਏ ਮਾਰਕੀਟ, ਨੇੜੇ ਸੁਸਾਇਟੀ ਸਿਨੇਮਾ, ਲੁਧਿਆਣਾ । ਫੋਨ-740738
ਲੇਜ਼ਰ ਸੈਟਿੰਗ	:	ਲਿਟਲ ਗ੍ਰਾਫਿਕਸ, ਕੋਟ ਕਿਸ਼ਨ ਚੰਦ, ਜਲੰਧਰ।
ਛਾਪਕ	:	ਸਰਤਾਜ ਪ੍ਰਿੰਟਿੰਗ ਪ੍ਰੈਸ, ਜਲੰਧਰ।

ਤਤਕਰਾ

ਏਸੇ ਕਲਮ ਤੋਂ :

ਜੀਵਨ ਨੀਤੀ

ਸ਼ੈਲਾਨੀ ਦੇਸ਼ ਭਗਤ

ਮਨ ਦੀ ਮੌਜ

ਮੇਰਾ ਵਲੈਤੀ ਸਫ਼ਰਨਾਮਾ

ਮੇਰਾ ਆਖ਼ਰੀ ਸਫ਼ਰਨਾਮਾ

ਕਥਨੀ ਊਰੀ ਤੇ ਕਰਨੀ ਪੂਰੀ

ਭਾਰਤ ਦੇ ਭਰਪੂਰ ਭੰਡਾਰੇ

ਸਰਬ ਲੋਹ ਦੀ ਵਹੁਟੀ

ਇੱਕ ਗੁੱਝਾ ਭੇਦ

੧

"ਲਿਖੇ ਜੰਤ੍ਰ ਕੇਤੇ ਪੜੇ ਮੰਤ੍ਰ ਕੋਟ।
ਬਚੇਗਾ ਨ ਕੋਈ ਕਰੇ ਕਾਲ ਚੋਟ।

"ਮਰਨਾ ਸੱਚ ਤੇ ਜੀਉਣਾ ਝੂਠ।" ਜਿਸ ਨੇ ਦੁਨੀਆਂ ਵਿਚ ਇੱਕ ਰਤੀ ਮਾਸਾ ਭਰ ਸੱਚ ਖੋਜਣ ਦਾ ਜਤਨ ਕੀਤਾ ਹੈ ਉਸ ਨੂੰ ਭੁੱਲ ਨਹੀਂ ਸਕਦਾ ਕਿ 'ਮਰਨਾ ਸੱਚ ਤੇ ਜੀਊਣਾ ਝੂਠ'। ਨਾ ਕਦੇ ਕੋਈ ਮੌਤ ਦੇ ਪੰਜੇ ਤੋਂ ਬਚਿਆ ਤੇ ਨਾ ਅੱਗੇ ਨੂੰ ਬਚੇਗਾ, ਜੀਵ ਮਾਤਰ ਦੀ ਸ਼ਾਹਰਗ ਉੱਤੇ ਏਹ ਤੇਜ਼ ਕੁਹਾੜਾ ਕੱਚੀ ਤੰਦ ਨਾਲ ਲਟਕ ਰਿਹਾ ਹੈ ਅਤੇ ਪਰਤੱਖ ਦਿਸਦਾ ਹੈ ਕਿ ਤੰਦ ਜ਼ਰੂਰ ਟੁੱਟੇਗੀ, ਕੁਹਾੜਾ ਆਪਣਾ ਕੰਮ ਜ਼ਰੂਰ ਕਰੇਗਾ ਤੇ ਅੱਜ ਭਲਕ ਸੰਝ ਸਵੇਰ ਇਹ ਕੌਤਕ ਰੂਪ ਸਰੀਰ ਮਿੱਟੀ ਵਿੱਚ ਮਿਲ ਜਾਵੇਗਾ। ਫਾਂਸੀ ਦੇ ਤਖ਼ਤੇ ਉੱਤੇ ਖਲੋਤੇ ਬੇਲੀ ਵਾਂਗ ਪਤਾ ਨਹੀਂ ਕਦੋਂ ਪੈਰਾਂ ਹੇਠੋਂ ਤਖ਼ਤਾ ਨਿਕਲ ਜਾਣਾ ਹੈ :-

"ਲਿਖਿਆ ਆਇਆ ਗੋਵਿੰਦ ਕਾ
ਵਣਜਾਰਿਆ ਮਿਤ੍ਰਾ
ਉਠਿ ਚਲੇ ਕਮਾਣਾ ਸਾਥਿ॥
ਇਕ ਰਤੀ ਬਿਲਮ ਨਾ ਦੇਵਨੀ
ਵਣਜਾਰਿਆ ਮਿਤ੍ਰਾ
ਓਨੀ ਤਕੜੇ ਪਾਏ ਹਾਥਿ।"

ਹੋਰ ਸਭ ਕੁਝ ਟਲ ਸਕਦਾ ਹੈ ਪਰ ਮੌਤ...
ਮੌਤ ਕਹੇ ਮੈਂ ਸਭ ਤੋਂ ਵੱਡੀ
ਜੋ ਚਾਹਾਂ ਸੋ ਕਰਦੀ।

ਪੀਰ ਪੈਗ਼ੰਬਰ, ਅਉਲੀਏ, ਵਲੀ, ਧਨੀ, ਸ਼ਾਹ-ਪਾਤਸ਼ਾਹ, ਜੋਧੇ, ਛਲੀ, ਸਾਧ ਸੰਤ ਸਭ ਵੱਡੇ-ਵੱਡੇ ਦਾਅਵੇ ਬੰਨ੍ਹ ਗਏ ਪਰ ਮੌਤ ਨਾਲ ਕਿਸੇ ਦੀ ਪੇਸ਼ ਨਾ ਚੱਲੀ।

ਜਿਤੇ ਆਉਲੀਆ ਅੰਬੀਆ ਹੋਏ ਬੀਤੇ।
ਤਿਤਯੋ ਕਾਲ ਜੀਤਾ ਨਾ ਤੇ ਕਾਲ ਜੀਤੇ।
ਜਿਤੇ ਰਾਮ ਸੇ ਕ੍ਰਿਸ਼ਨ ਹੁਇ ਬਿਸ਼ਨ ਆਏ।
ਤਿਤਯੋ ਕਾਲ ਖਾਪਿਓ ਨ ਤੇ ਕਾਲ ਘਾਏ।

ਕੀ ਗੱਲ ਹੈ? ਕੀ ਏਹ ਸਹੁਰਾ ਘਰ ਐਡਾ ਪਿਆਰਾ ਤੇ ਸੁਖਦਾਈ ਹੈ ਕਿ ਮੁੜਕੇ ਪਿਛਲਿਆਂ ਨੂੰ ਇੱਕ ਸੈਨਤ ਨਾਲ ਭੀ ਸਮਝਾਉਣ ਦਾ ਕਿਸੇ ਨੂੰ ਵੇਹਲ ਨਹੀਂ ? ਕੋਈ ਜਾਕੇ ਨਹੀਂ ਪਰਤਿਆ, ਪਰਤਣਾ ਤਾਂ ਕੀ ਕਿਸੇ ਪਿਛੇ ਮੁੜਕੇ ਇੱਕ ਝਾਤੀ ਨਹੀਂ ਮਾਰੀ, ਇੱਕ ਵਾਜ ਨਹੀਂ ਕੱਢੀ। ਕਰੋੜਾਂ ਗਏ, ਕਿਧਰ ਲੇਖੇ ਗਏ? ਕਿਧਰੇ ਹੈਨ ਵੀ ਯਾ ਬਸ ਭਸਮ ਦੀ ਢੇਰੀ ਹੀ ਹੋ ਗਏ ਤੇ ਸਭ ਹਿਸਾਬ ਕਿਤਾਬ, ਜਾਦੂ ਦੀ ਚੁਟਕੀ ਨਾਲ ਸਾਹ ਨਿਕਲਦੇ ਸਾਰ ਇੱਥੇ ਹੀ ਮੁੱਕ ਗਿਆ? ਕੀ ਰੂਪ ਧਾਰ ਲਿਆ ? ਚੰਗੇ ਭਲੇ ਜੀਉਂਦੇ ਜਾਗਦੇ ਹੱਸਦੇ ਖੇਲਦੇ, ਕੀ ਭੂਤ ਪ੍ਰੇਤ ਬਣ ਗਏ? ਕਿਹੜੀ ਧਰਤੀ ਉੱਤੇ ਜਾ ਬਸੇਰਾ ਕੀਤਾ ? ਤਦੇ ਆਪੇ ਵਿੱਚ ਮਿਲਦੇ ਭੀ ਹਨ ਕਿ ਨਹੀਂ, ਸਾਨੂੰ ਯਾਦ ਕਰਦੇ ਹਨ ਜਾਂ ਉੱਕਾ ਹੀ ਸਾਡੀ ਯਾਦ ਦੀ ਉਨ੍ਹਾਂ ਦੇ ਮਨੋਂ ਪੱਟੀ ਮੇਸ ਹੋ ਗਈ ? ਕੀ ਸੋਚਦੇ ਹਨ, ਕੀ ਵਿਚਾਰਦੇ ਹਨ-ਜੇ ਹੈਨ। ਤੇ ਜੇ ਨਹੀਂ ਤਾਂ ਹਾਏ ਰੱਬਾ ਕਿੱਧਰ ਗਏ ?

"ਚਲੇ ਗਏ ਸਭ ਅਜ਼ਲ ਕੇ,
ਮੂੰਹ ਮੇਂ ਖੁਸ਼ਕੀ ਰਹੀ ਨਾ ਤਰੀ ਰਹੀ।"

ਮੁਲਕ ਹੇਠ ਉੱਤੇ ਕਰਨ ਵਾਲੇ, ਗਰਜ ਨਾਲ ਜ਼ਮੀਨ ਅਸਮਾਨ ਗੁੰਜਾਉਣ ਵਾਲੇ, ਅਕਲ, ਤੇ ਚਤੁਰਾਈ ਨਾਲ ਕਰੋੜਾਂ ਤੋਂ ਪਾਣੀ ਭਰਾਉਣ ਵਾਲੇ ਨਾਸ ਹੋ ਗਏ? ਖਿਆਲਾਂ ਦੇ ਕੋਟ ਕਰਨੀ ਦੇ ਭੰਡਾਰੇ, ਵਿਚਾਰਾਂ ਦੇ ਅਸਗਾਹ ਸਮੁੰਦਰ, ਸੁਰਤੀਆਂ ਦੇ ਹੜ੍ਹ, ਕੀ ਇੱਕ ਫੇਰੇ ਵਿੱਚ ਉੱਕਾ ਨਾਸ ਹੋ ਗਏ ? ਹੋਰਨਾਂ ਦਾ ਫ਼ਿਕਰ ਕਰਨਾ ਫ਼ਜ਼ੂਲ ਹੈ। ਸਭ ਤੋਂ ਡਰਾਉਣੀ ਗੱਲ ਤਾਂ ਇਹ ਹੈ ਕਿ ਸਾਨੂੰ ਆਪਣਾ ਭੀ ਪਤਾ ਨਹੀਂ ਜੁ ਮੌਤ ਦੇ ਮੂੰਹ ਵਿਖਾਂਦਿਆਂ ਸਾਰ ਅਸੀਂ ਆਪ ਕਿਹੜੇ ਰਾਹ ਪੈ ਜਾਵਾਂਗੇ। "ਤੁਮ ਰੋਵਹੁਗੇ ਉਸ ਕੋ ਤੁਮ ਕੋ ਕੌਣ ਰੋਈ।" ਏਥੇ ਤਾਂ ਮੁਕ ਜਾਵਾਂਗੇ ਪਰ ਕੀ ਏਹ ਕਿੱਸਾ ਲੱਕੜਾਂ ਨੂੰ ਲੰਬੂ ਲਗਦਿਆਂ ਸਾਰ ਉੱਕਾ ਹੀ ਮੁਕ ਜਾਵੇਗਾ ਜਾਂ ਕੁਝ ਬਾਕੀ ਰਹਿ ਜਾਵੇਗਾ? ਕੋਈ ਕਹਿੰਦਾ ਹੈ "ਮਾਟੀ ਮੇ ਮਾਟੀ ਮਿਲੀ ਪੌਣ ਮੇਂ ਪੌਣ।" ਕੋਈ ਕਹਿੰਦਾ ਹੈ ਜਮ ਆ ਕੇ ਮੁਸ਼ਕਾਂ ਬੰਨ੍ਹ ਕੇ ਧਰਮ ਰਾਜ ਦੀ ਕਚਹਿਰੀ ਵਿੱਚ ਪੇਸ਼ ਕਰਨਗੇ। ਕੋਈ ਕਹਿੰਦਾ ਹੈ ਮਿੱਟੀ ਵਿੱਚ ਪਏ ਗਲਦੇ ਸੜਦੇ ਰਹਾਂਗੇ ਜਦ ਤੀਕ ਫੇਰ

ਬਿਗਲ ਬਜਾ ਕੇ ਉੱਠਣ ਦਾ ਹੁਕਮ ਨਹੀਂ ਦਿੱਤਾ ਜਾਵੇਗਾ ਤੇ ਕੋਈ ਕਹਿੰਦਾ ਪੁੰਨਾਂ ਪਾਪਾਂ ਦਾ ਰਤਾ ਰਤਾ ਹਿਸਾਬ ਕਿਤਾਬ ਕੀਤਾ ਜਾਊ, ਛੂਟ ਛੋਟ ਕਈ ਨਹੀਂ ਹੋਊ, ਪੁੰਨਾਂ ਦੇ ਫਲ ਸੁਰਗ ਵਿੱਚ ਭੋਗਣੇ ਪੈਣਗੇ, ਪਾਪਾਂ ਦੇ ਨਰਕ ਦੀ ਅਗਨ ਵਿੱਚ....! ਗੱਲ ਕੀ ਕੋਈ ਕੁਛ ਕੋਈ ਕੁਛ, ਪਤਾ ਕਿਸੇ ਨੂੰ ਕੱਖ ਨਹੀਂ। ਵੱਡੇ ਵੱਡੇ ਸੰਤ ਮਹਾਤਮਾ ਭੀ ਮੌਤ ਦੀ ਬਾਬਤ ਜੋ ਕੁਛ ਗੋਲ ਮੋਲ ਦੱਸਦੇ ਹਨ ਜਾਂ ਸਾਨੂੰ ਸਮਝ ਨਹੀਂ ਆਉਂਦੀ ਤੇ ਜਾਂ ਉਨ੍ਹਾਂ ਨੂੰ ਭੀ ਪਤਾ ਨਹੀਂ। ਗੱਲ ਮੁੜ ਘਿੜ ਕੇ ਈਹੋ ਤੇ ਐਤਨੀ ਕੁ ਹੀ ਨਿਕਲਦੀ ਹੈ ਕਿ "ਮਰਨਾ ਸੱਚ ਤੇ ਜੀਉਣਾ ਝੂਠ।" ਇਹ ਦੁਨੀਆਂ ਦਾ ਗੁਲਜ਼ਾਰ, ਇਹ ਖਿੜੇ ਚਮਨ, ਇਹ ਰੌਣਕ ਤੇ ਨੌਚੰਦੀ ਦਾ ਮੇਲਾ, ਇਹ ਪੁੱਤ੍ਰ ਧੀਆਂ ਪਰਵਾਰ, ਇਹ ਮਾਣ ਤੇ ਰੰਗ ਰਲੀਆਂ, ਇਹ ਕੁਦਰਤ ਦੇ ਸੁਹਾਵਣੇ ਨਜ਼ਾਰੇ, ਇਹ ਹਿਮਾਲਾ, ਇਹ ਗੰਗਾ ਤੇ ਜਮਨਾ, ਬਲਕਿ ਆਹ ਮਾਮੂਲੀ ਲਹਿ ਲਹਿ ਕਰਦੇ ਬੇਲ ਬੂਟੇ ਸਭ ਏਥੇ ਰਹਿਣਗੇ ਪਰ ਅਫਸੋਸ ਕਿ ਅਸੀਂ ਨਹੀਂ ਹੋਵਾਂਗੇ।

ਇੱਕ ਫ਼ਰਾਂਸੀਸੀ ਲਿਖਾਰੀ ਕਹਿੰਦਾ ਹੈ "ਜੀਵਨ ਸੰਬੰਧੀ ਵਿਚਾਰ ਕਰਨ ਲਈ ਸਾਨੂੰ ਮੌਤ ਦੀ ਵਿਚਾਰ ਕਰਨੀ ਉਚਿੱਤ ਹੈ ਨਾ ਕਿ ਕਿਸੇ ਬੇ ਮਲੂਮ ਧੁੰਦਲੇ ਅੱਗੇ ਜਾਂ ਪੁਨਰਜੀਵਨ ਦੀ, ਜਿਥੇ ਅਸੀਂ ਨਹੀਂ ਹੋਵਾਂਗੇ। ਅੰਤ ਸਾਡਾ ਆਪਣਾ ਅੰਤ ਹੈ ਅਤੇ ਜੋ ਕੁਝ ਹੋਣਾ ਹੈ ਹੁਣ ਤੋਂ ਲੈ ਕੇ ਮਰਨ ਤੀਕ ਹੋ ਜਾਣਾ ਹੈ। ਛੱਡੋ ਗੱਲਾਂ ਖਿਆਲੀ ਪਰਲੋਕਾਂ ਦੀਆਂ ਜਿਨ੍ਹਾਂ ਨਾਲ ਸਾਡਾ ਦਿਲ ਬਾਲਾਂ ਵਾਂਗ ਪਰਚਿਆ ਰਹਿੰਦਾ ਹੈ, ਮੈਨੂੰ ਜਿਸ ਨੇ ਉੱਕਾ ਹੀ ਮੁੱਕ ਜਾਣਾ-ਕੌਮਾਂ ਤੇ ਜਮਾਤਾਂ ਦੇ ਕਿੱਸੇ ਨਾ ਸੁਣਾਓ, ਛੁੱਟ ਏਸ ਮਨੁੱਖੀ ਜੀਵਨ ਦੇ, ਜਿਸ ਦੀ ਵਿੱਥ ਬਾਲਕ ਦੇ ਪੰਘੂੜੇ ਤੋਂ ਲੈ ਕੇ ਮੌਤ ਤੀਕ ਹੈ, ਸਭ ਫੋਕੇ ਖਿਆਲ ਹਨ। ਲੋਕ ਮੈਨੂੰ ਉਸਤਾਦ ਆਖਦੇ ਹਨ ਕਿਉਂਕਿ ਮੇਰੇ ਸ਼ਬਦਾਂ ਤੇ ਖਿਆਲਾਂ ਵਿੱਚ ਕੁਝ ਜਾਦੂ ਹੈ ਪਰ ਸੱਚ ਜਾਣੋਂ ਮੌਤ ਦੇ ਮੁਹਰੇ ਮੈਂ ਇੱਕ ਭੈਭੀਤ ਬਾਲਕ ਵਾਂਗ ਹਾਂ।

ਬਾਦਸ਼ਾਹ ਸ਼ੱਦਾਦ ਨੇ ਆਪਣੀ ਪਰਜਾ ਦੇ ਲੱਖਾਂ ਮਜ਼ਦੂਰ ਲਾ ਕੇ ਇੱਕ ਬਾਗ਼ ਬਣਵਾਇਆ ਤੇ ਆਖਿਆ ਕਿ ਜਦ ਇਹ ਬਾਗ ਬਹਿਸ਼ਤ ਵਾਂਗ ਹੋ ਜਾਵੇਗਾ ਤਦ ਮੈਂ ਇਸ ਵਿੱਚ ਪੈਰ ਪਾਵਾਂਗਾ। ਬਾਗ ਦੇ ਬਹਿਸ਼ਤ ਬਣਨ ਵਿੱਚ ਹਾਲਾਂ ਕੁਝ ਕਸਰ ਸੀ ਕਿ ਸ਼ੱਦਾਦ ਨੂੰ ਮੌਤ ਲੈ ਗਈ। ਕਵੀ ਲਿਖਦਾ ਹੈ "ਬਾਗ਼ ਕੇ ਮਜ਼ਦੂਰ ਹੀ ਅੱਛੇ ਰਹੇ ਸ਼ੱਦਾਦ ਸੇ।" ਨਮਰੂਦ ਬਾਦਸ਼ਾਹ ਆਪਣੀ ਪਰਜਾ ਨੂੰ ਸਾਮ੍ਹਣੇ ਖਲਿਆਰ ਕੇ ਆਖਿਆ ਕਰਦਾ ਸੀ, 'ਮੈਨੂੰ ਸਿਜਦਾ ਕਰੋ, ਮੈਂ ਰੱਬ ਹਾਂ।' ਰਈਅਤ ਜ਼ਮੀਨ ਉੱਤੇ ਮੱਥੇ ਰਗੜਿਆ ਕਰਦੀ ਸੀ। ਇੱਕ ਦਿਨ

ਨਮਰੂਦ ਚਲ ਬਸਿਆ ਤੇ ਲੋਕ ਹੈਰਾਨ ਹੋ ਗਏ ਕਿ ਰੱਬ ਅਖਵਾਉਣ ਵਾਲਾ ਕਿੱਧਰ ਗਿਆ। ਸਿਕੰਦਰ ਜਿਹੜਾ ਆਪਣੇ ਬਾਪ ਨੂੰ ਆਖਿਆ ਕਰਦਾ ਸੀ ਬਾਪੂ ਜੀ ਮੁਲਕ ਫਤਹਿ ਕਰਨੇ ਬੱਸ ਕਰੋ, ਮੇਰੇ ਫ਼ਤਹਿ ਕਰਨ ਲਈ ਦੁਨੀਆਂ ਮੁਕ ਜਾਊ, ਸਾਰੇ ਦੇਸ਼ ਜਿਨ੍ਹਾਂ ਦਾ ਪਤਾ ਸੀ, ਫ਼ਤਹਿ ਕਰ ਕੇ ਇਕ ਦਿਨ ਅਚਾਨਕ ਚਲਾਣੇ ਕਰ ਗਿਆ ਤੇ ਮੌਤ ਤੋਂ ਪਹਿਲਾਂ ਆਖ ਗਿਆ ਕਿ ਮੇਰੇ ਖਾਲੀ ਹੱਥ ਕਫਨ ਤੋਂ ਬਾਹਰ ਰੱਖਣੇ ਤਾਕਿ ਦੁਨੀਆਂ ਨੂੰ ਸਾਬਤ ਹੋ ਜਾਵੇ ਕਿ ਮੈਂ ਨਾਲ ਕੁਝ ਨਹੀਂ ਲੈ ਚੱਲਿਆ।

'ਹਾਥ ਖਾਲੀ ਕਫਨ ਸੇ ਬਾਹਰ ਥਾ'

ਸੋਨੇ ਦੀ ਲੰਕਾ ਵਾਲੇ ਰਾਵਣ ਦੀ ਬਾਬਤ ਆਖਦੇ ਹਨ ਕਿ ਉਸ ਨੇ ਕਾਲ ਨੂੰ ਆਪਣੇ ਮੰਜੇ ਦੇ ਪਾਵੇ ਨਾਲ ਬੰਨ੍ਹਿਆ ਹੋਇਆ ਸੀ। ਉਸ ਲੰਕਾ ਪਤਿ ਦੇ ਮੂੰਹ ਵਿਚ ਪਾਉਣ ਲਈ ਅੰਤ ਸਮੇਂ ਰੱਤੀ ਭਰ ਸੋਨਾ ਭੀ ਨਾ ਮਿਲ ਸਕਿਆ। ਇੱਕ ਅਮਰੀਕਨ ਨਾਸਤਕ ਇੰਗਰਸੋਲ ਸਾਰੀ ਉਮਰ ਬੜੇ ਜ਼ੋਰ ਨਾਲ ਪਰਚਾਰ ਕਰਦਾ ਰਿਹਾ ਕਿ ਰੱਬ ਕੋਈ ਚੀਜ਼ ਨਹੀਂ। ਆਖਰ ਜਦ ਮੌਤ ਆਈ ਤਾਂ ਓੜਕ ਵੇਲੇ ਮੂੰਹੋਂ 'ਹਾਇ ਰੱਬਾ' ਨਿਕਲ ਹੀ ਗਿਆ।

ਆਮ ਗ੍ਰਹਿਸਤੀ ਦੇ ਬੁਲਬੁਲੇ ਵਰਗੇ ਜੀਵਨ ਨੂੰ ਦੇਖ ਕੇ ਪਤਾ ਨਹੀਂ ਲੱਗਦਾ ਕੀ ਕਰੀਏ, ਹੱਸੀਏ ਯਾ ਰੋਈਏ। ਜਿਸ ਤਰ੍ਹਾਂ ਕਿਸੇ ਨੂੰ ਬੜੇ ਸੋਹਣੇ ਗੁਲਜ਼ਾਰ ਵਿਚ ਲਿਆ ਵਾੜੀਏ ਜਿਥੇ ਅਨੇਕ ਰਸ ਰੰਗ ਖੁਸ਼ੀਆਂ ਬਹੁਤ ਪ੍ਰਕਾਰ ਦੇ ਰੰਗ ਹੋਣ ਤੇ ਆਖ ਦੇਈਏ ਕਿ ਜੋ ਕੁਛ ਭੋਗਣਾ ਈ ਭੋਗ ਲੈ, ਹੀਰੇ ਮੋਤੀ ਲਾਲਾਂ ਨਾਲ ਜਿੰਨੇ ਬੋਝੇ ਭਰਨੇ ਨੀ ਭਰ ਲੈਂ, ਤੇ ਜਦ ਉਹ ਪੁਛੇ ਕਿ ਫੇਰ ਕੀ ਹੋਵੇਗਾ ਤਾਂ ਉਸਨੂੰ ਇੱਕ ਹਨੇਰਾ ਦਰਵਾਜ਼ਾ ਦਿਖਾ ਦਿੱਤਾ ਜਾਵੇ ਕਿ ਫੇਰ ਜਿਸ ਤਰ੍ਹਾਂ ਔਹ ਭੀੜਾਂ ਮੋਤੀ ਜਵਾਹਰ, ਨਾਲ ਲੈ ਜਾਣ ਦੀ ਸਮਰਥਾ ਖੁਣੋਂ, ਪਿਛੇ ਸੁੱਟ ਕੇ ਓਸ ਧੂਏਂਧਾਰ ਬੂਹੇ ਵਿਚ ਧੂਆਂ ਹੋ ਜਾਂਦੇ ਹਨ ਤੈਨੂੰ ਭੀ ਏਸੇ ਰਾਹ ਜਾਣਾ ਪਵੇਗਾ। ਤੇ ਇਸ ਦੇ ਦੂਜੇ ਪਾਰ ਕੀ ਹੈ ? ਕਿਸੇ ਨੂੰ ਕੱਖ ਪਤਾ ਨਹੀਂ। 'ਮੈਂ ਕਿਥੇ ਰਹਾਂਗਾ, ਕੀ ਪਹਿਨਾਂਗਾ, ਕੀ ਖਾਵਾਂਗਾ ? ਕੋਈ ਪਤਾ ਨਹੀਂ। ਖਾਣ ਪਹਿਨਣ ਦੀ ਤਾਂ ਅਲਖ ਏਥੇ ਹੀ ਮੁੱਕ ਜਾਣੀ ਹੈ ਕਿਉਂਕਿ ਖਾਣ ਪਹਿਨਣ ਵਾਲਾ ਐਥੇ ਵੇਖਦਿਆਂ ਵੇਖਦਿਆਂ ਉਸ ਅੱਗ ਧੂਲ ਵਿਚ ਬਲ ਕੇ ਸੁਆਹ ਹੋ ਜਾਣਾ ਹੈ। ਤੇ ਮੈ............?' ਬਸ ਹੋਰ ਕਿਸੇ ਨੂੰ ਕੁਝ ਪਤਾ ਨਹੀਂ। ਏਨੀ ਗੱਲ ਬਾਤ ਕਰਕੇ, ਗੁਲਜ਼ਾਰ ਦੀ ਮੌਜ ਦਾ ਅੰਤ ਤੇ ਸਿੱਟਾ ਐਨ ਸਾਹਮਣੇ ਵੇਖ ਕੇ ਭੀ, ਇਹ ਬੰਦਾ ਅਜਿਹੀ ਮਿੱਟੀ ਦਾ ਬਣਿਆ ਹੋਇਆ ਹੈ, ਅਜਿਹਾ ਅਭਿੱਜ ਪੱਥਰ ਹੈ, ਤੇ ਜਾਂ ਅਕਲ ਦਾ ਹੀਣਾ ਹੈ ਕਿ :-

"ਜੋ ਛਡਨਾ ਸੁ ਅਸਥਿਰੁ ਕਰਿ ਮਾਨੈ।
ਜੋ ਹੋਵਨੁ ਸੋ ਦੂਰਿ ਪਰਾਨੈ।
ਛੋਡਿ ਜਾਇ ਤਿਸ ਕਾ ਸ੍ਰਮੁ ਕਰੈ।
ਸੰਗਿ ਸਹਾਈ ਤਿਸੁ ਪਰਹਰੈ।"

ਚਾਹੀਦਾ ਤਾਂ ਭਲੇ ਲੋਕ ਨੂੰ ਇਹ ਸੀ ਕਿ ਸਿਆਣਿਆਂ ਵਾਂਗ ਕਹਿੰਦਾ ਭਈ ਪਹਿਲਾਂ ਇਸ ਧੂਏਂਧਾਰ ਦਰਵਾਜ਼ੇ ਦੀ ਪੜਤਾਲ ਕਰ ਲਈਏ, ਫੇਰ ਵੇਖੀ ਜਾਊ, ਝੋਲੀ ਵੀ ਭਰ ਲਵਾਂਗੇ ਕਿਉਂਕਿ ਜੇ ਭਰੀ ਭਰਾਈ ਇਥੇ ਹੀ ਰਹਿ ਜਾਣੀ ਹੈ ਤਾਂ ਖੇਚਲ ਹੀ ਕੀ ਕਰਨੀ ਹੈ ?

ਸਾਡੀ ਸਾਰੀ ਉਮਰ ਇਸੇ ਤਰ੍ਹਾਂ ਬੀਤ ਜਾਂਦੀ ਹੈ। ਮੌਤ ਦਾ ਫਿਕਰ ਤਾਂ ਕੀ ਮੌਤ ਦਾ ਨਾਮ ਲੈਣਾ, ਮੌਤ ਦੀ ਗੱਲ ਕਰਨੀ, ਮੌਤ ਸੰਬੰਧੀ ਵਿਚਾਰ ਕਰਨੀ ਹੀ ਵਿਵਰਜਿਤ ਹੈ। ਜਿਸ ਤਰ੍ਹਾਂ ਬਿੱਲੀ ਨੂੰ ਵੇਖਕੇ ਕਬੂਤਰ ਅੱਖੀਆਂ ਮੀਟ ਲੈਂਦਾ ਹੈ ਜਾਂ ਜਿਸ ਤਰ੍ਹਾਂ ਹੜ੍ਹ ਵਿਚ ਰੁੜ੍ਹਿਆ ਜਾ ਰਿਹਾ ਬੰਦਾ ਕੱਖਾਂ ਕੰਡਿਆਂ ਨੂੰ ਜੱਫਾਂ ਮਾਰ ਕੇ ਮੂੰਹ ਪਿਛਾਹਾਂ ਨੂੰ ਕਰਕੇ ਸਮਝਦਾ ਹੈ ਸੁੱਖ ਹੈ, ਓਹੀ ਹਾਲ ਸਾਡਾ ਹੈ। ਅਸੀਂ ਕਦੀ ਬੈਠਕੇ, ਨੀਅਤ ਠਾਨ ਕੇ ਮੌਤ ਸਬੰਧੀ ਏਨੀਆਂ ਗੱਲਾਂ ਭੀ ਨਹੀਂ ਕੀਤੀਆਂ ਜਿੰਨੀਆਂ ਦਾਲ ਸਲੂਣੇ ਦੀਆਂ ਕਰਦੇ ਹਾਂ। ਭਾਵੇਂ ਹਰ ਇਕ ਦੇ ਦਿਲ ਵਿਚ ਮੌਤ ਦਾ ਡਾਢਾ ਭਿਆਨਕ ਚਿੱਤਰ ਹੈ ਪਰ ਉਪਰੋਂ ਮੌਤ ਨੂੰ ਚੰਗੇ ਚੰਗੇ ਨਾਉਂ ਧਰ ਕੇ ਭੁੱਲਣਾ ਚਾਹੁੰਦੇ ਹਾਂ। 'ਸੁਰਗਵਾਸ' 'ਕਮਰਕੱਸਾ' 'ਅਕਾਲ ਚਲਾਣਾ' 'ਜੋਤੀ ਜੋਤ ਸਮਾਣਾ' ਇਤਿ ਆਦਿਕ। ਜਦ ਕੋਈ ਮਰਗ ਹੋਵੇ ਤਾਂ ਮਰਨ-ਵਾਲੇ ਸੰਬੰਧੀਆਂ ਨਾਲ ਲੋਕਾਚਾਰੀ ਵਾਲੀ ਰਹੁਰੀਤ ਦੀ ਹਮਦਰਦੀ ਕਰਦਿਆਂ ਮੌਤ ਸਬੰਧੀ ਵੱਡੇ ਵੱਡੇ ਅਖਾਣ ਤੇ ਕਥਾਵਾਂ ਸੁਣਾਉਂਦੇ ਹਾਂ ਪਰ ਇਹ ਨਿਸ਼ਚਾ ਤਦ ਭੀ ਚੰਗੀ ਤਰ੍ਹਾਂ ਨਹੀਂ ਹੁੰਦਾ ਕਿ ਅਸੀ ਭੀ ਏਸੇ ਤਰ੍ਹਾਂ ਚੱਲ ਬਸਾਂਗੇ। ਅਕਲਮੰਦੀ ਇਸ ਵਿਚ ਹੈ ਕਿ ਜਿਸ ਪ੍ਰੀਖਿਆ ਵਿਚ ਦੀ ਲੰਘਣਾ ਹੋਵੇ ਬੰਦਾ ਮੌਕੇ ਤੋਂ ਪਹਿਲਾਂ ਘੱਟੋ ਘੱਟ ਏਨਾ ਜ਼ਰੂਰ ਮਿਥ ਲਵੇ ਕਿ ਮੈਂ ਓਸ ਮੌਕੇ ਤੇ ਕੀ ਕਰਾਂਗਾ ਯਾ ਮਨ ਵਿੱਚ ਕੀ ਧਾਰਾਂਗਾ। ਜੋ ਬੰਦੇ ਮੌਤ ਵਰਗੀ ਕਰੜੀ ਤੇ ਮਹਾਨ ਪ੍ਰੀਖਿਆ ਸੰਬੰਧੀ ਸੋਚਣਾ ਤਾਂ ਕੀ ਸਗੋਂ ਸਾਰੀ ਉਮਰ ਇਸ ਨੂੰ ਨਜ਼ਰੋਂ ਓਹਲੇ ਕਰੀ ਰੱਖਦੇ ਹਨ, ਉਨ੍ਹਾਂ ਨਾਲੋਂ ਭਲਾ ਕੌਣ ਹੋ ਸਕਦਾ ਹੈ। ਉਨ੍ਹਾਂ ਦੀ ਓਸ ਵੇਲੇ ਦੀ ਮਹਾਂ ਭਿਆਨਕ ਦਸ਼ਾ, ਕਲੋਲ ਕਰਦੀਆਂ ਚਿੜੀਆਂ ਨੂੰ ਬਾਜ ਪੈ ਜਾਣ ਵਾਲੀ ਬੇਬਸੀ, ਗੀਤ ਗਾਉਂਦੇ ਦਾਦਰ ਨੂੰ ਸੱਪ ਦੇ ਮੂੰਹ ਫਸ ਜਾਣ ਵਾਲੀ ਲਾਚਾਰੀ ਨੂੰ ਕੌਣ

ਅਨੁਭਵ ਕਰ ਸਕਦਾ ਹੈ ? ਤਾਂ ਤੇ ਜ਼ਰੂਰੀ ਹੈ ਕਿ ਜਿਸ ਨਾਲ ਓੜਕ ਨੂੰ ਟਾਕਰਾ ਹੋਣਾ ਹੈ ਉਸ ਦੇ ਚਿਹਨ ਚੱਕ੍ਰ, ਉਸ ਦੇ ਰੂਪ, ਉਸ ਦੇ ਸੁਭਾਵ ਦਾ ਚੰਗੀ ਤਰ੍ਹਾਂ ਅੱਖੀਆਂ ਖੋਲ੍ਹ ਕੇ ਰੱਬ ਦੀਆਂ ਬਖਸ਼ੀਆਂ ਸ਼ਕਤੀਆਂ ਨੂੰ ਭਲੀ ਪ੍ਰਕਾਰ ਵਰਤੋਂ ਵਿਚ ਲਿਆ ਕੇ, ਅੰਦਾਜ਼ਾ ਲਾ ਕੇ ਮਨ ਵਿਚ ਰੱਖ ਛੱਡੀਏ ਤਾਂਕਿ ਵੇਲੇ ਸਿਰ ਘੱਟੋ ਘੱਟ ਇਹ ਪਛਤਾਵਾ ਤਾਂ ਨ ਰਹਿ ਜਾਵੇ ਕਿ ਹਾਏ ਕਦੇ ਇਸ ਦਾ ਖਿਆਲ ਹੀ ਨਾ ਸੀ ਕੀਤਾ।

ਮੌਤ ਦਾ ਖਿਆਲ ਸਾਰਿਆਂ ਦੇ ਦਿਲ ਵਿਚ ਮਾੜਾ ਮੋਟਾ ਜ਼ਰੂਰ ਰਹਿੰਦਾ ਹੈ ਪਰ ਨਿੱਤ ਦੇ ਵਿਵਹਾਰਕ ਖਿਆਲਾਂ ਦੇ ਢੇਰ ਹੇਠ ਦਬਿਆ ਹੋਇਆ ਆਦਮੀ ਆਪਣੀ ਵਲੋਂ ਉਹੋ ਜਿਹਾ ਉਪਾਉ ਭੀ ਕਰ ਛੱਡਦਾ ਹੈ ਜਿਹਾ ਕਿ ਗੁਰਦੁਆਰੇ ਮੱਥਾ ਟੇਕਣਾ, ਪੁੰਨ ਦਾਨ, ਪਾਠ ਕਰਾਣਾ, ਕਥਾ ਖੁਲ੍ਹਾ ਦੇਣੀ, ਤੀਰਥ ਯਾਤਰਾ ਆਦਿਕ। ਆਦਮੀ ਭਾਵੇਂ ਆਪਣੇ ਆਪ ਵਿੱਚ ਵੱਡਾ ਹੁਸ਼ਿਆਰ, ਸਿਆਣਾ ਤੇ ਚਤੁਰ ਬਣਦਾ ਹੈ ਪਰ ਨਾਲ ਹੀ ਇਹ ਵੀ ਕੁਝ ਖਿਆਲ ਰਹਿੰਦਾ ਹੈ ਕਿ ਸਭ ਕੁਝ ਆਪਣੇ ਹੱਥ ਨਹੀਂ। ਅੰਞਾਣੇ ਬਾਲ ਵਾਂਗ ਕੁਝ ਡਰ ਨਾਲ, ਕੁਛ ਗੌਂ ਕੱਢਣ ਦੀ ਲਾਲਸਾ ਨਾਲ ਉਹ ਰੱਬ ਮੂਹਰੇ ਕਈ ਤਰ੍ਹਾਂ ਦੀ ਖੁਸ਼ਾਮਦ ਕਰਦਾ ਰਹਿੰਦਾ ਹੈ ਜਿਸ ਤਰ੍ਹਾਂ ਕੋਈ ਮਾੜਾ ਆਦਮੀ ਜ਼ੋਰਾਵਰ ਦੀ ਈਨ ਮੰਨ ਲੈਂਦਾ ਹੈ।

ਦੁਨੀਆਂ ਨੂੰ ਖੇਡ ਪਿਆਰੀ ਹੈ, ਸੇਵਾ ਜਾਂ ਫਰਜ਼ ਦਾ ਖਿਆਲ ਨਾਮ ਮਾਤ੍ਰ ਹੈ—ਕੋਟ ਮਧੇ ਕਉ ਬਿਰਲਾ ਸੇਵਕ ਹੋਰ ਸਗਲੇ ਬਿਉਹਾਰੀ। ਇਸ ਵਿਚ ਕੀ ਸ਼ੱਕ ਹੈ ਕਿ ਦੁਨੀਆਂ ਵਿੱਚ ਜਿੰਨੀ ਪੂਜਾ ਰੱਬ ਦੀ ਹੈ ਉਹ ਬਿਉਹਾਰ ਵਜੋਂ ਹੈ ਤਾਂਕਿ ਅਉਖੀ ਘੜੀ ਉਹ ਕਿਵੇਂ ਨਾ ਕਿਵੇਂ ਸੌਖ ਨਾਲ ਲੰਘਾ ਦੇਵੇ-ਲੋਗਨ ਰਾਮੁ ਖਿਲਾਉਨਾ ਜਾਨਾ। ਪਰ ਨਾ ਤਾਂ ਰੱਬ ਸਾਨੂੰ ਡਰਾ ਕੇ ਸਹਿਮੇ ਹੋਏ ਬੱਚਿਆਂ ਵਾਂਗ ਰੱਖ ਕੇ ਆਪਣੀ ਖੁਸ਼ਾਮਦ ਕਰਵਾ ਕੇ ਖੁਸ਼ ਹੈ ਤੇ ਨਾ ਅਸਾਡੀ ਅਜਿਹੀ ਪੂਜਾ ਗੁਣਦਾਇਕ ਹੋ ਸਕਦੀ ਹੈ। ਅਉਗੁਣਾਂ ਦੀ ਪਾਲਣਾ ਅਸੰਭਵ ਹੈ। ਹਾਂ ਜਿਨ੍ਹਾਂ ਦੀ ਪੂਜਾ ਪੱਕੇ ਪੈਰਾਂ ਉੱਤੇ ਹੈ ਉਹਨਾਂ ਨੂੰ ਸ਼ਾਇਦ ਮੌਤ ਦਾ ਭੇਦ ਪਤਾ ਲੱਗ ਜਾਵੇ। ਪਰ ਅੱਜ ਤੀਕ ਕਿਸੇ ਨੇ ਨਿਸਚਾ ਦਿਵਾ ਕੇ, ਖਲੋ ਕੇ ਨਹੀਂ ਦੱਸਿਆ, ਸਗੋਂ ਇਹ ਆਖਦੇ ਰਹੇ ਹਨ :—

'ਕਹੁ ਕਬੀਰ ਗੂੰਗੇ ਗੁੜ ਖਾਇਆ
ਪੂਛੇ ਤੇ ਕਿਆ ਕਹੀਐ।'

ਚੰਗਾ ਤਾਂ ਇਹ ਹੈ, ਆਪ ਭੀ 'ਗੂੰਗਾ' ਬਣਨ ਦੇ ਜਤਨ ਕਰੇ ਜੋ ਕਿ ਡਾਢੀ ਔਖੀ ਗੱਲ ਹੈ :—

ਮਹਾਂ ਭੇਦ ਦੇ ਖੁਲ੍ਹਣ ਨਾਲ ਸਾਰੇ ਨਿੱਕੇ ਮੋਟੇ ਭੇਦ ਖੁੱਲ ਜ਼ਰੂਰ ਜਾਂਦੇ ਹੋਣੇ ਹਨ ਪਰ ਇਸ ਮਾਰਗ ਨੂੰ ਗ੍ਰਹਿਣ ਵਿਰਲੇ ਹੀ ਕਰਦੇ ਹਨ। ਆਮ ਲੋਕਾਂ ਲਈ ਤਾਂ ਇਹ ਤਰੀਕਾ ਹੈ ਕਿ ਉਨ੍ਹਾਂ ਸ਼ਕਤੀਆਂ ਨਾਲ, ਜਿਹੜੀਆਂ ਕਿ ਦੇਣ ਵਾਲੇ ਨੇ ਹਰ ਇਕ ਨੂੰ ਦੇ ਰੱਖੀਆਂ ਹਨ, ਇਸ ਅੜਾਉਣੀ ਦੇ ਜਿੰਨੇ ਕੁ ਵਲ ਸੁਲਝਾ ਸਕਣ ਸੁਲਝਾਉਣ। ਆਖਰ ਦੁਨੀਆਂ ਖਾਣਪੀਣ ਤੇ ਫਿਰ ਤੁਰ ਕੇ ਮਿਹਨਤ ਮੁਸ਼ੱਕਤ ਨਾਲ ਧਰਤੀ ਦੇ ਵਿਸ਼ਿਆਂ ਨੂੰ ਭੋਗਣ ਲਈ ਭੀ ਤਾਂ ਅਨੇਕਾਂ ਕਠਿਨ ਯਤਨ ਕਰਦੀ ਹੀ ਹੈ। ਏਸੇ ਤਰ੍ਹਾਂ ਇਹ ਭੀ ਜ਼ਰੂਰੀ ਹੈ ਕਿ ਆਮ ਆਦਮੀ ਮੌਤ ਨੂੰ ਆਮ ਖਿਆਲਾਂ ਤੇ ਡੂੰਘੀ ਅਕਲ ਸੋਚ ਨਾਲ ਸਮਝਣ ਦਾ ਯਤਨ ਕਰਨ ਅਤੇ ਉਨ੍ਹਾਂ ਸ਼ਕਤੀਆਂ ਤੇ ਤਰੀਕਿਆਂ ਨਾਲ ਖੋਜ ਕਰਨ ਜਿਨ੍ਹਾਂ ਵਿੱਚ ਕੋਈ ਭੇਦ ਅਤੇ ਕਰਮ ਇੰਦ੍ਰੀਆਂ ਨਾਲ ਨਾ ਭਾਸਣ ਵਾਲੀ ਹਵਾਈ ਜਾਂ ਛੂ ਮੰਤਰ ਵਾਲੀ ਗੱਲ ਨਹੀਂ।

ਇਕ ਇਹ ਖਿਆਲ ਭੀ ਜ਼ੋਰਾਂ ਤੇ ਹੈ ਕਿ ਰੱਬ ਦਾ ਜਾਂ ਰੱਬ ਵਾਲਿਆਂ ਦਾ ਅਕਲ ਦਿਮਾਗ, ਸੋਚ ਵਿਚਾਰ ਨਾਲ ਕੋਈ ਸੰਬੰਧ ਨਹੀਂ। ਏਸ ਖਿਆਲ ਦੇ ਪ੍ਰਭਾਵ ਨਾਲ ਹੀ ਅਨੇਕਾਂ ਕੁਰੀਤੀਆਂ ਤੇ ਅਧਰਮ, ਧਰਮ ਦੇ ਨਾਮ ਪਰ ਕੀਤੇ ਜਾਂਦੇ ਹਨ। ਲੋਕਾਂ ਨੂੰ ਏਹ ਭੁੱਲ ਗਿਆ ਹੈ ਕਿ ਰੱਬ ਦਾ ਨਾਮ ਨਾ ਲੈਂਦੇ ਹੋਏ, ਉਸ ਨੂੰ ਮੱਥੇ ਨਾ ਟੇਕਦੇ ਹੋਏ ਸੱਚ ਬੋਲਣਾ, ਸੁਕ੍ਰਿਤੀ ਕਰਨੀ, ਹਰ ਇਕ ਨਾਲ ਧਰਮ ਕਰਨਾ ਭੀ ਰੱਬ ਦੀ ਹੀ ਪੂਜਾ ਹੈ। ਇਸੇ ਤਰ੍ਹਾਂ ਮਨੁੱਖੀ ਸ਼ਕਤੀਆਂ ਤੇ ਮੌਤ ਦੇ ਭੇਦਾਂ ਨੂੰ ਖੋਜਣ ਦਾ ਜਤਨ ਕਰਨਾ ਭੀ ਭਗਤੀ ਦੀ ਇਕ ਪੌੜੀ ਹੈ ਅਤੇ ਜੇ ਦੂਜੇ ਪਾਸਿਓਂ ਕੋਈ ਇਹ ਆਖੇ ਕਿ ਰੱਬ ਤਾਂ ਕੋਈ ਚੀਜ਼ ਨਹੀਂ ਤਦ ਸਗੋਂ ਹੋਰ ਵਧੇਰੇ ਜ਼ਰੂਰੀ ਹੋ ਜਾਂਦਾ ਹੈ ਕਿ ਇਨ੍ਹਾਂ ਮਾਮਲਿਆਂ ਨੂੰ ਸੋਚ ਵਿਚਾਰ ਦੁਆਰਾ ਖੋਜੀਏ। ਹਰ ਹੀਲੇ ਇਹ ਸਿੱਟਾ ਨਿਕਲਦਾ ਹੈ ਕਿ ਜੇ ਆਦਮੀ ਆਪਣੀ ਰੋਜ਼ੀ ਲਈ, ਨਿੱਤ ਦੇ ਵਿਵਹਾਰਾਂ ਲਈ, ਕੰਮ ਧੰਦੇ, ਹੁਨਰ ਵਿਦਿਆ ਲਈ ਐਨੀ ਸੋਚ ਵਿਚਾਰ ਕਰਦਾ ਹੈ ਤੇ ਅਡੰਬਰ ਰਚਦਾ ਹੈ ਤਦ ਮੌਤ ਜੇਹੀ ਅਟੱਲ ਤੇ ਭੈ ਦੇਣ ਵਾਲੀ ਘਟਨਾ ਉੱਤੇ, ਇਹ ਗੱਲ ਲਾਂਭੇ ਰੱਖ ਕੇ ਕਿ ਰੱਬ ਹੈ ਜਾਂ ਨਹੀਂ, ਕਿਉਂ ਸੋਚ ਵਿਚਾਰ ਨਾ ਕਰੇ।

੨

ਜਨਮ ਮਰਨ ਦਾ ਦੁੱਖ

ਆਮ ਲੋਕਾਂ ਨੂੰ ਸਾਧਾਂ ਸੰਤਾਂ ਦੇ ਬਚਨ ਸੁਣਕੇ ਅਤੇ ਧਾਰਮਕ ਗ੍ਰੰਥ ਵਿੱਚ 'ਜਨਮ ਮਰਨ ਦਾ ਭੈ' ਪੜ੍ਹਕੇ ਖੁਟਕਾ ਜਿਹਾ ਲੱਗ ਰਹਿੰਦਾ ਹੈ ਕਿ ਜਨਮ ਅਤੇ ਮਰਨ ਸਮੇਂ ਖਾਸ ਕਿਸਮ ਦਾ ਅਨੋਖਾ ਦੁਖ ਜਾਂ ਪੀੜ ਹੁੰਦੀ ਹੋਣੀ ਹੈ। ਗੂੜ੍ਹੀ ਵਿਚਾਰ ਦੇ ਘਾਟੇ ਕਰ ਕੇ ਇੱਕ ਭੈ ਜਿਹਾ ਦਿਲ ਵਿੱਚ ਸਮਾਇਆ ਰਹਿੰਦਾ ਹੈ। ਕੀ ਜਨਮ ਮਰਨ ਦੀ ਘੜੀ ਦੇ ਕੋਈ ਨਰਾਲੇ ਕਸ਼ਟ ਹਨ ? ਮਰਨ ਦੀ ਘੜੀ ਹਾਲਾਂ ਨਹੀਂ ਆਈ ਪਰ ਜਨਮ ਤਾਂ ਅਸਾਂ ਸਾਰਿਆਂ ਲਿਆ ਹੈ। ਕੀ ਕਿਸੇ ਨੂੰ ਕੋਈ ਖਾਸ ਪੀੜ ਯਾਦ ਹੈ ? ਜਨਮ ਦੇਣ ਵਾਲੀਆਂ ਵਿਚਾਰੀਆਂ ਮਾਵਾਂ ਨੂੰ ਤਾਂ ਉਹ ਘੜੀਆਂ ਚੰਗੀਆਂ ਯਾਦ ਹਨ ਪਰ ਜਨਮ ਧਾਰਣ ਵਾਲਿਆਂ ਨੂੰ ਕੱਖ ਯਾਦ ਨਹੀਂ, ਉਨ੍ਹਾਂ ਭਾਣੇ ਉਹ ਧੁਰ ਦਰਗਾਹੋਂ ਹਵਾ ਉੱਤੇ ਉਡਦੇ ਫੁੱਲ ਵਾਂਗ ਏਸ ਧਰਤੀ ਉੱਤੇ ਆ ਬਿਰਾਜੇ ਸਨ। ਜੇ ਦੁੱਖ ਹੈ ਸੀ ਤਾਂ ਯਾਦ ਨਹੀਂ। ਏਸੇ ਤਰ੍ਹਾਂ ਮਰਨ ਦਾ ਦੁੱਖ, ਜੇ ਮਰਨ ਤੋਂ ਪਿੱਛੋਂ ਅਸੀਂ ਰਹੇ ਤੇ ਸਾਡੇ ਵਿੱਚ ਯਾਦ ਭੀ ਰਹੀ ਤਾਂ ਸਾਨੂੰ ਯਾਦ ਰਹੇਗਾ। ਬਾਹਲੀ ਪਰਤੀਤ ਏਸ ਗੱਲ ਦੀ ਹੈ ਕਿ ਜਨਮ ਵਾਂਗ ਮਰਨ ਭੀ ਚੇਤੇ ਨਹੀਂ ਰਹਿਣਾ। ਸਵਾਲ ਉਠਦਾ ਹੈ ਕਿ ਫੇਰ 'ਇਹ ਜਨਮ ਮਰਨ ਦਾ ਦੁੱਖ' ਕੀ ਹੋਇਆ?

ਅਸਲ ਵਿੱਚ ਸਾਰੀ ਗੱਲ ਸੁਰਤ ਦੀ ਹੈ ਜਾਂ ਯਾਦਦਾਸ਼ਤ ਦੀ ਹੈ। ਜਹਾਨ ਮਗਰੋਂ ਹੈ ਸਾਡੀ ਸੁਰਤ ਆਪਾ (Consciousness) ਤੇ ਅਸੀਂ ਪਹਿਲੋਂ ਹਾਂ। ਇਸ ਆਪੇ ਨਾਲ ਜਹਾਨ ਭਾਸਦਾ ਹੈ। ਨਯਾਇ ਵਾਲੇ ਤਾਂ ਏਸ ਹੱਦ ਤੱਕ ਭੀ ਜਾਂਦੇ ਹਨ ਕਿ ਅਸੀਂ ਕੇਵਲ ਆਪ ਸੁਰਤੀ ਵਾਲੇ ਹਾਂ ਤੇ ਜਹਾਨ ਕੋਈ ਸ਼ੈ ਨਹੀਂ, ਇਹ ਜੋ ਦਿਸਦਾ ਸੁਣਦਾ ਹੈ ਸਭ ਭਰਮ ਹੈ ਅਸਲ ਵਿੱਚ ਕੁਝ ਨਹੀਂ। ਪਰ ਖ਼ੈਰ, ਏਨੀ ਗੱਲ ਜ਼ਰੂਰ ਹੈ ਕਿ ਸਾਡੀ ਆਪਣੀ ਸੁਰਤ, ਹੋਸ਼ ਜਾਂ ਸੋਝੀ- ਪਹਿਲੀ ਗੱਲ-ਜ਼ਰੂਰੀ ਹੈ ਜਿਸ ਨਾਲ ਜਹਾਨ ਭਾਸ ਰਿਹਾ ਹੈ। ਜੇ ਬੈਠੇ ਬੈਠੇ ਅੱਖ ਲਗ ਜਾਵੇ ਤਾਂ ਨਾ ਆਪਾ ਰਹਿੰਦਾ ਹੈ ਨਾ ਜਹਾਨ ਤੇ ਪਹਿਲਾਂ ਜਹਾਨ

ਨੂੰ ਵੇਖਣ ਵਾਲਾ ਇਸ ਨੂੰ ਵਿਚਾਰਨ ਵਾਲਾ ਜੀਉ ਹੈ—ਅਸੀਂ ਹਾਂ। ਏਸ ਸਾਰੀ ਗੱਲ ਦਾ ਸੰਖੇਪ ਸਿੱਟਾ ਇਹ ਨਿਕਲਦਾ ਹੈ ਕਿ ਗੱਲਾਂ ਜ਼ਰੂਰ ਹਨ—ਪਹਿਲੀ ਇਹ ਕਿ ਜਨਮ ਤੋਂ ਪਹਿਲਾਂ ਨਾ ਹੋਵੀਏ ਤਾਂ ਜਨਮ ਦਾ ਡਰ ਕਿਸਨੂੰ ਹੋਵੇ ਤੇ ਮਰਨ ਤੋਂ ਪਿੱਛੋਂ ਨਾ ਹੋਵੀਏ ਤਾਂ ਇਹ ਫ਼ਿਕਰ ਹੀ ਕੀ ਹੈ ਕਿ ਮਰਨ ਦਾ ਦੁੱਖ ਨਾ ਝੱਲਣਾ ਪਵੇ। ਦੂਜੀ ਗੱਲ ਇਹ ਹੈ ਕਿ ਜਨਮ ਮਰਨ ਕਰਕੇ ਜੋ ਉਤਾਰ-ਚੜਾਊ ਵਾਪਰਦੇ ਹਨ ਤੇ ਗੇੜ ਪੈਂਦਾ ਹੈ ਉਸ ਦੇ ਦੁੱਖਾਂ ਦੀ ਯਾਦ ਸਾਡੇ ਵਿੱਚ ਹੁੰਦੀ ਹੈ ਜਿਸ ਕਰਕੇ ਅਸੀਂ ਚਾਹੁੰਦੇ ਹਾਂ ਕਿ ਮੁੜ ਕੇ ਏਸ ਗੇੜ ਵਿੱਚ ਨਾ ਪਈਏ। ਜਿਨ੍ਹਾਂ ਨੇ ਕਮਾਈ ਨਾਲ ਆਪਣੀ ਯਾਦਦਾਸ਼ਤ ਲੰਮੀ ਅਤੇ ਜਨਮਾਂ ਜਨਮਾਤ੍ਰਾਂ ਦੀ ਕਰ ਲਈ ਹੈ ਉਹੀ ਏਸ "ਆਉਣੇ ਜਾਉਣੇ ਖਰੇ ਡਰਾਉਣੇ" ਨੂੰ ਭਲੀ ਪ੍ਰਕਾਰ ਵੇਖਕੇ ਦਿਲੋਂ ਪੁਕਾਰ ਕਰਦੇ ਹਨ ਕਿ ਕਿਵੇਂ ਏਸ ਕੋਹਲੂ ਦੇ ਬਲਦ ਵਾਲੇ ਚੱਕਰ ਤੋਂ ਛੁਟਕਾਰਾ ਮਿਲੇ, ਨਹੀਂ ਤਾਂ ਖਾਸ ਜਨਮ ਅਤੇ ਮਰਨ ਦੀ ਘੜੀ ਦਾ ਕੋਈ ਵੱਡਾ ਦੁੱਖ ਨਹੀਂ ਹੈ। ਜਿਨ੍ਹਾਂ ਨੇ ਹੱਸ ਹੱਸ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਤੇ ਬੰਦ ਬੰਦ ਕਟਾਏ ਉਨ੍ਹਾਂ ਮਮੂਲੀ ਮਰਨ ਦੀ ਕੰਡੇ ਜਿਹੀ ਪੀੜ ਤੋਂ ਕੀ ਘਾਬਰਨਾ ਹੋਇਆ। ਨਹੀਂ ਨਹੀਂ, ਇਹ ਦੁੱਖ ਮਰਨ ਦੀ ਘੜੀ ਦਾ ਦੁੱਖ ਨਹੀਂ, ਇਹ ਭੈ ਅੰਤਲੇ ਸਾਸਾਂ ਦੇ ਨਿਕਲਣ ਦਾ ਨਹੀਂ, ਇਹ ਜਨਮ ਮਰਨ ਦਾ ਭੈ ਓਸ ਲੰਮੇ ਕਿੱਸੇ ਦੇ ਨਿਤ ਨਵੇਂ ਦੁਖਾਂ ਦਾ ਹੈ ਜੋ ਏਸ ਜਨਮ ਮਰਨ ਦੇ ਕਾਰਨ ਭੋਗਣੇ ਪੈਂਦੇ ਹਨ। ਇਸ ਓਸ ਸਾਰੀ ਕੰਡਿਆਲੀ ਸੇਜ ਦੀ ਪੀੜ ਵੱਲੋਂ ਘ੍ਰਿਣਾ ਦੀ ਪੁਕਾਰ ਹੈ, ਓਸੇ ਵਿਛੋੜੇ ਦੇ ਹਾਹੁਕੇ ਹਨ ਜੋ ਜੀਵ ਨੂੰ ਪ੍ਰਤੀਤ ਹੁੰਦਾ ਹੈ। ਉਸ ਰਜਾਈਆਂ ਦੇ ਰੋਗ ਨਾਗ-ਨਿਵਾਸਾਂ ਦੇ ਰਹਿਣ ਦੀ ਭਲੀ ਪ੍ਰਕਾਰ ਸੋਝੀ ਦੀ ਪੁਕਾਰ ਹੈ ਜਦ ਆਖਿਆ ਜਾਂਦਾ ਹੈ :-

ਬਹੁਤੇ ਫੇਰ ਪਏ ਕਿਰਪਨ ਕਉ
ਅਬਿ ਕਿਛੁ ਕਿਰਪਾ ਕੀਜੈ।

ਸੁੱਤੇ ਪਏ ਆਦਮੀ ਨੂੰ ਹਿਲਾਓ ਓਸ ਜਗਤ ਤੋਂ ਜਿਸ ਵਿਚ ਉਹ ਮਸਤ ਹੈ, ਟੁਬ ਕੇ ਉਸ ਦੀ ਲਿਵ ਵਿੱਚ ਵਿਘਨ ਪਾਓ ਵੇਖੋ ਕਿਵੇਂ ਪੁਕਾਰ ਉਠਦਾ ਹੈ ਕਿ ਮੈਨੂੰ ਨਾ ਹਿਲਾਓ। ਆਖਰ ਉਸ ਬੇਹੋਸ਼ੀ ਦਾ ਅਨੰਦ ਦਾ ਕਿਸੇ ਨੂੰ ਪਤਾ ਹੈ ਜੋ ਉਸਦਾ ਸੁਆਦ ਮਾਣ ਰਹੀ ਹੈ। ਇਸੇ ਤਰ੍ਹਾਂ ਉਹ ਆਤਮਾ ਜਿਨ੍ਹਾਂ ਨੂੰ ਦੈਵੀ ਅਨੰਦ ਦੀ ਸੂਹ ਲੱਗ ਜਾਂਦੀ ਹੈ ਜੀਵਨ ਨੂੰ ਇਸ ਜਨਮ ਮਰਨ ਨੂੰ ਕੌਡੀਆਂ ਦੇ ਭਾਅ ਵਿਹਾਜਣਾ ਤਾਂ ਕੀ-ਇਸ ਤੋਂ ਭੈ ਖਾਂਦੇ ਹਨ। ਇਹ ਜੋ

ਜਨਮ ਮਰਨ ਦਾ ਡਰ ਹੈ, ਇਸ ਦੇ ਵਿੱਚ ਹੀ ਇਸ ਗੱਲ ਦਾ ਸਬੂਤ ਹੈ ਕਿ ਅਸੀਂ ਸਜੀਵੀ ਹਾਂ, ਜੰਮਦਾ ਮਰਦਾ ਹੋਰ ਕੁਝ ਹੈ, ਅਸੀਂ ਤਾਂ ਜਨਮ ਮਰਨ ਵਿੱਚ ਹਾਂ ਹੀ ਨਹੀਂ।

ਪਰ ਕੀ ਮਰਨ ਲੱਗਿਆਂ ਸਾਡੇ ਸਰੀਰ ਨੂੰ ਬਹੁਤਾ ਦੁੱਖ ਹੁੰਦਾ ਹੈ ? ਵੇਖਣ ਤੋਂ ਅਤੇ ਬਹੁਤ ਸਾਰੇ ਡਾਕਟਰਾਂ ਵੈਦਾਂ ਦੇ ਬਿਆਨਾਂ ਤੋਂ ਇਹ ਮਲੂਮ ਹੁੰਦਾ ਹੈ ਕਿ ਸਰੀਰਕ ਦੁੱਖ ਕੋਈ ਖਾਸ ਨਹੀਂ ਹੁੰਦਾ। ਬਹੁਤ ਸਾਰੇ ਪ੍ਰਾਣੀ ਤਾਂ ਕਮਜ਼ੋਰੀ ਤੇ ਬਿਮਾਰੀ ਦੀ ਘੂਕੀ ਜਿਹੀ ਵਿੱਚ ਹੀ ਅੰਤ ਪ੍ਰਾਪਤ ਕਰਦੇ ਹਨ। ਥੋੜ੍ਹੇ ਜੇਹੇ ਖਾਸ ਸਰੀਰਕ ਪੀੜਾਂ ਤੇ ਕਸ਼ਟਾਂ ਦੀ ਝਾਲ ਦੇ ਜ਼ੋਰ ਨਾਲ ਕੂਚ ਕਰਦੇ ਹਨ ਅਤੇ ਬਹੁਤ ਥੋੜ੍ਹਿਆਂ ਨੂੰ ਅੰਤ ਸਮੇਂ ਭੈਅ ਯਾ ਦਹਿਲ ਹੁੰਦਾ ਹੈ। ਇਹ ਕਹਿਣਾ ਗਲਤ ਨਹੀਂ ਕਿ ਸਰੀਰ ਨੂੰ ਤਿਆਗ ਦੇਣਾ ਕੰਡੇ ਦੀ ਪੀੜ ਵਾਂਗ, ਜਾਂ ਆਖੋ ਇਕ ਡਾਂਗ ਦੀ ਬੇਹੋਸ਼ ਕਰ ਦੇਣ ਵਾਲੀ ਸੱਟ ਵਾਂਗ ਜਾਂ ਸਿਰ ਤੋੜ ਨੱਸੇ ਜਾਂਦੇ ਘੋੜੇ ਉਪਰੋਂ ਡਿੱਗ ਪੈਣ ਵਾਂਗ ਜਾਂ ਕਿਸੇ ਲਾਇਕ ਜਰਾਹ ਦੇ ਇਕ ਨਸ਼ਤਰ ਦੀ ਚੋਭ ਵਾਂਗ ਹੁੰਦਾ ਹੈ। ਕਈਆਂ ਨੂੰ ਪਤਾ ਭੀ ਨਹੀਂ ਹੁੰਦਾ, ਚੰਗੇ-ਭਲੇ ਚਲਦੇ-ਫਿਰਦੇ ਝੱਟ ਅੱਖ ਦੇ ਫੋਰੇ ਨਾਲੋਂ ਭੀ ਛੇਤੀ ਚੱਲ ਜਾਂਦੇ ਹਨ। ਕੁਦਰਤ ਨੇ ਸਰੀਰ ਵਿਚ ਅਜਿਹੀ ਕਲਾ ਵਾਰਤਾ ਰਖੀ ਹੈ ਕਿ ਕਿਸੇ ਪੀੜ ਦੀ ਜੱਦ ਹੱਦ ਪੁਗ ਜਾਂਦੀ ਹੈ ਤਾਂ ਸਰੀਰ ਦੀ ਦੁੱਖ ਮਾਲੂਮ ਕਰਨ ਵਾਲੀ ਸ਼ਕਤੀ ਹੀ ਜਾਂਦੀ ਰਹਿੰਦੀ ਹੈ। ਜਾਂ ਦਿਮਾਗ ਜਿਸ ਨੂੰ ਦੁੱਖਾਂ ਦੀ ਸੋਝੀ ਹੁੰਦੀ ਹੈ ਆਪਣਾ ਕੰਮ ਕਰਨੋਂ ਰੁਕ ਜਾਂਦਾ ਹੈ ਤੇ ਸੁਰਤ ਉੱਡ ਜਾਂਦੀ ਹੈ। ਹਾਂ, ਆਤਮਕ ਜਾਂ ਖ਼ਿਆਲਾਂ ਦੇ ਕਲੇਸ਼ ਹੁੰਦੇ ਹੋਣਗੇ ਪਰ ਭੈੜੀ ਤੋਂ ਭੈੜੀ ਬਿਮਾਰੀ ਵਾਲੇ ਆਦਮੀ ਵਿੱਚ ਭੀ ਆਸ ਮਰਦੇ ਦਮ ਤੀਕ ਨਾਲ ਰਹਿੰਦੀ ਹੈ। ਇਸ ਕਰਕੇ ਇਹ ਖ਼ਿਆਲ, ਜੇ ਭਲਾ ਹੋਸ਼ ਹਵਾਸ ਕਾਇਮ ਭੀ ਰਹਿਣ, ਨਿੱਤ ਦੇ ਮੌਤ ਦੇ ਖ਼ਿਆਲਾਂ ਨਾਲੋਂ ਵਧੇਰੇ ਭਿਆਨਕ ਨਹੀਂ ਹੁੰਦੇ ਹੋਣੇ। ਜੇਕਰ ਸੋਚ ਕੇ ਵੇਖੀਏ ਤਾਂ ਮਰਨਾ ਜਾਂ ਸਰੀਰ ਦਾ ਤਿਆਗਣਾ, ਉਨ੍ਹਾਂ ਦੁੱਖਾਂ ਤੇ ਕਸ਼ਟਾਂ ਦੇ ਮੁਕਾਬਲੇ ਵਿੱਚ ਜੋ ਮਰਨ ਤੋਂ ਪਹਿਲੋਂ ਝੱਲਣੇ ਪੈਂਦੇ ਹਨ, ਤੁੱਛ ਜੇਹੀ ਗੱਲ ਹੈ। ਮਹੀਨਿਆਂ ਤੇ ਸਾਲਾਂ ਬਧੀ ਰੋਗੀ ਮੰਜਿਆਂ ਉੱਤੇ ਅੱਡੀਆਂ ਰਗੜਦੇ ਰਹਿੰਦੇ ਹਨ, ਸਰੀਰ ਦੀਆਂ ਹੱਡੀਆਂ ਢਾਂਚੇ ਵਾਂਗ ਨਿਕਲ ਆਉਂਦੀਆਂ ਹਨ, ਪਾਸਿਆਂ ਉੱਤੇ ਲਾਗੇ ਲੱਗ ਜਾਂਦੇ ਹਨ। ਪਿਆਰੇ ਤੋਂ ਪਿਆਰਾ ਨਿਕਟ

ਵਰਤੀ ਵੇਖ ਕੇ ਪਿਛਲੇ ਮੋਹ ਪਿਆਰ ਨੂੰ ਤਜਣ ਲਈ ਤਿਆਰ ਹੋ ਜਾਂਦਾ ਹੈ, ਡਾਕਟਰਾਂ ਦੀਆਂ ਸੂਈਆਂ ਹਕੀਮਾਂ ਦੇ ਜੋਸ਼ਾਂਦੇ, ਤਪਦੇ ਸਰੀਰ ਉੱਤੇ ਰਜਾਈਆਂ, ਠੰਡੇ ਪਾਣੀ ਤੇ ਖੁਲ੍ਹੀ ਵਾ ਲਈ ਤਰਸਦੇ ਰੋਗੀ ਨੂੰ ਤੱਤਾ ਪਾਣੀ ਤੇ ਬੰਦ ਬੂਹੇ ਇਤਿ ਆਦਿਕ ਅਨੇਕਾਂ ਕਸ਼ਟ ਸਹਾਰਨੇ ਪੈਂਦੇ ਹਨ, ਪਰ ਅਸੀਂ ਇਨ੍ਹਾਂ ਕਸ਼ਟਾਂ ਨੂੰ ਕੁਝ ਨਹੀਂ ਸਮਝਦੇ। ਉਸ ਅੰਤਲੀ ਘੜੀ, ਜਦ ਸਾਰੀਆਂ ਹਿੰਮਤਾ, ਸਾਰੇ ਉਪਾਵਾਂ ਤੇ ਹਿਤਕਾਰੀਆਂ ਦੇ ਹੁੰਦਿਆਂ ਸੁੰਦਿਆਂ ਡੂੰਘਿਆਂ ਪਾਣੀਆਂ ਵਿੱਚ ਚੁੱਭੀ ਮਾਰਨ ਵਾਂਗ ਦੁਨੀਆਂ ਦੇ ਮੱਧਮ ਜਹੇ ਸੁਣੀਂਦੇ ਰੌਲੇ-ਗੌਲੇ ਵਿੱਚੋਂ ਸੁਪਨੇ ਵਾਂਗ ਨਿਕਲ ਕੇ ਨੰਗੇ ਤੇ ਇੱਕਲੇ ਠਿਲ੍ਹਣ ਦੀ ਤਿਆਰੀ ਹੁੰਦੀ ਹੈ, ਤਦ ਅਸੀਂ ਕੰਬ ਜਾਂਦੇ ਹਾਂ। ਇਹ ਭੁੱਲ ਜਾਪਦੀ ਸੀ ਪਰ ਬਣੀ ਰਹੀ ਤੇ ਅੱਗੇ ਨੂੰ ਭੀ ਬਣੀ ਰਹੇਗੀ ਇਸ ਪਇਆਣੇ ਦਾ-ਅੰਤਲੀ ਘੜੀ ਦਾ ਸਾਨੂੰ ਐਨਾ ਡਰ ਹੈ ਕਿ ਬਿਮਾਰੀ ਵਿੱਚ ਸਾਰਾ ਧਨ ਲਗ ਜਾਵੇ, ਸਰੀਰ ਦਵਾਈਆਂ ਖਾ ਖਾ ਕੇ ਮੰਜੇ ਉੱਤੇ ਹੱਡੀਆਂ ਰਗੜ ਰਗੜ ਕੇ ਚੂਰ ਹੋ ਜਾਵੇ, ਜੀਵਨ ਜ਼ਿੰਦਾ ਦਰ ਗੋਰ ਨਾਲੋਂ ਭੀ ਭੈੜਾ ਹੋਵੇ ਪਰ ਇਹ ਸਭ ਕੁਝ ਝੱਲ ਹੋ ਜਾਂਦਾ ਹੈ। ਜੇਕਰ ਪਸ਼ੂ ਅਜਿਹੀ ਹਾਲਤ ਨੂੰ ਪੁੱਜ ਜਾਣ ਤਾਂ ਤਰਸ ਵਜੋਂ ਉਨ੍ਹਾਂ ਨੂੰ ਮੁਕਾ ਦੇਣਾ ਯੋਗ ਸਮਝਿਆ ਜਾਂਦਾ ਹੈ ਪਰ ਆਦਮੀ!-ਆਦਮੀ ਲਈ ਇਕ ਅੱਧਾ ਸਾਹ ਭੀ, ਜੇਕਰ ਮੌਤ ਵਲੋਂ ਖੋਹ ਕੇ ਜੀਵਨ ਵੱਲ ਵਧਾਇਆ ਜਾ ਸਕੇ, ਚੰਗਿਆਈ ਤੇ ਸਫਲਤਾ ਵਿੱਚ ਸ਼ਾਮਲ ਹੈ। ਅਸਚਰਜ ਗੱਲ ਹੈ ਕਿ ਜੇ ਤਾਂ ਮੌਤ ਟਲ ਜਾਵੇ, ਸਰੀਰ ਮਾੜਾ ਮੋਟਾ ਤੁਰਦਾ ਫਿਰਦਾ ਰਹਿ ਜਾਵੇ ਤਾਂ ਇਹ ਸਾਰੇ ਦੁੱਖ ਤੇ ਝੱਲੇ ਹੋਏ ਤਸੀਹੇ ਉੱਕਾ ਹੀ ਭੁੱਲ ਜਾਂਦੇ ਹਨ, ਜਿਵੇਂ ਕਦੇ ਹੋਏ ਹੀ ਨਹੀਂ ਸਨ। ਪਰ ਜੇ ਮੌਤ ਆ ਕੇ ਇਨ੍ਹਾਂ ਦਾ ਅੰਤ ਕਰ ਦੇਵੇ ਤਾਂ ਸਾਰੇ ਉਲਾਂਭੇ ਮੌਤ ਨੂੰ ਝਲਣੇ ਪੈਂਦੇ ਹਨ। ਬਿਮਾਰੀ ਦਾ ਸਾਰਾ ਕਾਰਨ ਇਹ ਇਕ ਹਾਹੁਕੇ ਦੀ ਜ਼ੁੰਮੇਵਾਰ ਤੇ ਰਤਾ ਰਤਾ ਦੇ ਔਖ ਦੀ ਦੇਣ ਵਾਲੀ ਮੌਤ ਨੂੰ ਹੀ ਵਖਾਨਦੇ ਹਾਂ, ਜੇਕਰ ਸਰੀਰ ਬਚ ਜਾਵੇ ਤਾਂ ਦੁੱਖ ਦਾ ਨਾਮ ਯਾਦ ਨਹੀਂ ਰਹਿੰਦਾ ਹੈ। ਜੇ ਮੌਤ ਦੁਖਾਂ ਨੂੰ ਆ ਮੁਕਾਵੇ ਤਾਂ ਸਗੋਂ ਮਾੜੇ ਤੋਂ ਮਾੜਾ ਦੁੱਖ ਭੀ ਸੌ ਗੁਣਾ ਹੋ ਕੇ ਪ੍ਰਤੀਤ ਹੁੰਦਾ ਹੈ ਤੇ ਕਰਨ-ਕਾਰਨ ਸਭ ਦਾ ਮੌਤ ਨੂੰ ਹੀ ਗਰਦਾਨਿਆ ਜਾਂਦਾ ਹੈ। ਕੀ ਏਹ ਰੀਤ ਉਨ੍ਹਾਂ ਗੱਲਾਂ ਵਿੱਚੋਂ ਨਹੀਂ ਜਿਨ੍ਹਾਂ ਕਰਕੇ ਦੁਨੀਆਂ ਨੂੰ ਉਲਟੀ ਆਖਿਆ ਗਿਆ ਹੈ ? ਰੋਗ ਤੇ ਰੋਗੀ ਦੇ ਦੁੱਖਾਂ ਦੀ ਜ਼ੁੰਮੇਵਾਰ ਮੌਤ ਕਿਵੇਂ ? ਰੋਗ ਕਾਰਨ

ਤੇ ਮੌਤ ਇਸ ਦੀ ਕਰਨੀ (ਕਾਰਜ) ਹੈ, ਜਾਂ ਆਖੋ ਰੋਗ ਦੀ ਸਮਾਪਤੀ ਦਾ ਢੰਗ ਕਰਨ ਵਾਲੀ। ਥਕੇਵੇਂ ਕਰਕੇ ਜੇ ਨੀਂਦ ਨੂੰ ਥਕੇਵੇਂ ਦਾ ਕਾਰਨ ਆਖੀਦਾ ਹੈ, ਥਕੇਵਾਂ ਉਪਜਾਉਣ ਦਾ ਦੋਸ਼ ਨੀਂਦ ਦੇ ਮੱਥੇ ਲਾਈਦਾ ਹੈ?

ਸਾਡੇ ਖਿਆਲਾਂ ਅਨੁਸਾਰ ਰੋਗੀ ਜੀਵਨ, ਜਿੰਨਾ ਚਿਰ ਸਾਹ ਕਾਇਮ ਰਖੇ ਜਾ ਸਕਣ ਫੇਰ ਭੀ ਜੀਵਨ ਹੈ ਅਤੇ ਅਜਿਹੇ ਜੀਵਨ ਨਾਲੋਂ ਮੌਤ ਨੂੰ ਜੀ ਆਇਆਂ ਕਹਿਣਾ ਕਦਾਚਿਤ ਭੀ ਉਚਿਤ ਨਹੀਂ। ਏਨਾ ਜ਼ਰੂਰ ਹੋਣ ਲੱਗ ਪਿਆ ਹੈ ਕਿ ਜਦ ਡਾਕਟਰ ਵੇਖਦੇ ਹਨ ਕਿ ਹੁਣ ਬੀਮਾਰ ਲਾਚਾਰ ਹੈ ਤਦ ਉਸ ਦੇ ਕਸ਼ਟਾਂ ਦੀ ਪੀੜ ਨੂੰ ਬੇਮਲੂਮ ਕਰਨ ਲਈ ਉਸ ਨੂੰ ਘੂਕੀ ਉਪਜਾਉਣ ਵਾਲੀ ਦਵਾ ਦੇ ਦੇਂਦੇ ਹਨ। ਸੰਭਵ ਨਹੀਂ ਕਿ ਜ਼ਰਾ ਕੁ ਵਧੇਰੇ ਹੌਂਸਲੇ ਨਾਲ ਖੋਜ ਕਰਦੇ ਇਥੋਂ ਤੀਕ ਨੌਬਤ ਪੁੱਜ ਜਾਵੇ ਕਿ ਜਦ ਰੋਗ ਤੇ ਦੁੱਖ ਸਿਰੋਂ ਪਰੇ ਹੁੰਦੇ ਦਿੱਸਿਆ ਕਰਨ ਤਾਂ ਅਸੀਂ ਆਪੇ ਹੀ ਡਾਕਟਰ ਹੋਰਾਂ ਨੂੰ ਬੇਨਤੀ ਕਰ ਕੇ ਆਪਣਾ ਆਪ ਮੁੱਕਾ ਦਿਆ ਕਰੀਏ ? ਬਲਕਿ ਇਹ ਭੀ ਸੰਭਵ ਹੈ ਕਿ ਵੇਖੀਏ ਕਿ ਹੁਣ ਦੁਨੀਆਂ ਵਿੱਚ ਰਹਿਣ ਦਾ ਅਰਥ ਕੋਈ ਨਹੀਂ ਰਿਹਾ, ਕੰਮ ਏਂਦੇ ਮੁਕ ਗਏ ਹਨ ਜਾਂ ਮੁੱਕਾ ਦਿੱਤੇ ਹਨ ਤੇ ਹੁਣ ਸਾਡੀ ਹਸਤੀ ਦੂਜਿਆਂ ਨੂੰ ਕੁਝ ਫਾਇਦਾ ਨਹੀਂ ਪੁਚਾ ਸਕਦੀ, ਅਸੀਂ ਇਕ ਅਖੀਰੀ ਜੋੜ ਮੇਲਾ ਰਚ ਕੇ ਮਿਲ ਗਿਲ ਕੇ ਸਭ ਨੂੰ ਰਾਜ਼ੀ ਕਰ ਕੇ ਆਪੇ ਇਸ ਜੀਵਨ ਦੀ, ਥੀਏਟਰ ਦੇ ਖੇਲ ਵਾਂਗ ਸਮਾਪਤੀ ਕਰ ਦਿਆ ਕਰੀਏ। ਇਕ ਜੰਗਲੀ ਕੌਮ ਵਿੱਚ ਰਿਵਾਜ ਹੈ ਕਿ ਜਦ ਬੁੱਢਾ ਆਪਣੀ ਕਿਰਿਆ ਸੋਧਨ ਦੇ ਸਮਰਥ ਨਹੀਂ ਰਹਿੰਦਾ ਤਾਂ ਉਸ ਨੂੰ ਵੱਖ ਕਰਕੇ ਬਾਹਰ ਛੱਡ ਆਉਂਦੇ ਹਨ। ਕੁਝ ਦਿਨ ਖਾਣ ਪੀਣ ਦੇਂਦੇ ਹਨ, ਫੇਰ ਉਹ ਆਪੇ ਚਲਾਣਾ ਕਰ ਜਾਂਦਾ ਹੈ ਬਲਕਿ ਉਹ ਆਪ ਕਈ ਵੇਰ ਤਕੜਿਆਂ ਦੀ ਸਹਾਇਤਾ ਨਾਲ ਆਪਣਾ ਆਪ ਮੁਕਾ ਦੇਂਦਾ ਹੈ।

ਪ੍ਰਸਿੱਧ ਅਮਰੀਕਨ ਲਿਖਾਰੀ ਜੌਨ ਗੰਤਰ ਨੇ ਇਕ ਪੁਸਤਕ ਲਿਖੀ ਜਿਸ ਦਾ ਨਾਮ ਉਸ ਨੇ ਰੱਖਿਆ ਹੈ, "ਮੌਤ, ਮਾਣ ਨਾ ਕਰ"। ਏਹ ਉਸ ਦੇ ਗੱਭਰੂ ਮੁੰਡੇ ਜੌਨੀ ਦੀ ਬਿਮਾਰੀ, ਡਾਕਟਰੀ ਇਲਾਜ ਦੀ ਬੇਵਸੀ, ਇਨਸਾਨੀ ਸਰੀਰ ਦੀ ਜੀਵਨ-ਭੁੱਖ ਤੇ ਕਸ਼ਟ ਝਲਨ ਦੀ ਤਾਕਤ ਅਤੇ ਆਤਮਾ ਦੇ ਸਦੀਵੀ ਰੂਪ ਦੀ ਇਕ ਸਿੱਖਿਆ ਦੀ ਇੱਕ ਵਿਖਿਆ ਹੈ। ਸੋਲਾਂ ਸਾਲ ਦੇ ਤਕੜੇ ਸੋਹਣੇ ਖਾਂਦੇ ਪੀਂਦੇ ਗੱਭਰੂ ਦੇ ਦਿਮਾਗ ਦੇ ਅੰਦਰ ਫੋੜਾ ਬਣ ਗਿਆ। ਆਪਰੇਸ਼ਨ ਹੋਇਆ ਪਰ ਫੋੜੇ ਦੀਆਂ ਜੜ੍ਹਾਂ ਨਾ ਕੱਢੀਆ ਜਾ ਸਕੀਆਂ। ਆਪਰੇਸ਼ਨ ਨੂੰ ਪੰਜ ਘੰਟੇ ਲੱਗੇ, ਡਾਕਟਰ ਵਿਚਾਰਾ ਥੱਕ ਗਿਆ ਤੇ ਓੜਕ ਨੂੰ

ਫੋੜੇ ਨੂੰ ਸਾਲਮ ਨਾ ਕੱਢ ਸਕਣ ਦੀ ਨਮੋਸ਼ੀ ਤੇ ਗ਼ਮ ਨਾਲ ਬੜਾ ਦੁੱਖੀ ਹੋਇਆ, ਪਰ ਮੁੰਡਾ ਦਸਵੇਂ ਗਿਆਰਵੇਂ ਦਿਨ ਉਠ ਕੇ ਪੜ੍ਹਾਈ ਕਰਨ ਲੱਗ ਪਿਆ। ਆੜੀਆਂ ਨੇ ਪੁੱਛਿਆ ਕੀ ਗੱਲ ਸੀ, ਟੈਲੀਫੋਨ ਉੱਤੇ ਹੱਸ ਕੇ ਆਖਣ ਲੱਗਾ ਦਿਮਾਗ ਦਾ ਫੋੜਾ ਸੀ, ਮੈਂ ਹੁਣ ਚੰਗਾ ਭਲਾ ਹਾਂ, ਦਿਮਾਗ ਮੇਰ ਨੂੰ ਪਤਾ ਵੀ ਨਹੀਂ ਕੀ ਹੋਇਆ? ਲਗਾਤਾਰ ਚੋਦਾਂ ਮਹੀਨੇ ਦੀ ਬਿਮਾਰੀ ਵਿੱਚ ਜੋਨੀ ਆਪਣੀ ਪੜ੍ਹਾਈ ਕਰਦਾ ਰਿਹਾ, ਕਈ ਡਾਕਟਰ ਬਦਲੇ, ਕਈ ਪ੍ਰਸਿੱਧ ਅਉਸ਼ਧਾਲੇ ਪਰਤਿਆਏ ਪਰ ਦਿਮਾਗ ਦਾ ਫੋੜਾ ਆਪਣੇ ਕੰਮ ਤੋਂ ਨਾ ਮੁੜਿਆ। ਸਿਰ ਇਕ ਪਾਸਿਓਂ ਸੁਜਿਆ ਹੋਇਆ। ਉਪਰ ਸਾਫੇ ਵਾਂਗ ਪੱਟੀ ਬੰਨ੍ਹੀ ਹੋਈ। ਇਕ ਅੱਖ ਦੀ ਜੋਤ ਹੀਣੀ ਹੋ ਗਈ, ਹੱਥਾਂ ਪੈਰਾਂ ਦਾ ਬਲ ਮਾਂਦਾ ਪੈ ਗਿਆ ਪਰ ਜੀਵਨ ਦੀ ਲਗਨ ਤੇ ਉਮੀਦ ਆਖ਼ਰੀ ਦਮ ਤੱਕ ਚੰਬੜੀ ਰਹੀ। ਜੋਨੀ ਦਾ ਸੁਭਾ ਉਸੇ ਤਰ੍ਹਾਂ ਸਰਲ, ਮਿੱਠਾ ਤੇ ਹਾਸਰਸ ਵਾਲਾ ਰਿਹਾ। ਮਰਨ ਦਾ ਖ਼ਿਆਲ ਜੇ ਸੀ ਭੀ ਤਾਂ ਨਿਤਾਪ੍ਰਤੀ ਦੇ ਕਾਰ ਵਿਹਾਰ ਵਿੱਚ ਦਬਿਆ ਰਿਹਾ। ਕਈ ਵਾਰ ਆਪਰੇਸ਼ਨ ਹੋਏ, ਏਸ ਦੁੱਖ ਪੀੜ ਵਿੱਚ ਇਕ ਇਮਤਿਹਾਨ ਪਾਸ ਕੀਤਾ 'ਤੇ ਸਾਥੀਆਂ ਦੇ ਬਰਾਬਰ ਜਾ ਕੇ ਸਨਦ ਲਈ, ਪਰ ਮੌਤ ਨਾ ਟਲੀ। ਏਸ ਨੱਢੇ ਨੇ ਇੱਕ ਸਾਲ ਵਿੱਚ ਏਨੀ ਤਕਲੀਫ ਭੋਗੀ ਜਿੰਨੀ ਆਮ ਆਦਮੀ ਸਾਰੀ ਉਮਰ ਵਿੱਚ ਨਹੀਂ ਭੋਗਦੇ ਪਰ ਜ਼ਿੰਦਗੀ ਵਲੋਂ ਆਸ਼ਾਵਾਨ ਮੌਤ ਵਲੋਂ ਬੇਗੁਮਾਨ ਇੱਕ ਦਿਨ ਆਖਰ ਨਿਢਾਲ ਜੇਹਾ ਹੋ ਕੇ ਸੌਂ ਗਿਆ ਤੇ ਬੇ ਸੁਰਤੀ ਵਿੱਚ ਅੱਗੇ ਚੱਲ ਗਿਆ।

ਇਕ ਡਾਕਟਰ ਨੇ ਪਿਉ ਨੂੰ ਲਿਖਿਆ, ਜੋਨੀ ਨੇ ਬੜੀ ਬਹਾਦਰੀ ਦੀ ਲੜਾਈ ਲੜੀ, ਉਸ ਦੇ ਵਰਗੀ ਸੂਰਮਾ ਆਤਮਾ ਸਰੀਰ ਦੇ ਇੱਕ ਮਾੜੇ ਜੇਹੇ ਫਿਟ ਨਾਲ ਨਾਸ਼ ਨਹੀਂ ਹੋ ਸਕਦੀ। ਉਸ ਨੂੰ ਜਾਣਦਾ ਹੋਇਆ ਅਤੇ ਉਸ ਦੇ ਹਾਰ ਮੰਨਣੋ ਨਾਂਹ ਕਰਨ ਦੇ ਸਿਰੜ੍ਹੇ ਨੂੰ ਪਛਾਣ ਕੇ ਮੈਂ ਆਖ ਸਕਦਾ ਹਾਂ ਕਿ ਉਹ ਆਤਮਾ ਜੀਵਤ ਰਹੇਗੀ। ਐਹੋ ਜੇਹੀਆਂ ਲਈ ਇੱਕ ਅਮਰ ਜੀਵਨ ਹੈ ਜਿਸ ਨੂੰ ਸਾਡੇ ਵਰਗੇ ਸਰੀਰਾਂ ਦੀ ਟੁੱਟ ਭੁੱਟ ਨੂੰ ਟਾਂਕੇ ਲਾਉਣ ਵਾਲੇ ਕੁਝ ਵੇਖ ਸਕਦੇ ਹਨ ਪਰ ਕਦੇ ਸਮਝ ਨਹੀਂ ਸਕਦੇ।

ਸਰੀਰਕ ਪੀੜਾ ਝੱਲਣ ਦਾ ਬਲ ਜੋ ਰੱਬ ਨੇ ਦਿੱਤਾ ਹੈ ਬੜਾ ਪਰਬਲ ਤੇ ਬੜੀ ਗੁਪਤ ਸ਼ਕਤੀ ਵਾਲਾ ਹੈ ਤੇ ਨਾਲ ਮਨੁੱਖੀ ਹਿਰਦਾ ਜਿਸ ਵਿੱਚ ਆਸ਼ਾ ਸਦਜੀਵੀ ਬੂਟੇ ਵਾਂਗ ਹਰੀ ਰਹਿੰਦੀ ਹੈ, ਦੋਵੇਂ ਗੁਣ ਬੀਮਾਰ ਵਿੱਚ ਤੇ ਬੀਮਾਰੀ ਦੇ ਅੰਤ ਮੌਤ ਸਮੇਂ ਤੱਕ ਆਦਮੀ ਦੇ ਨਾਲ ਸੱਚੇ ਮਿਤ੍ਰਾਂ ਵਾਂਗ ਓੜਕ ਤੀਕ ਨਿਭਦੇ ਹਨ।

ਸਾਡੇ ਵੇਖਦਿਆਂ ੧੯੩੯-੪੫ ਦੀ ਜੰਗ ਵਿੱਚ ਲੜ ਮਰਨ ਵਾਲੇ ਸਿਪਾਹੀਆਂ ਤੋਂ ਛੁੱਟ ਹਿਟਲਰ ਦੇ ਦੈਂਤਾਂ ਨੇ ਕਿੰਨੇ ਲੱਖ ਯਹੂਦੀ ਬੰਦ ਕਮਰਿਆਂ ਵਿੱਚ ਪਾਕੇ ਵਿਸ਼-ਹਵਾੜ ਨਾਲ ਮਾਰ ਦਿੱਤੇ, ਨਾਜ਼ੀ ਜ਼ਾਲਮਾਂ ਦੇ ਇੱਕ ਦੋ ਅਜਿਹੇ ਯਹੂਦੀਬਧ ਕੈਂਪਾਂ ਦਾ ਫ਼ਿਕਰ ਕਰਦਿਆਂ ਦੱਸਿਆ ਗਿਆ ਹੈ ਕਿ ਇਨ੍ਹਾਂ ਮਾਰਗਸ਼ਾਲਾਂ ਦੇ ਬਾਹਰ ਬਿਜਲੀ ਨਾਲ ਦਗਧ ਕੀਤੇ ਸਰੀਰਾਂ ਦੀ ਸੁਆਹ ਗੋਡੇ ਗੋਡੇ ਪਈ ਸੀ ਤੇ ਇਸ ਨਾਲ ਸੜਕਾਂ ਡੰਡੀਆਂ ਬਣਾਈਆਂ ਗਈਆਂ, ਪੈਰ ਹੇਠ ਕੀੜੀਆਂ ਦਾ ਭੌਣ ਆ ਜਾਵੇ ਤਾਂ ਜੀ ਭੈੜਾ ਹੁੰਦਾ ਹੈ। ਮਨੁੱਖੀ ਸਰੀਰਾਂ ਦਾ ਲੱਖਾਂ ਦੀ ਗਿਣਤੀ ਵਿੱਚ ਮੁਰਦੇ ਹੋ ਜਾਣਾ ਧਰਤੀ ਉੱਤੇ ਨਿਤਾਪ੍ਰਤੀ ਦਾ ਖੇਲ ਹੈ।

ਦੁਨੀਆਂ ਦੇ ਪਹਿਲੇ ਐਟਮ ਬੰਬ ਨਾਲ ਜਾਪਾਨ ਦਾ ਘੁੱਗ ਵਸਦਾ ਸ਼ਹਿਰ ਹੀਰੋਸ਼ੀਮਾ ਪੰਜਾਂ ਮਿਨਟਾਂ ਵਿੱਚ ਖੰਡਰ ਤੇ ਸ਼ਮਸ਼ਾਨ ਬਣ ਗਿਆ ਸੀ।

ਜੇ ਇੱਕ ਥਾਂ ਜੀ ਨਾ ਲੱਗੇ ਤਾਂ ਬੰਦਾ ਦੂਜੇ ਥਾਂ ਚਲਿਆ ਜਾਂਦਾ ਹੈ। ਇੱਕ ਪੇਸ਼ਾ ਨਾ ਪਸੰਦ ਹੋਇਆ ਦੂਜਾ ਕਰ ਲਿਆ. ਬਾਹਲੇ ਅਮੀਰ ਹੋ ਗਏ ਧੰਨ ਮਾਲ ਵੰਡ ਦਿੱਤਾ ਤੇ ਫੇਰ ਗਰੀਬ ਹੋ ਗਏ, ਬਾਹਲੇ ਗਰੀਬ ਹੋ ਗਏ ਤਾਂ ਦਿਵਾਲਾ ਕੱਢ੍ਹਾ ਦਿੱਤਾ ਤੇ ਇੱਕ ਤਰ੍ਹਾਂ ਦੀ ਵਿਵਹਾਰੀ ਮੌਤ ਮਰ ਕੇ ਫੇਰ ਦੂਜਿਆਂ ਦੇ ਬਰਾਬਰ ਹੋ ਗਏ। ਸੋਚ ਕੇ ਵੇਖੀਏ ਤਾਂ ਏਸੇ ਤਰ੍ਹਾਂ ਸਰੀਰਕ ਮੌਤ ਹੈ। ਮੌਤ ਕੋਈ ਦੁੱਖ ਨਹੀਂ, ਐਬ ਨਹੀਂ, ਰੋਗ ਨਹੀਂ, ਬਦਨਾਮੀ ਨਹੀਂ। ਇਸ ਦੀ ਪੀੜ ਨਾਲੋਂ ਵੱਡੀਆਂ-ਵੱਡੀਆਂ ਪੀੜਾਂ ਬੰਦੇ ਖਿੜੇ ਮੱਥੇ ਝੱਲ ਲੈਂਦੇ ਹਨ। ਸੈਂਕੜੇ ਬੰਦੇ ਵੇਖੇ ਹੋਣਗੇ ਜੋ ਦੋ-ਦੋ, ਤਿੰਨ-ਤਿੰਨ, ਚਾਰ-ਚਾਰ ਵਾਰੀ ਹਸਪਤਾਲ ਵਿੱਚ ਡਾਕਟਰਾਂ ਦੇ ਹੱਥੀਂ ਕਲੋਰੋਫਾਰਮ ਸੁੰਘ ਕੇ ਬੇਹੋਸ਼ ਹੋ ਕੇ ਓਪਰੇਸ਼ਨ ਕਰਾ ਚੁੱਕੇ ਹਨ। ਜਦ ਮੇਜ਼ ਉੱਤੇ ਪਾ ਕੇ ਕਲੋਰੋਫਾਰਮ ਸੁੰਘਾਈਦਾ ਹੈ ਤੇ ਬੀਮਾਰ ਅੱਧ ਸੁੱਤਾ ਜਿਹਾ ਹੋਣ ਲੱਗਦਾ ਹੈ, ਉਹੋ ਜਿਹੀ ਹਾਲਤ ਮਰਗ ਦੀ ਘੜੀ ਵਿੱਚ ਹੁੰਦੀ ਹੋਣੀ ਹੈ। ਕਈ ਬੀਮਾਰਾਂ ਦੀ ਅੰਦਰਲੀ ਸੂਰਤ ਵਿੱਚ ਓਪਰੇਸ਼ਨ ਤੋਂ ਨਫ਼ਰਤ ਹੁੰਦੀ ਹੈ। ਉਹ ਬੇਹੋਸ਼ੀ ਵਿੱਚ ਹੱਥ ਪੈਰ ਮਾਰਦੇ ਹਨ, ਦਰਦ ਨਾਲ ਨਹੀਂ ਪਰ ਜਿਸ ਤਰ੍ਹਾਂ ਸੁਪਨੇ ਵਿੱਚ ਆਦਮੀ ਹੱਥ ਪੈਰ ਮਾਰਦਾ ਹੈ। ਇਸੇ ਤਰ੍ਹਾਂ ਜਿਨ੍ਹਾਂ ਨੂੰ ਮਰਨ ਵੇਲੇ ਮੌਤ ਦਾ ਭੈ ਹੁੰਦਾ ਹੈ, ਜਦ ਉਹ ਪਹਿਲੀ ਬੇਹੋਸ਼ੀ ਵਿੱਚ ਹੁੰਦੇ ਹਨ ਤਾਂ ਕੋਈ ਕੋਈ ਜਿਸ ਦਾ ਸਰੀਰ ਦੁਰਬਲ ਨਹੀਂ ਹੋਇਆ ਹੁੰਦਾ, ਹੱਥ ਪੈਰ ਮਾਰਦਾ ਹੈ। ਪਰ ਜਿਨ੍ਹਾਂ ਨੂੰ ਪਰਮੇਸ਼ਰ ਦੇ ਨਾਮ ਦੀ ਦਿਲ ਵਿੱਚ ਮਾੜੀ-

ਮੋਟੀ ਭੀ ਪ੍ਰੀਤ ਹੋ ਗਈ ਹੈ, ਉਹ ਉਸ ਵੇਲੇ ਭੀ ਸਹਿਜ ਤੇ ਤਿਆਗ ਵਿੱਚ ਨੀਂਦ ਵਾਂਗ ਸੌਂ ਜਾਂਦੇ ਹਨ।

ਅਸਲ ਕਾਰਨ ਮੌਤ ਦੇ ਡਰ ਦਾ ਮੌਤ ਦਾ ਦੁਖ ਜਾਂ ਪੀੜ ਨਹੀਂ ਬਲਕਿ ਇਹ ਹੈ ਕਿ ਪਤਾ ਨਹੀਂ ਮੌਤ ਦੇ ਰਾਹ ਕਿੱਥੇ ਅੱਪੜੀਦਾ ਹੈ :—

"ਪੁਛਹੁ ਜਾਇ ਸਿਆਣਿਆ,
ਆਗੇ ਮਿਲਣੁ ਕਿਨਾਹ।"

ਅਸਲ ਵਿੱਚ ਇਹ ਬੇਠਿਕਾਣਾਪਨ ਸਾਰੇ ਦੁੱਖ ਦਾ ਜ਼ੁੰਮੇਵਾਰ ਹੈ ਕਿ ਅੱਗੇ ਅਸੀਂ ਰਹਾਂਗੇ ਜਾਂ ਬਸ ਖੇਲ ਖਤਮ ਹੋ ਜਾਵੇਗਾ। ਸੋਚ ਕੇ ਵੇਖੀਏ ਤਾਂ ਇਸ ਅੰਦਰਲੇ ਡੂੰਘੇ ਫਿਕਰ ਦਾ ਜਵਾਬ ਅੰਦਰੋਂ ਹੀ ਮਿਲੇਗਾ, ਤੇ ਮਿਲੇਗਾ ਉਨ੍ਹਾਂ ਨੂੰ ਜੋ ਮਿਹਨਤ ਕਰਨਗੇ। ਲੋਕੀਂ ਸੋਨੇ ਚਾਂਦੀ ਜਿਹੀਆਂ ਕੁਝ ਚੀਜ਼ਾਂ ਲਈ ਕੀ ਮਿਹਨਤਾਂ, ਕਜ਼ੀਏ, ਕੀ ਕੀ ਧ੍ਰੋਹ ਤੇ ਧੋਖੇ ਕਰਦੇ ਹਨ, ਦੁੱਖ ਤੇ ਦਰਿਦਰ ਝੱਲਦੇ ਹਨ, ਫਿਰ ਇਹ ਗੁੱਝਾ ਭੇਦ ਕਿਉਂ ਐਵੇਂ ਹੀ ਖੁਲ੍ਹ ਜਾਵੇ। ਜਿਸ ਵਿੱਚ ਭੇਦ ਨਹੀਂ ਉਸ ਦੀ ਕਦਰ ਨਹੀਂ। ਜਿਸ ਬੰਦੇ ਵਿੱਚ ਡੂੰਘ ਤੇ ਮਸਤੀ ਨਹੀਂ ਉਹ ਬਾਜ਼ਾਰੀ ਹੈ। ਜਿਸ ਨਾਵਲ ਵਿੱਚ ਪਲਾਟ ਨਹੀਂ ਉਹ ਕਿੱਸਾ ਹੀ ਕੀ ਹੈ ? ਜਿਸ ਤਮਾਸ਼ੇ ਵਿੱਚ ਕੋਈ ਅੜਾਉਣੀ ਨਹੀਂ ਉਸ ਦਾ ਵੇਖਣਾ ਹੀ ਕੀ ਹੈ ? ਜਿਸ ਬੁਣਤ ਵਿੱਚ ਕੋਈ ਘੁੰਡੀ ਨਹੀਂ ਉਸ ਜਣੇ ਖਣੇ ਦਾ ਕੰਮ ਤੇ ਜਿਸ ਜੀਵਨ ਵਿੱਚ ਸਭ ਕੁਝ ਉਪਰ ਦਿਸਦਾ ਹੈ ਉਸਦੇ ਅੰਦਰ ਕੁਝ ਨਹੀਂ। ਜਿਸ ਨੇ ਐਨਾ ਕੁਝ ਸਰਜਿਆ ਹੈ, ਜਿਸਦੀ ਇੱਕ ਮਿੱਟੀ ਦੀ ਰੋੜੀ ਦਾ ਭੇਦ ਹਾਲਾਂ ਤੀਕ ਨਹੀਂ ਲੱਭ ਸਕਿਆ, ਜਿਸ ਦੀ ਬੇਓੜਕ ਰਚਨਾ ਨੂੰ ਇਹ ਮਿਥਿਆ ਜਿਹੀਆਂ ਦੋ ਅੱਖੀਆਂ ਵੇਖ ਕੇ ਦੰਗ ਹਨ, ਭਲਾ ਉਸ ਨੇ ਆਦਮੀ ਜੈਸੀ ਉੱਚ ਦਰਜੇ ਦੀ ਰਚਨਾ ਨੂੰ ਪਲਾਟ ਤੇ ਭੇਦ ਵਿਹੂਣ ਬਣਾਉਣਾ ਸੀ ? ਗੁਰੂ ਨਾਨਕ ਦੇਵ ਜੀ ਨੇ ਉਪਰਲੇ ਪ੍ਰਸ਼ਨ ਦਾ ਜਵਾਬ ਓਸੇ ਸ਼ਬਦ ਵਿੱਚ ਨਾਲ ਹੀ ਦਿੱਤਾ ਹੈ :—

"ਜਿੰਨਾ ਮੇਰਾ ਸਾਹਿਬੁ ਵੀਸਰੈ
ਵਡੜੀ ਵੇਦਨ ਤਿਨਾਹ।"

ਸਿਰਜਨਹਾਰ ਨੇ ਇਹ ਅੜਾਉਣੀ ਰੱਖੀ ਹੀ ਆਦਮੀ ਦੇ ਅਗੇ ਇਸ ਲਈ ਹੈ ਕਿ ਉਸ ਨੇ ਆਦਮੀ ਨੂੰ ਆਪਣੇ ਰੂਪ ਵਿੱਚ ਢਾਲ ਕੇ ਓੜਕ ਸ਼ਕਤੀ ਦਿੱਤੀ ਜਿਸ ਨਾਲ ਉਹ ਏਸ ਨੂੰ ਹੱਲ ਕਰਨ ਦੇ ਯਤਨ ਕਰਦਾ ਰਹੇ।

ਨਿਸ਼ਚਯ ਕਰ ਲਓ—ਮੌਤ ਕੋਈ ਚੀਜ਼ ਨਹੀਂ, ਕੋਈ ਇਸ ਦਾ ਦੁੱਖ ਨਹੀਂ। ਹਜ਼ਾਰਾਂ ਆਦਮੀ ਦਿਸਣਗੇ ਜਿਨ੍ਹਾਂ ਦੀ ਇੱਜ਼ਤ ਮਿੱਟੀ ਵਿੱਚ ਮਿਲ ਚੁੱਕੀ ਹੈ, ਜਿਨ੍ਹਾਂ ਦਾ ਬੋਝ ਏਸ ਧਰਤੀ ਨੂੰ ਝੱਲਣ ਵਿੱਚ ਸ਼ਰਮ ਆਉਂਦੀ ਹੈ, ਜਿਨ੍ਹਾਂ ਵਿੱਚ ਅਣਖ ਕੋਈ ਨਹੀਂ, ਬੰਦਿਆਂ ਵਾਲੀ ਸ਼ਰਮ ਨਹੀਂ, ਲਾਜ ਨਹੀਂ, ਜਿਨ੍ਹਾਂ ਦੇ ਜੀਵਨ ਵਿੱਚ ਕੋਈ ਰੰਗ ਨਹੀਂ, ਕੋਈ ਲਿਵ ਨਹੀਂ, ਜਿਨ੍ਹਾਂ ਦਾ ਆਉਣਾ ਨਾ ਆਉਣਾ ਸਮਾਨ ਹੈ, ਜਿਨ੍ਹਾਂ ਵਿੱਚ ਕੋਈ ਮਹਿਕ ਨਹੀਂ। ਕਿਸੇ ਨੂੰ ਕੁਝ ਆਸਰਾ ਨਹੀਂ—ਡਰਨਾ ਹੈ ਤਾਂ ਅਜਿਹੀ ਮੌਤ ਤੋਂ ਡਰੋ। ਅੱਜ ਦਾ ਦਿਨ ਚੜ੍ਹਿਆ ਹੈ, ਅੱਜ ਦਾ ਕੰਮ ਅੱਜ ਮੁਕਾਓ, ਖੱਟ ਖਾਓ ਖਰਚੋ, ਪੁੰਨ ਦਾਨ ਕਰੋ, ਛੇਤੀ ਕਰੋ, ਰਾਤ ਪੈ ਜਾਣੀ ਹੈ, ਹਨੇਰਾ ਹੋ ਜਾਣਾ ਹੈ ਤੇ ਨੀਂਦ ਆ ਜਾਣੀ ਹੈ ਪਰ ਕੱਲ ਦੀ ਭੀ ਤਿਆਰੀ ਜ਼ਰੂਰ ਕਰ ਲਓ, ਕਿਉਂ ਜੁ ਅੱਜ ਨਾਲੋਂ ਕੱਲ ਕਾਹਲੀ ਹੈ। ਦਿਨ ਜ਼ਰੂਰ ਚੜ੍ਹੇਗਾ। ਜੇ ਤਿਆਰੀ ਅੱਜ ਨਾ ਕੀਤੀ ਤਾਂ ਸਮਾਂ ਖਰਾਬ ਹੋਵੇਗਾ। ਅਸਾਂ ਇਹ ਉਮਰ ਭੋਗਣੀ ਹੈ, ਭੋਗੋ ਬੰਦਿਆਂ ਵਾਂਗ, ਮਹਿਕ ਨਾਲ, ਮਟਕ ਨਾਲ। ਜਿਸ ਤਰ੍ਹਾਂ ਈਸਾ ਯਰੋਸ਼ਲਮ ਦੀਆਂ ਗਲੀਆਂ ਵਿੱਚ ਆਖਿਆ ਕਰਦਾ ਸੀ ਕਿ ਮੇਰੇ ਪਿਓ ਨੇ ਆਹ ਕਰਨ ਨੂੰ ਆਖਿਆ ਹੈ, ਮੇਰੇ ਪਿਓ ਨੂੰ ਅਮਕੀ ਚੀਜ਼ ਪਿਆਰੀ ਹੈ, ਮੇਰਾ ਬਾਪੂ ਵੱਡਾ ਧਨੀ ਹੈ। ਏਸੇ ਤਰ੍ਹਾਂ ਯਾਦ ਰੱਖੋ ਕਿ ਅਸੀਂ ਆਦਮੀ ਹਾਂ, ਆਦਮੀਆਂ ਵਰਗੀ ਖੇਡ ਖੇਡੋ। ਕਿਉਂਕਿ ਸਮਾਂ ਨੀਯਤ ਹੈ, ਏਥੋਂ ਜਾਣਾ ਹੈ, ਏਸ ਖੇਡ ਦਾ ਭੀ ਇਹੋ ਨਿਯਮ ਹੈ ਕਿ ਸੀਟੀ ਵਜਦੇ ਸਾਰ ਮੈਦਾਨ ਵਿੱਚੋਂ ਨਿਕਲ ਜਾਣਾ ਹੈ। ਇਸ ਕਰਕੇ ਅਗਲੇ ਡੇਰੇ ਲਈ ਤਿਆਰੀ ਕਰੋ। ਜੇ ਤਿਆਰੀ ਕਰਨ ਲਈ ਵੇਹਲ ਨਹੀਂ, ਵੇਹਲ ਕੱਢੋ। ਜਦ ਨਿਸ਼ਚਯ ਹੈ ਕਿ 'ਚਲਣਾ ਜ਼ਰੂਰ' ਹੈ ਤਦ ਅਗਲੀ ਤਿਆਰੀ ਦੀ ਢਿੱਲ ਕਿਉਂ?

ਐ ਮੁਸਾਫਰ ਕੂਚ ਕਾ ਸਮਾਨ ਕਰ
ਇਸ ਸਰਾਂ ਮੇਂ ਹੈ ਬਸੇਰਾ ਚੰਦ ਰੋਜ਼।

੩

ਮੌਤ ਪਾਸਾਰਾ

ਕਈ ਕੋਟਿ ਖਾਣੀ ਅਰੁ ਖੰਡ।
ਕਈ ਕੋਟਿ ਅਕਾਸ ਬ੍ਰਹਮੰਡ।
ਕਈ ਕੋਟਿ ਹੋਏ ਅਵਤਾਰ।
ਕਈ ਜੁਗਤਿ ਕੀਨੋ ਬਿਸਥਾਰ।
ਕਈ ਬਾਰ ਪਸਰਿਓ ਪਾਸਾਰ।
ਸਦਾ ਸਦਾ ਇਕੁ ਏਕੰਕਾਰ।
ਕਈ ਕੋਟਿ ਕੀਨੇ ਬਹੁ ਭਾਤਿ।
ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ।
ਤਾ ਕਾ ਅੰਤੁ ਨ ਜਾਨੈ ਕੋਇ।
ਆਪੇ ਆਪਿ ਨਾਨਕ ਪ੍ਰਭੁ ਸੋਇ।

ਅਮਨ ਚੈਨ ਦੇ ਦਿਨੀਂ ਲੰਦਨ ਵਿੱਚ ਹਰ ਰੋਜ਼ ਇੱਕ ਸੌ ਤੀਵੀਂ ਮਰਦ ਕੇਵਲ ਮੋਟਰਾਂ ਹੇਠ ਆ ਕੇ ਮਰ ਜਾਂਦੇ ਹਨ, ਕੁਦਰਤੀ ਮੌਤ ਮਰਨ ਵਾਲੇ ਵੱਖ ਰਹੇ। ਇਸ ਭੂ-ਗੋਲ ਦੇ ਤਖਤੇ ਉੱਤੇ ਨਿੱਤ ਨਵੇਂ ਸੂਰਜ ਲੱਖਾਂ ਬੰਦੇ ਕਬਰੀਂ ਜਾ ਪੈਂਦੇ ਹਨ। ਮੌਤ ਕੋਈ ਬੇ ਮਲੂਮ ਕਦੀ ਕਦਾਈਂ ਵਾਪਰਨੀ ਹੋਣੀ ਨਹੀਂ । ਕੀੜੀਆਂ ਦੇ ਭੌਣ ਉੱਤੇ ਪੈਰ ਆ ਜਾਵੇ ਤਾਂ ਆਖੀਦਾ ਹੈ, ਹਾ ਹਾ ਕਿੰਨੇ ਜੀ ਮਰ ਗਏ ਪਰ ਬੰਦਿਆਂ ਦਾ ਏਸ ਦੁਨੀਆਂ ਵਿੱਚ ਮਰਨਾ ਏਸ ਨਾਲੋਂ ਘੱਟ ਨਹੀਂ। ਅਜੇ ਕਲ੍ਹ ਦੀ ਗੱਲ ਹੈ, ਪਿਛਲੀ ਜੰਗ ਯੂਰਪ ਵਿੱਚ ਅੱਧਾ ਯੂਰਪ ਰੰਡਾ ਹੋ ਗਿਆ, ਕੋਈ ਘਰ ਨਹੀਂ ਸੀ ਜਿੱਥੇ ਰੋਣਾ ਨਹੀਂ ਸੀ। ਮਾਰਚ ੧੯੪੧ ਵਿੱਚ ਕੇਵਲ ਜਰਮਨ ਹਵਾਈ ਬੰਬਾਂ ਨਾਲ ਇੰਗਲੈਂਡ ਵਿੱਚ ੪ ਹਜ਼ਾਰ ਅੰਗ੍ਰੇਜ਼ ਤੀਵੀਂ ਪੁਰਸ਼ ਮਾਰੇ ਗਏ। ਬਿਹਾਰ ਪ੍ਰਾਂਤ ਦੇ ਭੂਚਾਲ ਵਿੱਚ ਕਿੰਨੇ ਹਜ਼ਾਰ ਮਨੁੱਖ ਤੀਵੀਆਂ ਬੱਚੇ ਮਰ ਗਏ, ਹਾਲਾਂ ਤੀਕ ਠੀਕ ਹਿਸਾਬ ਨਹੀਂ ਲੱਗਾ। ਭੂਚਾਲ,

ਹੜ, ਪਲੇਗ, ਮਹਾਮਾਰੀ, ਯੁੱਧ, ਕਾਲ ਇਤਿਆਦਿਕ ਹੋਣੀਆਂ ਦੇ ਹਾਲ ਪੜ੍ਹੋ ਤੇ ਵੇਖੋ ਕਿਸ ਤਰ੍ਹਾਂ ਬੰਦੇ ਲੱਖਾਂ ਦੀ ਗਿਣਤੀ ਵਿੱਚ ਇੱਕ ਥਾਂ ਇਕ ਸਮੇਂ ਇੱਕੋ ਹੋਣੀ ਨਾਲ ਢੇਰ ਹੁੰਦੇ ਹਨ। ਪਿਛਲੀਆਂ ਗੱਲਾਂ ਛੱਡ ਦਿਓ, ਅੱਜ ਕੱਲ ਤਾਂ ਇਹ ਨਹੀਂ ਆਖਿਆ ਜਾ ਸਕਦਾ ਕਿ ਫਲਾਣੀ ਗੱਲ ਵਿੱਚ ਇਤਿਹਾਸਕਾਰਾਂ ਨੇ ਵਾਧੂ ਲਿਖਿਆ ਹੈ। ਸਤਾਰ੍ਹਵੀਂ ਸਦੀ ਵਿੱਚ ਯੂਰਪ ਦੇ ਸਾਰੇ ਦੇਸ਼ਾਂ ਵਿੱਚ ਪਲੇਗ ਨੇ ਹਾਹਾਕਾਰ ਮਚਾ ਦਿੱਤਾ ਸੀ, ਸ਼ਹਿਰਾਂ ਦੇ ਸ਼ਹਿਰ ਵੀਰਾਨ ਹੋ ਗਏ ਸਨ। ਲੰਦਨ ਵਿੱਚ ਸੱਤਰ ਹਜ਼ਾਰ ਆਦਮੀ ਇੱਕੋ ਹੱਲੇ ਵਿੱਚ ਮਰ ਗਏ ਅਥਵਾ ਹਰ ਛੇ ਬੰਦਿਆਂ ਪਿੱਛੋਂ ਇੱਕ ਮਰ ਗਿਆ। ਅੰਦਾਜ਼ਾ ਲਾਇਆ ਜਾਂਦਾ ਹੈ ਕਿ ਹਿੰਦੁਸਤਾਨ ਵਿੱਚ ਪਲੇਗ ਦੇ ਜ਼ੋਰ ਸਮੇਂ ਦਸ ਲੱਖ ਬੰਦੇ ਇਸ ਦਾ ਸ਼ਿਕਾਰ ਹੋਏ ਸਨ। ਸੰਨ ੧੯੨੬-੨੭ ਵਾਲੀ ਮਹਾਮਾਰੀ ਹਾਲਾਂ ਤੀਕ ਲੋਕਾਂ ਨੂੰ ਭੁਲੀ ਨਹੀਂ ਤੇ ਹਿੰਦੁਸਤਾਨ ਵਿੱਚ ਉਂਝ ਵੀ ਆਏ ਸਾਲ ਕੁਝ ਨਾ ਕੁਝ ਬਲਾ ਪਈ ਹੀ ਰਹਿੰਦੀ ਹੈ। ਕਦੀ ਕਾਲ, ਕਦੀ ਕਹਤਸਾਲੀ, ਕਦੀ ਪਲੇਗ, ਕਦੀ ਹੈਜ਼ਾ, ਕਦੀ ਹੜ ਤੇ ਕਦੀ ਭੂਚਾਲ। ਇਝ ਜਾਪਦਾ ਹੈ ਕਿ ਘੜੀਆਂ ਟਿਕ ਟਿਕ ਨਹੀਂ ਕਰ ਰਹੀਆਂ ਇਹ ਤਾਂ ਹਰ ਟਿਕ ਨਾਲ ਸੈਂਕੜੇ ਬੰਦੇ ਅੱਖੀਆਂ ਮੀਚਕੇ ਤਰਦੇ ਲੱਗਦੇ ਹਨ। ਇਹ ਤਾਂ ਮਾਮੂਲੀ ਹੈ, ਪਰ ਜਦੋਂ ਕਦੀ ਮੌਤ ਨੂੰ ਬਾਹਲਾ ਚਾਉ ਚੜ੍ਹੇ ਤਾਂ ਇੱਕ ਘੜੀ ਵਿੱਚ ਸ਼ਹਿਰਾਂ ਦੇ ਸ਼ਹਿਰ ਹੇਠ ਉੱਤੇ ਕਰ ਦੇਂਦੀ ਹੈ। ਲਿਖਦੇ ਹਨ ਕਿ ਸੰਮਤ ੧੯੨੩ ਦੇ ਜਪਾਨੀ ਭੂਚਾਲ ਵਿੱਚ ੯੯੩੩੧ ਬੰਦੇ ਮੋਏ, ਇੱਕ ਲੱਖ ਚਾਰ ਹਜ਼ਾਰ ਦੇ ਕਰੀਬ ਫੱਟੜ ਹੋਏ ਤੇ ੪੩ ਹਜ਼ਾਰ ਬੰਦਿਆਂ ਦੀ ਉਘ ਸੁਘ ਨਹੀਂ ਮਿਲੀ। ਇਹ ਕਿੱਸਾ ਇੱਕ ਥਾਂ ਨਹੀਂ ਹਰ ਥਾਂ ਕਿਸੇ ਨਾ ਕਿਸੇ ਸਮੇਂ ਕਿਸੇ ਨਾ ਕਿਸੇ ਸ਼ਕਲ ਵਿੱਚ ਵਰਤਦਾ ਹੀ ਰਹਿੰਦਾ ਹੈ। ਯਕਾਯਕ ਹੋਣੀ ਆਉਂਦੀ ਹੈ ਜੋ ਬੰਦਿਆਂ ਦੇ ਸਭ ਹਿਸਾਬ ਭੰਨ ਤੋੜ ਕੇ ਚੂਰ ਕਰ ਦੇਂਦੀ ਹੈ। ਲੱਖਾਂ ਮਨੁੱਖ ਇਸਤ੍ਰੀਆਂ ਬੱਚੇ ਫਨਾਹ ਹੋ ਜਾਂਦੇ ਹਨ। ਦੋ ਕੁ ਦਿਨ ਹਾਹਾਕਾਰ ਮਚ ਜਾਂਦਾ ਹੈ, ਰਿਲੀਫ ਫੰਡ ਖੁਲ੍ਹ ਜਾਂਦੇ ਹਨ, ਚੌਥੇ ਦਿਨ ਸਭ ਭੁੱਲ ਜਾਂਦਾ ਹੈ ਅਤੇ ਪੰਜਵੇਂ ਦਿਨ ਅੱਗੋਂ ਨਾਲੋਂ ਭੀ ਵੱਧ ਰੌਣਕ ਹੋ ਜਾਂਦੀ ਹੈ।

ਵੇਖਣ ਵਾਲੀ ਗੱਲ ਹੈ ਕਿ ਮੌਤ ਭੀ ਕਸਰ ਕੋਈ ਨਹੀਂ ਛੱਡਦੀ ਪਰ ਦੁਨੀਆਂ ਦੀ ਆਦਮ ਗਿਣਤੀ ਵੱਧਦੀ ਜਾਂਦੀ ਹੈ। ਜੰਗਲਾਂ ਵਿੱਚ ਭੀ ਸ਼ਹਿਰ ਬਣ ਰਹੇ ਹਨ ਅਤੇ ਉਜਾੜ ਭੀ ਆਬਾਦ ਹੋ ਰਹੇ ਹਨ। ਇਹ ਕਿੱਸਾ ਸੌ ਦੋ ਸੌ

ਜਾਂ ਹਜ਼ਾਰ ਸਾਲ ਦਾ ਨਹੀਂ, ਇਸ ਭੌਂ ਰਹੀ ਧਰਤ ਸੁਹਾਵਣੀ ਉੱਤੇ ਲੱਖਾਂ ਬਾਦਸ਼ਾਹ ਤੇ ਕਰੋੜਾਂ ਅਮੀਰ ਆ ਕੇ ਆਪਣੀ ਆਪਣੀ ਚਲਾ ਕੇ ਚਲੇ ਗਏ। ਜੋ ਓੜਕ ਬਪੁੜਿਆਂ ਦੇ ਤਾਂ ਨਿਸ਼ਾਨ ਭੀ ਨਹੀ ਲੱਭਦੇ। ਖੰਡਰ ਥੇਹ ਦਬੇ ਹੋਏ ਸ਼ਹਿਰ ਤੇ ਕੌਮਾਂ ਦੇ ਇਤਿਹਾਸਕ ਨਿਸ਼ਾਨ ਨਿੱਤ ਨਵੇਂ ਲੱਭਦੇ ਰਹਿੰਦੇ ਹਨ ਪਰ ਧਨੀਆਂ ਵਿੱਚ ਪਹੁੰਚ ਨਹੀਂ ਕਿ ਉਨ੍ਹਾਂ ਦੇ ਨਾਮ, ਉਨ੍ਹਾਂ ਦੇ ਇਤਿਹਾਸ ਦਾ ਕਿਣਕਾ ਭੀ ਦੱਸ ਸਕਣ। ਕੋਲੰਬਸ ਨੇ ਆਪਣੇ ਜਾਣੇ ਅਮਰੀਕਾ ਲੱਭਾ ਸੀ, ਪਰ ਅਮਰੀਕਾ ਦੇ ਮੈਕਸੀਕੋ ਆਦਿ ਦੇਸ਼ਾਂ ਵਿੱਚ ਜੰਗਲਾਂ ਅਤੇ ਢੇਰਾਂ ਹੇਠ ਦੱਬੇ ਹੋਏ ਅਨਿਸਚਿਤ ਜ਼ਮਾਨਿਆਂ ਦੇ ਖੰਡਰ, ਮੂਰਤੀਆਂ-ਘਰ ਤੇ ਮਹਲ ਦੱਸ ਰਹੇ ਹਨ ਕਿ ਕਿਸੇ ਜ਼ਮਾਨੇ ਵਿੱਚ ਏਥੇ ਕੋਈ ਬੜੀ ਸੋਝੀ ਵਾਲੀ ਪ੍ਰਫੁੱਲਤ ਕੌਮ ਗਹਮਾ ਗਹਿਮ ਵੱਸ ਚੁੱਕੀ ਹੈ। ਸਾਡੇ ਭਾਣੇ ਯੂਨੀਵਰਸਿਟੀਆਂ ਯੂਰਪ ਵਾਲਿਆਂ ਨੇ ਹੀ ਸਾਡੇ ਲਈ ਪੱਛਮੋਂ ਲਿਆਂਦੀਆਂ ਹਨ, ਪਰ ਪਿਸ਼ਾਵਰ ਲਾਗੇ 'ਟੈਕਸਲਾ' ਦੇ ਖੰਡਰਾਂ ਨੂੰ ਜਾ ਕੇ ਵੇਖੋ ਤੇ ਹਾਲ ਸੁਣੋ ਕਿ ਕਿਸ ਤਰ੍ਹਾਂ ਏਥੇ ਇੱਕ ਯੁੱਗ ਵਸਦੀ ਯੂਨੀਵਰਸਿਟੀ ਲੱਗਦੀ ਸੀ। ਦੁਨੀਆਂ ਵਿੱਚ ਜ਼ਿੰਦਗੀ ਹੈ ਪਰ ਇਹ ਮੰਨਣਾ ਪੈਂਦਾ ਹੈ ਕਿ ਕਦਮ ਕਦਮ ਤੇ ਥਾਂ ਪਰ ਥਾਂ ਮੌਤ ਨੇ ਭੀ ਆਪਣੇ ਨਿਸ਼ਾਨ ਗੱਡੇ ਹੋਏ ਹਨ। ਇਹ ਧਰਤੀ ਇੱਕ ਵੱਡੀ ਸ਼ਮਸ਼ਾਨ-ਭੂਮੀ ਹੈ ਜਿਸ ਵਿੱਚ ਇੱਕੜ-ਦੁੱਕੜ ਨਹੀਂ ਸ਼ਹਿਰ ਦੇ ਸ਼ਹਿਰ, ਕੌਮਾਂ ਦੀਆਂ ਕੌਮਾਂ ਦੱਬੀਆਂ ਪਈਆਂ ਹਨ।

ਹਿੰਦੂ ਸ਼ਾਸਤਰ ਯੁਗਾਂ ਦਾ ਹਿਸਾਬ ਦੱਸਦੇ ਤੇ ਪੱਛਮੀ ਸਾਇੰਸ ਵਾਲੇ ਭੀ ਆਪਣੇ ਵਿਤ ਅਨੁਸਾਰ ਇਸ ਧਰਤੀ ਦੀ ਆਯੂ ਦਾ ਅੰਦਾਜ਼ਾ ਲਾਉਣ ਦੇ ਯਤਨ ਕਰਦੇ ਚਲੇ ਆਏ ਹਨ। ਕਦ ਤੇ ਕਿਸ ਤਰ੍ਹਾਂ ਇਹ ਧਰਤੀ ਸਾਜੀ ਗਈ, ਕਦੋਂ ਇਸ ਉੱਤੇ ਮੁੱਢਲੇ ਬਾਬੇ ਆਦਮ ਦੀ ਉਤਪਤੀ ਹੋਈ, ਸਾਡਾ ਬਾਬਾ ਆਦਮ ਤੇ ਉਸ ਦੀ ਹੱਵਾ ਕਿਸ ਤਰ੍ਹਾਂ ਰਹਿੰਦੇ ਸਹਿੰਦੇ, ਬੈਠਦੇ ਉਠਦੇ ਸਨ, ਕੀ ਖਾਂਦੇ ਸਨ, ਕੀ ਪੀਂਦੇ ਸਨ, ਉਨ੍ਹਾਂ ਨੂੰ ਦੁਨੀਆਂ ਵਿੱਚ ਕੀ ਸੁੱਖ ਸੀ ਤੇ ਕੀ ਦੁੱਖ ਸਨ—ਇਹ ਸਭ ਸੁਆਲ ਖਿਆਲਾਂ ਦੀ ਦੌੜ ਨੂੰ ਇਉਂ ਮਾਤ ਕਰਦੇ ਹਨ ਜਿਸ ਤਰ੍ਹਾਂ ਹਵਾ ਬੱਦਲਾਂ ਨੂੰ ਲੈ ਉਡਦੀ ਹੈ। ਇੰਨਾ ਕੁ ਠੀਕ ਜਾਪਦਾ ਹੈ ਕਿ ਮੁੱਢਲੇ ਆਦਮੀਆਂ ਤੇ ਜੰਗਲ ਦੇ ਪਸ਼ੂਆਂ ਵਿੱਚ ਬਾਹਲਾ ਫ਼ਰਕ ਨਹੀਂ ਹੋਣਾ। ਧਰਤੀ ਜੰਗਲਾਂ ਨਾਲ ਢੱਕੀ ਹੋਈ ਜਿਸ ਵਿੱਚ ਦਰਿੰਦੇ, ਚਰਿੰਦੇ ਪਰਿੰਦੇ ਭਰਪੂਰ ਹੋਣੇ ਹਨ ਤੇ ਟਾਵਾਂ ਟਾਵਾਂ ਇਹ ਦੋ ਟੰਗਾ ਜਾਨਵਰ

ਭੀ ਗੁੱਠਾਂ ਖੂੰਦਰਾਂ ਜਾਂ ਪਹਾੜੀ ਘੁਰਨਿਆਂ ਵਿੱਚ ਰਹਿ ਕੇ ਗੁਜ਼ਾਰਾ ਕਰਦਾ ਹੋਣਾ ਹੈ। ਉਨ੍ਹੀ ਦਿਨੀਂ ਮੌਤ ਬੜੀ ਸਸਤੀ ਹੋਣੀ ਹੈ। ਜਿਸ ਤਰ੍ਹਾਂ ਅੱਜ ਕੱਲ੍ਹ ਅਫਰੀਕਾ ਦੇ ਜੰਗਲਾਂ ਵਿੱਚ ਮਾੜੇ ਜਾਨਵਰਾਂ ਲਈ ਤਕੜਿਆਂ ਵਿੱਚ ਰਹਿਣਾ ਨਿਤ ਮੌਤ ਦਾ ਟਾਕਰਾ ਕਰਨਾ ਹੈ, ਏਸੇ ਤਰ੍ਹਾਂ ਸਾਡੇ ਨੰਗ ਧੜੰਗੇ ਬਜ਼ੁਰਗਾਂ ਨੂੰ ਵੀ ਆਪਣੀ ਖੁਰਾਕ ਤੇ ਪੋਸ਼ਸ ਲਈ ਨਿੱਤ ਜਾਨ ਹੀਲਣੀ ਪੈਂਦੀ ਹੋਵੇਗੀ।

ਹਿਸਾਬ ਲਾ ਕੇ ਦੱਸਿਆ ਜਾਂਦਾ ਹੈ ਕਿ ਇਸ ਧਰਤੀ ਨੂੰ ਇਹ ਨਿੱਗਰ ਰੂਪ ਧਾਰਿਆਂ ਘੱਟੋ-ਘੱਟ ਪੰਦਰਾਂ ਕਰੋੜ ਬਰਸ ਬੀਤ ਗਏ ਸਨ। ਇਸ ਲੰਮੇ ਸਮੇਂ ਵਿੱਚ ਆਦਮੀ ਦਾ ਜਨਮ ਕਿੱਥੋਂ ਕਿਸ ਪ੍ਰਕਾਰ ਹੋ ਗਿਆ, ਕਿਸੇ ਨੂੰ ਕੱਖ ਪਤਾ ਨਹੀਂ। ਜੇ ਇਸ ਸਮੇਂ ਤੋਂ ਹੋਰ ਪਿੱਛੇ ਚਲੇ ਜਾਈਏ ਤਾਂ ਅਕਲ ਚੱਕਰ ਖਾਣ ਲੱਗ ਪੈਂਦੀ ਹੈ। ਸਾਡੀ ਧਰਤੀ, ਸੂਰਜ, ਚੰਦਰਮਾਂ, ਸ਼ਨੀ, ਮੰਗਲ ਬ੍ਰਹਸਪਤ ਆਦਿ ਸਤਾਰੇ ਕਦੋਂ ਬਣੇ ਤੇ ਕਿਸ ਤਰ੍ਹਾਂ ਬਣੇ, ਭੀ ਇਕ ਡਾਢੀ ਸੁਆਦਲੀ ਤੇ ਸਿੱਖਿਆ ਦਾਇਕ ਖੋਜ ਹੈ। ਸੂਰਜ ਦੀ ਆਯੂ ਕੋਈ ਦਸ ਲੱਖ ਕਰੋੜ ਵਰ੍ਹੇ ਹੈ। ਪਰ ਇਹ ਇਤਨੀ ਆਯੂ ਵਾਲਾ ਸੂਰਜ ਕੇਵਲ ਸਾਡੇ ਲਈ ਹੀ ਵੱਡਾ ਹੈ, ਪ੍ਰਿਥਵੀ ਵਿੱਚ ਅਜੇਹੇ ਕਰੋੜਾਂ ਸੂਰਜ ਇਸ ਤੋਂ ਕਈ ਗੁਣਾਂ ਵੱਡੇ ਹਨ ਅਤੇ ਐਡੀ-ਐਡੀ ਦੂਰ ਹਨ ਕਿ ਉਨ੍ਹਾਂ ਦੀ ਰੋਸ਼ਨੀ ਫੀ ਸੈਕੰਡ ੧੮੬੦੦੦ ਮੀਲ ਰਫਤਾਰ ਨਾਲ ਆਉਂਦੀ ਨੂੰ ਸਾਡੇ ਕੋਲ ਪਹੁੰਚਣ ਲਈ ਦਸ ਲੱਖ ਵਰ੍ਹੇ ਲੱਗਦੇ ਹਨ। ਸਾਇੰਸਦਾਨ ਆਖਦੇ ਹਨ ਕਿ ਪ੍ਰਿਥਵੀ ਵਿੱਚ ਬੇ ਓੜਕ ਸੈਂਚੇ ਪਿਘਲੀ ਹੋਈ ਧਾਤ ਨਾਲੋਂ ਭੀ ਵਧੇਰੇ ਤਪੇ ਹੋਏ ਤਪ ਕੇ ਭਾਪ ਬਣੇ ਫਿਰ ਰਹੇ ਹਨ। ਆਮ ਤੌਰ ਤੇ ਉਹ ਇੱਕ ਦੂਜੇ ਨਾਲ ਟੱਕਰ ਨਹੀਂ ਖਾਂਦੇ, ਪਰ ਹੌਲੀ-ਹੌਲੀ ਛੋਟੇ ਤੇ ਘੱਟ ਹਰਾਰਤ ਵਾਲੇ ਹੁੰਦੇ ਹਨ ਤੇ ਕਈ ਅਰਬ ਖਰਬ ਵਰ੍ਹੇ ਪਾਕੇ ਸਾਡੀ ਧਰਤੀ ਵਾਂਗ ਠੰਡੇ ਹੋ ਜਾਂਦੇ ਹਨ। ਏਸ ਤਰ੍ਹਾਂ ਦੇ ਸੈਂਚਿਆਂ ਵਿਚੋਂ ਇੱਕ ਸੈਂਚਾ ਸਾਡੇ ਸੂਰਜ ਦਾ ਸੀ। ਇਸ ਦੇ ਨਜ਼ਦੀਕ ਸਬੱਬ ਨਾਲ ਕੋਈ ਹੋਰ ਵੱਡਾ ਸਤਾਰਾ ਹੋ ਕੇ ਲੰਘਿਆ ਜਿਸ ਕਰਕੇ ਸੂਰਜ ਦੀ ਭਾਪ ਦੇ ਹਿੱਸੇ ਓਸ ਲੰਘੇ ਜਾਂਦੇ ਸਤਾਰੇ ਵੱਲ ਨੂੰ ਕਸ਼ਸ਼ ਨਾਲ ਖਿੱਚੇ ਗਏ। ਸਿੱਟਾ ਇਹ ਨਿਕਲਿਆ ਕਿ ਸਾਡਾ ਬ੍ਰਹਮੰਡ ਬਣ ਗਿਆ ਅਥਵਾ ਸੂਰਜ ਦਾ ਪਰਵਾਰ ਧਰਤੀ, ਮੰਗਲ, ਬੁੱਧ, ਬ੍ਰਹਸਪਤ, ਸ਼ਨੀ, ਆਦਿ ਸੱਤ ਸਤਾਰੇ ਉਤਪੰਨ ਹੋ ਗਏ ਜਿਨ੍ਹਾਂ ਵਿਚੋਂ ਧਰਤੀ ਉੱਤੇ ਆਦਮੀ ਲਈ ਸਟੇਜ ਬਣ ਗਈ ਹੈ ਅਤੇ ਡਰਾਮਾ ਹੋ ਰਿਹਾ ਹੈ।

ਦੂਜਿਆਂ ਸਤਾਰਿਆਂ ਉੱਤੇ ਸਾਡੇ ਵਰਗੀਆਂ ਲੱਖਾਂ ਦੁਨੀਆਂ ਤੇ ਅਣਗਿਣਤ ਧਰਮ ਹੋਣਗੇ, ਕੋਈ ਕੀ ਕਹਿ ਸਕਦਾ ਹੈ। ਸੁਆਦਲੀ ਗੱਲ ਇਹ ਹੈ ਕਿ ਇਸ ਨਿੱਕੀ ਜਿਹੀ ਤ੍ਰਿਣ ਮਾਤਰ ਧਰਤੀ ਉੱਤੇ ਜਿਸ ਦਾ ਪ੍ਰਿਥਵੀ ਵਿੱਚ ਕੋਈ ਲੇਖਾ ਹੀ ਨਹੀਂ, ਮਨੁੱਖ ਆਪਣੇ ਖਿਆਲ ਇਨ੍ਹਾਂ ਕਈ ਕੋਟ ਖੰਡਾਂ ਵਰਭੰਡਾਂ ਦੇ ਕਰਤਾ ਦੀ ਮਿਤ ਗਤ ਲੇਖੇ ਵਿੱਚ ਲਿਆਉਣ ਲਈ ਦੌੜਦਾ ਰਹਿੰਦਾ ਹੈ। ਨਾ ਕੇਵਲ ਆਦਮੀ, ਨਾ ਕੇਵਲ ਇਹ ਦੁਨੀਆਂ ਬਲਕਿ ਸਾਰੀ ਪ੍ਰਿਥਵੀ ਦੀਆਂ ਧਰਤੀਆਂ ਤੇ ਸੂਰਜ ਤੇ ਸਿਤਾਰੇ ਤੇ ਸਿਆਰੇ ਉਪਜਦੇ, ਵਧਦੇ, ਘਟਦੇ, ਤਮਾਸ਼ਾ ਕਰਦੇ ਉਮਰਾਂ ਬਤੀਤ ਕਰਦੇ ਨਿਪਜਦੇ ਰਹਿੰਦੇ ਹਨ। ਪਿੱਛੇ ਇਹ ਹੁੰਦਾ ਰਿਹਾ ਹੈ ਅੱਗੇ ਨੂੰ ਹੁੰਦਾ ਰਹੇਗਾ।

ਭਲਾ ਅਸੀਂ ਏਸ ਸਾਰੀ ਰਚਨਾ ਦੇ ਘੜਨ ਵਾਲੇ ਨੂੰ, ਇਹ ਸਭ ਕੁਛ ਵਖਾਉਣ ਵਾਲੇ ਦੇ ਭੇਦ ਨੂੰ ਕਿਸ ਤਰ੍ਹਾਂ ਪਾ ਸਕਦੇ ਹਾਂ ?

ਮੌਤ ਕਿੱਥੇ ਨਹੀਂ ? ਸਾਰ ਹੈ ਕਿਸ ਨੂੰ ਨਹੀਂ ? ਸਭ ਨੂੰ ਹੈ। ਕੇਵਲ ਜਿਸ ਨੇ ਇਹ ਖੇਲ ਰਚਾਇਆ ਹੈ ਉਹ 'ਹੈ ਭੀ ਸਚੁ' ਤੇ 'ਨਾਨਕ ਹੋਸੀ ਭੀ ਸਚ'। ਡੂੰਘੀਆਂ ਵਿਚਾਰਾਂ ਵਿਚ ਨਾ ਪੈਂਦੇ ਹੋਏ ਜੇ ਆਖੀਏ ਕਿ ਸੰਸਾਰ ਵਿੱਚ ਸਭ ਨੂੰ ਜਨਮ ਤੇ ਸਭ ਨੂੰ ਮਰਨ ਹੈ—ਸਭ ਦਾ ਮਤਲਬ ਕੇਵਲ ਬੰਦੇ ਨਹੀਂ, ਕੇਵਲ ਅਵਤਾਰ ਤੇ ਅਉਲੀਏ ਹੀ ਨਹੀਂ, ਬਲਕਿ ਸਾਰੇ ਬ੍ਰਹਮੰਡ, ਸਾਰੇ ਸੂਰਜ, ਸਾਰੇ ਸਤਾਰੇ ਪ੍ਰਿਥਵੀ ਦਾ ਸਾਰਾ ਤਖਤਾ ਇਹ ਸਭ ਕੁਝ ਬਿਨਸਣਹਾਰ ਹੈ, ਤਾਂ ਭਲਾ ਸਾਨੂੰ ਇਸ ਧਰਤੀ ਉਤਲੇ ਜੀਵਾਂ ਨੂੰ ਕੀ ਸੋਗ ਤੇ ਕੀ ਹਰਖ ਹੋਣਾ ਚਾਹੀਦਾ ਹੈ ? ਅਸੀਂ ਆਪਣੀ ਮਾਨਸ ਬੁੱਧੀ ਨਾਲ ਅਨੇਕਾਂ ਗੱਲਾਂ ਦੀ ਖੋਜ ਕੀਤੀ ਹੈ, ਅਨੇਕਾਂ ਤੱਤ ਕੱਢੇ ਹਨ ਪਰ ਓੜਕ ਨੂੰ ਸੱਚ ਇਹ ਹੈ ਕਿ ਸਾਡੀਆਂ ਸਾਰੀਆਂ ਖੋਜਾਂ, ਸਾਰੇ ਤੱਤ, ਸਾਰੇ ਗਿਆਨ, ਸਾਰੇ ਫਲਸਫੇ ਅਧੂਰੇ ਤੇ ਕੱਚੇ ਹਨ, ਮੁਕੰਮਲ ਇੱਕ ਗੱਲ ਭੀ ਨਹੀਂ। ਤੁਛ ਜੇਹੀ ਮਿਸਾਲ ਲੈ ਲਓ। ਕੀ ਆਪ ਕਿਸੇ ਚੀਜ਼ ਦੀ ਲੰਬਾਈ ਪੂਰੀ ਤਰ੍ਹਾਂ ਮਿਣ ਸਕਦੇ ਹੋ ? ਨਹੀਂ, ਜੇ ਮਿਣਨ ਵਾਲਾ ਫੁਟਾ ਲੋਹੇ ਦਾ ਹੈ ਉਹ ਹਰ ਸਮੇਂ ਗਰਮੀ ਸਰਦੀ ਨਾਲ ਵੱਧਦਾ ਘੱਟਦਾ ਰਹਿੰਦਾ ਹੈ, ਜੇ ਕਾਠ ਦਾ ਹੈ ਉਸ ਦੀ ਲੰਬਾਈ ਨੂੰ ਹਵਾ ਵਿੱਚ ਦੀ ਨਮੀ ਖੁਸ਼ਕੀ ਭੀ ਬਦਲਦੀ ਰਹਿੰਦੀ ਹੈ, ਜੇ ਕਾਠ ਦਾ ਹੈ ਉਸ ਦੀ ਲੰਬਾਈ ਨੂੰ ਹਵਾ ਵਿੱਚ ਦੀ ਨਮੀ ਖੁਸ਼ਕੀ ਭੀ ਬਦਲਦੀ ਰਹਿੰਦੀ ਹੈ। ਪਰ ਭਲਾ ਮੰਨ ਲਓ ਕਿ ਫੁਟਾ ਹਰ ਸਮੇਂ ਹਾੜ-ਸਿਆਲ ਹਰ ਰੁੱਤ ਔਨ ਵਾਲ ਭਰ ਨਹੀਂ ਬਦਲਦਾ।

ਸਵਾਲ ਉੱਠਦਾ ਹੈ ਕਿ ਇਹ ਫੁਟ ਓਸ ਮੁੱਢਲੇ ਫੁੱਟ ਦੇ ਐਨ ਬਰਾਬਰ ਹੈ ਜੋ ਲੰਦਨ ਵਿੱਚ ਧਰਿਆ ਹੈ ਅਤੇ ਜੋ ਕਿ ਕੇਵਲ ਇੱਕ ਖਾਸ ਹਰਾਰਤ ਦੇ ਵੇਲੇ ਪੂਰਾ ਫੁਟ ਹੁੰਦਾ ਹੈ ? ਤੇ ਕੌਣ ਆਖ ਸਕਦਾ ਹੈ ਕਿ ਵੱਡੀਆਂ ਅਥਾਹ ਤਾਕਤਾਂ ਧਰਤੀ ਦੀ ਖਿੱਚ (Gravity) ਜਿਸ ਦਾ ਅਸਰ ਸਾਡੇ ਸਾਰੇ ਸਰੀਰ ਪਰ ਹੈ, ਚੰਦ ਦੀ ਖਿੱਚ ਜੋ ਸਮੁੰਦਰ ਵਿੱਚ ਜੁਆਰ ਭਾਟੇ ਕਰਦੀ ਹੈ, ਬ੍ਰਹਿਮਾਂਡ ਦੀ ਖਿੱਚ ਬ੍ਰਹਿਮਾਂਡ ਦੇ ਅਣਗਿਣਤ ਸਤਾਰਿਆਂ ਦੀ ਖਿੱਚ ਜੋ ਸਾਡੀ ਧਰਤੀ ਦੇ ਨੇੜੇ ਕਦੇ ਦੁਰਾਡੇ ਹੁੰਦੇ ਜਾਂਦੇ ਰਹਿੰਦੇ ਹਨ ਤੇ ਸਾਡੀ ਧਰਤੀ ਦੀ ਦੌੜ, ਇਨ੍ਹਾਂ ਸਾਰੀਆਂ ਤਾਕਤਾਂ ਦਾ ਸਾਡੇ ਮਿਣਨ ਵਾਲੇ ਸੰਦਾਂ, ਸਾਡੀ ਆਪਣੀ ਨਜ਼ਰ ਸੁਰਤ ਤੇ ਹੱਥਾਂ ਪੈਰਾਂ ਉੱਤੇ ਅਸਰ ਉੱਕਾ ਨਹੀਂ ਹੈ ?

ਧਰਤੀ ਸਾਨੂੰ ਸਭ ਨੂੰ ਤੇ ਹੋਰ ਚੀਜ਼ਾਂ ਨੂੰ ਆਪਣੇ ਵੱਲ ਖਿੱਚ ਪਾਉਂਦੀ ਹੈ ਤੇ ਧਰਤੀ ਨੂੰ ਬ੍ਰਹਿਮੰਡ ਦੇ ਹੋਰ ਸਤਾਰੇ ਖਿੱਚ ਪਾਉਂਦੇ ਹਨ। ਇਹ ਖਿੱਚ ਕੀ ਚੀਜ਼ ਹੈ, ਦਿਸਦੀ ਨਹੀਂ, ਮੁਸ਼ਕਦੀ ਨਹੀਂ, ਹੱਥਾਂ ਨੂੰ ਲੱਭਦੀ ਨਹੀਂ। ਸਾਡੇ ਦਿਨ ਰਾਤ ਦੇ ਹਿਸਾਬ ਤੇ ਘੜੀਆਂ ਸਭ ਏਸ ਖਿੱਚ ਨਾਲ ਚਲਦੇ ਹਨ। ਕੀ ਇਹ ਖਿੱਚ ਸਦਾ ਇਕਸੇ ਮਾਤ੍ਰ ਰਹੀ ਹੈ? ਕੌਣ ਕਹਿ ਸਕਦਾ ਹੈ ? ਜੇ ਵੱਧਦੀ ਘਟਦੀ ਹੈ ਤਦ ਸਾਡੀਆਂ ਘੜੀਆਂ ਭੀ ਦਿਨ ਰਾਤ ਚਾਨਣ ਹਨੇਰ ਦੇ ਸਮੇਂ ਵੱਧ ਘੱਟ ਮਿਣਦੀਆਂ ਹੋਣਗੀਆਂ ਤੇ ਸਾਨੂੰ ਪਤਾ ਨਹੀਂ ਲੱਗ ਸਕਦਾ। ਕੀ ਸਾਡੀ ਧਰਤੀ ਆਕਾਸ਼ ਵਿੱਚ ਡਿਗ ਰਹੀ ਹੈ। ਅਕਾਸ਼ ਵਿੱਚ ਡਿੱਗਣਾ ਚੜ੍ਹਨਾ ਕਿੱਥੇ ਹੈ, ਨਾ ਊਚ ਨੀਚ ਹੈ ਨਾ ਲੰਮਾ ਨਾ ਚੜ੍ਹਾਉ।

ਸਿਆਣੇ ਆਖਦੇ ਹਨ ਮਾਦਾ ਜੜ ਵਸਤੂ ਹੈ ਤੇ ਰੂਹ ਅਥਵਾ ਜੀਵ ਹੋਰ ਹੈ। ਕੀ ਕਦੇ ਜੜ੍ਹ ਤੇ ਜੀਵ ਕਿਸੇ ਨੇ ਵੱਖ ਵੱਖ ਦੇਖੇ ਹਨ ? ਜੋ ਕੁਝ ਸੁਣਦਾ ਦਿਸਦਾ ਭਾਸਦਾ ਹੈ ਸਰੀਰ ਨਾਲ ਹੁੰਦਾ ਹੈ, ਸਰੀਰ ਬਿਨਾਂ ਕੁਝ ਭੀ ਨਹੀਂ। ਤੇ ਕੀ ਸਰੀਰ ਆਪ ਜੜ੍ਹ ਨਹੀਂ ਜਾਂ ਜੜ੍ਹ ਤੇ ਰੂਹ ਦੋਹਾਂ ਦਾ ਮੇਲ ਹੈ ? ਕੀ ਸਾਡੀ ਸੋਝੀ ਕੰਨ ਨੱਕ ਅੱਖਾਂ ਮਾਸ (ਜੋ ਕਿ ਜੜ੍ਹ ਚੀਜ਼ਾਂ ਹਨ) ਬਿਨਾਂ ਹੋ ਸਕਦੀ ਹੈ ? ਜੜ੍ਹ ਤੇ ਜੀਵ ਪ੍ਰਤੀਤ ਹੁੰਦੇ ਹਨ। ਜੀਵ ਬਿਨਾਂ ਜੜ੍ਹਾਂ ਵਿਅਰਥ ਹੈ। ਅਰਥਾਤ ਜੀਵ ਤੇ ਜੜ੍ਹ ਸਭ ਇਕਸੇ ਚੀਜ਼ ਦੇ ਦੋ ਪਾਸੇ ਹਨ।

ਜਿਹੜਾ ਬੰਦਾ ਆਖੇ ਆਹ ਗੱਲ ਇਂਵ ਹੈ ਬਸ ਏਦੂੰ ਰੱਤੀ ਵੱਧ ਨਾ ਤਿਲ ਘੱਟ ਹੈ, ਸਮਝੋ ਵਿਚਾਰਵਾਨ ਨਹੀਂ। ਕੀ ਇੱਕ ਘਰ ਦੀਆਂ ਕੰਧਾਂ ਧਰਤੀ ਨੂੰ ਸਿਧੀਆਂ ਸਤੋਲ (Perpendicular) ਹਨ ? ਇੱਕੋ ਗੁਣੀਏ ਵਿੱਚ ਹਨ ?

ਉੱਕਾ ਨਹੀਂ–ਕਿਸੇ ਹਿਸਾਬ ਦਾਨ ਨੂੰ ਪੁੱਛ ਕੇ ਦੇਖੋ। ਨਿੱਕੇ ਤੋਂ ਨਿੱਕਾ ਕੋਈ ਆਮ ਪ੍ਰਚੱਲਤ ਸੱਚ ਲੈ ਲਓ ਤੇ ਫੇਰ ਉਸ ਦੀ ਪੜਚੋਲ ਕਰੋ, ਪਤਾ ਲੱਗੇਗਾ ਕਿ ਉਹ ਸੱਚ ਕੇਵਲ ਖਾਸ ਹਾਲਤਾਂ ਵਿੱਚ ਸੱਚ ਹੈ, ਓਹਨਾਂ ਹਾਲਤਾਂ ਵਿਚੋਂ ਇੱਕ ਅੱਧਾ ਭੀ ਏਧਰ ਓਧਰ ਹੋ ਜਾਵੇ ਸਾਡੇ ਸੱਚ ਦਾ ਹੁਲੀਆ ਹੀ ਬਦਲ ਜਾਂਦਾ ਹੈ ਕਿ ਰੱਬ ਹੈ। ਕੋਈ ਨਹੀਂ-ਕਿਉਂ ? ਕਿਸੇ ਕਦੇ ਵੇਖਿਆ ਨਹੀਂ। ਪਰ ਜੇ ਆਖੀਏ ਕਿ ਸਾਰੀਆਂ ਉਹ ਗੱਲਾਂ ਜੋ ਅਸੀਂ ਆਦਮੀ ਨਹੀਂ ਕਰ ਸਕਦੇ, ਸਾਰੀਆਂ ਉਹ ਹੋਂਦਾਂ ਜਿਨ੍ਹਾਂ ਦਾ ਸਾਨੂੰ ਗਿਆਨ ਨਹੀਂ ਕੋਈ, ਸ਼ਕਤੀ ਕਰਦੀ ਹੈ ਤਦ ਸਮਝ ਲਓ ਰੱਬ ਹੈ–ਅਥਵਾ ਜੋ ਅਸੀਂ ਆਪ ਜਾਣਦੇ ਬੁਝਦੇ ਨਹੀਂ ਉਹ ਸਭ ਰੱਬ ਤੋਂ ਹੈ, ਕੀ ਅਰਥ ਨਿਕਲਿਆ ? ਕੁਝ ਵੀ ਨਹੀਂ। ਕੀੜੀ ਨੂੰ ਪੁੱਛੋ ਉਸ ਦੇ ਭਾਣੇ ਸਭ ਮੈਦਾਨ ਹੀ ਮੈਦਾਨ ਹੈ, ਮੱਛੀ ਭਾਣੇ ਸਭ ਜਲ ਹੀ ਜਲ, ਪੰਛੀ ਭਾਣੇ ਸਭ ਹਵਾ, ਠੀਕ ਕੋਈ ਵੀ ਨਹੀਂ। ਸੂਫੀ ਕਹਿੰਦਾ ਹੈ ਧਰਤੀ ਅਸਥਿਰ ਹੈ, ਨਸ਼ਈ ਕਹਿੰਦਾ ਹੈ ਨਹੀਂ ਡੋਲਦੀ ਹੈ। ਦੂਜੇ ਬੰਨੇ ਅਨਪੜ੍ਹ ਆਖਦਾ ਹੈ ਧਰਤੀ ਖਲੋਤੀ ਹੈ, ਪੜ੍ਹਿਆ ਹੋਇਆ ਆਖਦਾ ਹੈ ਧਰਤੀ ਭੱਜੀ ਜਾਂਦੀ ਹੈ ਸਭ ਸੱਚੇ ਹਨ ਤੇ ਨਹੀਂ ਭੀ। ਇਹ ਗੱਲ ਸੋਲਾਂ ਆਨੇ ਸੱਚ ਹੈ ਕਿ ਮਨੁੱਖਾਂ ਦੀ ਖੋਜ ਨਾਲ ਕੱਢਿਆ ਹੋਇਆ ਕੋਈ ਭੀ ਸੱਚ ਕਦੇ ਸੱਚ ਦੇ ਸਾਰੇ ਅੰਗ ਪੂਰੇ ਨਹੀਂ ਕਰਦਾ। ਜੇ ਕੋਈ ਗੱਲ ਅੱਜ ਇਂਵ ਜਾਪਦੀ ਹੈ ਕਲ੍ਹ ਨੂੰ ਓਹ ਕਿਆਸ ਝੂਠਾ ਸਾਬਤ ਹੋ ਜਾਂਦਾ ਹੈ। ਹੋਰ ਤਾਂ ਹੋਰ ਅਸੀਂ ਐਡੇ ਚਤੁਰ ਤੇ ਗਿਆਨਵਾਨ ਲੱਖਾਂ ਸਾਲਾਂ ਵਿੱਚ ਇਹ ਭੀ ਦਸ ਨਹੀਂ ਸਕੇ ਕਿ ਸਰਜੀਓ ਤੇ ਨਿਰਜੀਓ ਵਿੱਚ ਕਿਹੜਾ ਖਾਸ ਚਿਹਨ ਭੇਦ ਵਾਲਾ ਹੈ। ਸਾਇੰਸਦਾਨਾਂ ਨੂੰ ਹਾਲਾਂ ਪਤਾ ਨਹੀਂ ਲੱਗਾ ਕਿ ਜਾਨਦਾਰ ਤੇ ਬੇਜਾਨ ਚੀਜ਼ਾਂ ਵਿਚਕਾਰ ਹੱਦ ਕਿੱਥੇ ਹੈ ? ਇਸੇ ਤਰ੍ਹਾਂ ਇਹ ਜੋ ਮੌਤ ਦਾ ਡਰ ਹੈ ਇਹ ਭੀ ਇਸੇ ਭੁਲੇਖੇ ਵਾਲੀ ਬੁਧੀ ਨਾਲ ਹੈ। ਜਦ ਕਿਸੇ ਵੀ ਚੀਜ਼ ਦਾ ਪੂਰਾ ਪਤਾ ਨਹੀਂ ਤਾਂ ਮੌਤ ਦਾ ਕੀ ਪਤਾ ਹੋ ਸਕਦਾ ਹੈ ? ਸਾਇੰਸਦਾਨ ਆਖਦੇ ਹਨ ਕੀ (Presumption Precedes Knowledge ਅਰਥਾਤ ਗਿਆਨ ਤੋਂ ਪਹਿਲਾਂ ਕਿਆਸ ਹੁੰਦਾ ਹੈ ? ਕਿਸ ਚੀਜ਼ ਦਾ ਗਿਆਨ ਮਗਰੋਂ ਹੁੰਦਾ ਹੈ? ਪਹਿਲੋਂ ਉਸ ਦੇ ਚਿਹਨ ਚੱਕ੍ਰ ਨਾਉ ਥਾਉਂ ਦਾ ਕਿਆਸ ਦਿਲ ਵਿੱਚ ਬੱਝਦਾ ਹੈ, ਫੇਰ ਜਿਉਂ ਜਿਉਂ ਕਿਆਸ ਵਾਰੀ ਵਾਰੀ ਸੱਚੇ ਯਾ ਝੂਠੇ ਹੁੰਦੇ ਜਾਂਦੇ ਹਨ, ਝੂਠੇ ਕਿਆਸ ਤਿਆਗ ਦਿੱਤੇ ਜਾਂਦੇ ਹਨ, ਸੱਚੇ ਸਾਬਤ ਹੋਏ ਕਿਆਸ ਕੋਲ ਰਹਿ ਜਾਂਦੇ

ਹਨ। ਇਸ ਨੂੰ ਗਿਆਨ ਆਖੀਦਾ ਹੈ। ਏਸੇ ਤਰ੍ਹਾਂ ਮੌਤ ਦੇ ਦੂਜੇ ਬੰਨੇ ਦਾ ਸਾਨੂੰ ਕਿਆਸ ਹੀ ਕਿਆਸ ਹੈ, ਗਿਆਨ ਕੱਖ ਨਹੀਂ। ਅਸੀਂ ਕਿਆਸ ਦੁੜਾ ਰਹੇ ਹਾਂ ਪਰ ਸਾਡੇ ਕਿਆਸ ਬਾਕੀ ਦੀ ਦੁਨੀਆਂ ਦੀ ਹੋਂਦ, ਰੌਣਕ ਤੇ ਉਤਸ਼ਾਹ ਦੇ ਅਨਕੂਲ ਹੋਣੇ ਚਾਹੀਦੇ ਹਨ, ਅਤੇ ਇਸ ਰੌਣਕੀ ਤੇ ਰੰਗੀਲੇ ਰੱਬ ਦੀ ਦੁਨੀਆਂ ਵਿੱਚ ਉਦਾਸੀ ਤੇ ਨਿਰਾਸਤਾ ਨੂੰ ਥਾਂ ਨਹੀਂ ਹੈ। ਜੇ ਕਰ ਮੌਤ ਭੀ ਰੱਬ ਭੇਜਦਾ ਹੈ ਤਾਂ ਚਾਹੀਦਾ ਹੈ ਕਿ ਮੌਤ ਨੂੰ ਜਸ਼ਨ ਵਾਂਗ ਮਨਾਇਆ ਜਾਵੇ, ਜਿਸ ਤਰ੍ਹਾਂ ਕਾਲੀ ਦੇ ਉਪਾਸ਼ਕ ਕਾਲੀ ਨੂੰ ਕੁਰਬਾਨੀ ਖੁਸ਼ ਹੋ ਕੇ ਦੇਂਦੇ ਹਨ।

ਜਦ ਸਾਡੇ ਅੰਦਰ ਮੌਤ ਦਾ ਡਰ ਜਾਂ ਫਿਕਰ ਆਵੇ ਸਾਨੂੰ ਉਚਿਤ ਹੈ ਕਿ ਅਸੀਂ ਆਪਣੀ ਹਉਂ ਦੇ ਖੂਹ ਵਿੱਚੋਂ ਨਿਕਲ ਵੱਡੀ ਦੁਨੀਆਂ ਵੱਲ ਨਜ਼ਰ ਮਾਰੀਏ ਤੇ ਸੋਚੀਏ ਕਿ ਇਹ ਸਭ ਬੇਅੰਤ ਪਸਾਰਾ ਜੀਵਨ ਹੈ ਕਿ ਮੌਤ, ਹੋਂਦ ਹੈ ਕਿ ਨਾ ਹੋਂਦ। ਜੇ ਕਰ ਮੌਤ ਨਾਮ ਨਾਸ ਹੋਣ ਦਾ ਹੋਵੇ ਤਾਂ ਐਨ ਲੱਖਾਂ ਕਰੋੜਾਂ ਵਰ੍ਹਿਆਂ ਵਿੱਚ ਇੱਕ ਦੁਨੀਆਂ ਕੀ ਹਜ਼ਾਰਾਂ ਦੁਨੀਆਂ ਨਾਸ਼ ਹੋ ਜਾਣ। ਜੇ ਇੰਨਾ ਕੁਝ ਨਾਸ ਹੋ ਕੇ ਫੇਰ ਇੰਨਾ ਕੁਝ ਹਾਲਾਂ ਨਾਸ ਹੋਣਾ ਹੈ ਤਾਂ ਸਮਝੋ ਹਾਲਾਂ ਪੂਣੀ ਵੀ ਨਹੀਂ ਕੱਤੀ ਗਈ। ਅਸਚਰਜ ਗੱਲ ਇਹ ਹੈ ਕਿ ਇਹ ਸਭ ਕੁਝ ਜੇ ਨਾਸ਼ ਹੋ ਜਾਵੇ ਤਦ ਭੀ ਮਨੁੱਖੀ ਹਿਰਦੇ ਵਿੱਚ ਏਸ ਨਾਸ਼ ਨੂੰ ਵੇਖਣ ਵਾਲਾ ਸਭ ਕੁਝ ਨਾਸ਼ ਕਰ ਕੇ ਆਪ ਫੇਰ ਕਾਇਮ ਰਹਿਣ ਵਾਲਾ ਕੋਈ ਅਬਨਾਸ਼ੀ ਬੈਠਾ ਹੈ ਜਿਹੜਾ ਕਹਿੰਦਾ ਹੈ, ਫੇਰ ਕੀ ਹੋਵੇਗਾ ? ਜਿਸ ਤਰ੍ਹਾਂ ਅੱਧਾ ਡਰਾਮਾ ਮੁਕਣ ਪਰ ਵੇਖਣ ਵਾਲਾ ਫੇਰ ਉਡੀਕਣ ਲੱਗ ਪੈਂਦਾ ਹੈ ਕਿ ਹੁਣ ਕਦ ਪਰਦਾ ਉਠੇਗਾ ਤੇ ਜੇ ਆਹ ਸੂਰਜ ਚੰਦ ਸਤਾਰੇ ਵੀ ਇੱਕ ਦਿਨ ਮਾਂਦ ਹੋ ਜਾਣੇ ਹਨ ਤਾਂ ਇੱਕ ਅਸੀਂ ਹੀ ਤਾਂ ਨਾਸ਼ਵਾਨ ਨਹੀਂ, ਸਾਰਾ ਮੇਲ ਹੀ ਵਿਛੜ ਜਾਵੇਗਾ। ਪਰ ਜੇ ਇੱਕ ਵਾਰ ਮੇਲਾ ਲੱਗ ਸਕਦਾ ਹੈ ਕਿਉਂ ਦੂਜੀ ਵਾਰ ਨਹੀਂ ਲੱਗ ਸਕਦਾ? ਜੇ ਭਰ ਕੇ ਵਿਛੜ ਸਕਦਾ ਹੈ ਤਾਂ ਵਿਛੜ ਕੇ ਭਰ ਕਿਉਂ ਨਹੀਂ ਸਕੇਗਾ ?

ਕਹਿੰਦੇ ਸਨ ਕਿ ਪਰਲੋ ਆਵੇਗੀ। ਆਵੇਗੀ ਤਾਂ ਸਭ ਨੂੰ ਆਵੇਗੀ ਨਾ! ਕਿਹੜੀ ਚੀਜ਼ ਹੈ, ਕਿਹੜੀ ਮਹਿਫਲ ਹੈ, ਕਿਹੜਾ ਕੌਣ ਹੈ ਜਿਸ ਨੂੰ ਪਰਲੋ ਨਹੀਂ ਆਈ ? ਪਰ. ਏਨੀਆਂ ਪਰਲੋਆਂ ਦੇ ਹੁੰਦਿਆਂ ਅੱਜ ਤੀਕ ਤਾਂ ਅਸੀਂ ਹਾਂ, ਕੱਲ ਨੂੰ ਕਿਉਂ ਮੁੱਕ ਜਾਵਾਂਗੇ ? ਕੀ ਜਿਸ ਨੇ ਆਹ ਨਿੱਕੀ ਜੇਹੀ ਦੁਨੀਆਂ ਵਸਾ ਕੇ ਸਾਨੂੰ ਦਿਨ ਰਾਤ ਖੇਲ ਵਿੱਚ ਲਾ ਦਿੱਤਾ ਹੈ ਉਸ

ਕੱਲ ਹੋਰ ਦੁਨੀਆਂ, ਹੋਰ ਤਖਤੇ, ਹੋਰ ਦਿਨ ਤੇ ਹੋਰ ਰਾਤਾਂ ਨਹੀਂ ਹਨ ? ਤੇ ਜਦ ਪਰਲੋ ਆਊ ਤਦ ਆਊ, ਹਾਲ ਦੀ ਘੜੀ ਤਾਂ ਆਪਣੇ ਜੀਵਨ ਦੀ ਮਹਿਕ ਨਾਲ ਅਨੰਦ, ਖੁਸ਼ੀ ਤੇ ਰਸ ਖਿਲਾਰੀ ਜਾਓ, ਜਿਸ ਤਰ੍ਹਾਂ ਚੰਦ, ਸੂਰਜ ਤੇ ਸਤਾਰੇ ਭੌਂ ਰਹੇ ਹਨ, ਥੱਕਦੇ ਨਹੀਂ, ਰੁਕਦੇ ਨਹੀਂ, ਅਟਕਦੇ ਨਹੀਂ, ਉਲਝਦੇ ਨਹੀਂ, ਸੋਚੀਂ ਨਹੀਂ ਪੈਂਦੇ, ਫਿਕਰ ਨਹੀਂ ਕਰਦੇ, ਐਨ ਉਸੇ ਤਰ੍ਹਾਂ ਚਲੇ ਚਲੋ। ਐਡੇ ਵੱਡੇ ਡਰਾਮੇ ਵਿੱਚ ਖੇਲਣ ਦਾ ਅਰਥ ਇਹ ਹੈ ਕਿ ਕੇਵਲ ਆਪਣੇ ਤੁਛ ਜੇਹੇ ਸੁੱਕੇ ਸੜੇ ਰੋਗੀ ਖਿਆਲਾਂ ਵਿੱਚ ਉਲਝ ਕੇ ਨਾ ਰਹਿ ਜਾਓ, ਅਪਣੀ ਨਿੱਕੀ ਜੇਹੀ ਹਉਮੈਂ ਦੀ ਦੁਨੀਆਂ ਤੋਂ ਬਾਹਰ ਨਿਕਲੋ। ਮੰਜੇ ਉੱਤੇ ਲੰਮੇ ਪੈ ਕੇ ਸਤਾਰੇ ਗਿਣੋ ਤੇ ਬਾਪੂ ਦੇ ਖਜ਼ਾਨੇ ਦਾ, ਉਸ ਦੀ ਵਡਿਆਈ ਦਾ ਅਨੁਮਾਨ ਲਾਓ। ਉਸ ਦੇ ਸੂਰਜ ਜੇਡੇ ਹੀਰਿਆਂ ਤੇ ਚੰਦ ਜੇਡੇ ਮੋਤੀਆਂ ਵੱਲ ਤੱਕੋ ਤੇ ਵਿਚਾਰੋ ਕਿ ਐਨੇ ਕੁਝ ਦੇ ਹੁੰਦਿਆਂ ਸੁੰਦਿਆਂ ਮੌਤ ਕੇਵਲ ਸਾਨੂੰ ਹੀ ਆ ਸਕਦੀ ਹੈ ?

੪ ਤੇ ੫

ਕੀ ਮੌਤ ਨਾਮ ਨਾਸ ਹੋਣ ਦਾ ਹੈ ?

'ਫਰੀਦਾ ਮਉਤੈ ਦਾ ਬੰਨਾ ਇਵੈ ਦਿਸੈ
ਜਿਉ ਦਰੀਆਵੈ ਢਾਹਾ.......,
ਇਕਨਾਂ ਨੋ ਸਭ ਸੋਝੀ ਆਈ
ਇੱਕ ਫਿਰਦੇ ਵੇਪਰਵਾਹਾ......।'

ਦਰਿਆ ਦੀ ਢਾਹ ਵਰਗੀ ਪ੍ਰਤੱਖ ਦੂਰੋਂ ਦਿੱਸਣ ਵਾਲੀਆਂ, ਨਦੀ ਦੇ ਪਾਟ ਨੂੰ ਪਾਰ ਕਰਨ ਦੀ ਤਿਆਰੀ ਲਈ ਵੰਗਾਰਨ ਵਾਲੀਆਂ ਅਥਵਾ ਇੱਕ ਔਖ ਲੰਘਣ ਦਾ ਦੂਰੋਂ ਪਤਾ ਦੇਣ ਵਾਲੀਆਂ ਹੋਰ ਬੜੀਆਂ ਘੱਟ ਚੀਜ਼ਾਂ ਹਨ। ਜਿਨ੍ਹਾਂ ਨੂੰ ਮੌਤ ਸਾਹਮਣੇ ਦਿਸ ਪੈਂਦੀ ਹੈ, ਤੇ ਜਿਨ੍ਹਾਂ ਦੇ ਦਿਲੋਂ ਭੁੱਲਦੀ ਨਹੀਂ ਉਹ ਪੱਤਣ ਭੀ ਲੱਭ ਹੀ ਲੈਂਦੇ ਹਨ। ਸੋ ਜ਼ਰੂਰੀ ਹੈ ਕਿ ਮੌਤ ਨਾਲ ਚੰਗੂ ਨਿਸੰਗ ਹੋ ਕੇ ਗੱਲਾਂ ਕਰੀਏ। ਸੰਭਵ ਹੈ ਕਾਲੀ ਮਾਈ ਦੇ ਵਹਿਣ ਵਿੱਚ ਕੁਛ ਭਲਿਆਈ ਹੀ ਨਿਕਲ ਪਵੇ।

ਇਹ ਪਿੱਛੇ ਦਸਿਆ ਜਾ ਚੁੱਕਾ ਹੈ ਕਿ ਮਰਨਾ ਕੋਈ ਬਾਹਲੀ ਪੀੜਤ ਕਰਨ ਵਾਲੀ ਵਰਤੋਂ ਨਹੀਂ, ਸਾਰਾ ਦੁੱਖ, ਕਲੇਸ਼, ਭੈਅ ਤੇ ਅਸ਼ਾਂਤੀ ਇਸ ਕਰਕੇ ਹਨ ਕਿ ਜਿੱਥੇ ਦਿਲ ਲੱਗਾ ਹੋਇਆ ਸੀ ਉਹ ਥਾਂ ਤੇ ਸਭ ਕੁਛ ਛੱਡ ਜਾਣਾ ਹੈ ਤੇ ਪਤਾ ਨਹੀਂ ਕੀ ਹੈ ? ਜਿਸ ਥਾਂ ਦਾ ਪਤਾ ਉਸ ਨੂੰ ਛੱਡ ਕੇ ਬੇਪਤੇ ਬੇਠਿਕਾਣੇ ਹੋ ਕੇ ਕਿਧਰੇ ਜਾਣ ਲੱਗਿਆਂ ਸਦਾ ਹੀ ਡਰ ਲੱਗਦਾ ਹੈ। ਸੁਆਲ ਇਹ ਫੁਰਦਾ ਹੈ ਕਿ ਕੀ ਮਰਨਾ ਉੱਕਾ ਹੀ ਨਾਸ ਹੋ ਜਾਣ ਸਮਾਨ ਹੈ ? ਜਿਸ ਤਰ੍ਹਾਂ ਫੱਟੀ ਉਤੋਂ ਹਰਫ ਮੇਸ ਦੇਈਦਾ ਹੈ, ਕੀ ਬੰਦੇ ਭੀ ਏਸ ਤਰ੍ਹਾਂ ਉੱਕਾ ਨਾਸ ਹੋ ਜਾਂਦੇ ਹਨ ਤੇ ਇਨ੍ਹਾਂ ਦੇ ਸਰੀਰ, ਮਨ, ਦਿਮਾਗ, ਖਿਆਲ, ਹੁੱਬ, ਵਲਵਲੇ ਅਰਮਾਨ, ਉਮੈਦਾਂ ਤੇ ਤਰੰਗ ਆਦਿਕ ਬਸ ਉੱਕਾ ਚੁਕਾ ਵਿਣਸ ਜਾਂਦੇ ਹਨ ? ਅਰਥਾਤ ਜਿਸ ਤਰ੍ਹਾਂ......ਸੋਚਣ ਲੱਗਿਆਂ ਕਿ ਕਿਹੜੀ ਚੀਜ਼ ਦਾ ਪ੍ਰਮਾਣ ਦੇਈਏ ਜੋ ਉੱਕਾ ਨਾਸ ਹੋ ਜਾਂਦੀ ਹੋਵੇ, ਜਿਸਦਾ ਖੁਰਾ ਖੋਜ

ਨਿਸ਼ਾਨ ਥਹੁ ਪਤਾ ਇੱਕ ਕਿਣਕਾ ਮਾਤਰ ਵੀ ਨਾ ਰਹਿੰਦਾ ਹੋਵੇ, ਬਹੁਤ ਸੋਚਿਆ ਪਰ ਦੁਨੀਆ ਵਿੱਚ ਕੋਈ ਅਜਿਹੀ ਤੁੱਛ ਸੂਖਮ ਤੋਂ ਸੂਖਮ ਵਸਤੂ ਨਹੀਂ ਦਿਸਦੀ ਜੋ ਅਸਲੋਂ ਕਦੇ ਬੀਜ ਨਾਸ ਹੋ ਜਾਵੇ। ਪਾਠਕ ਵਿਚਾਰ ਕਰ ਵੇਖਣ, ਅਜਿਹੀ ਕੋਈ ਸ਼ੈਅ ਨਹੀਂ ਲੱਭੇਗੀ, ਬਲਕਿ ਨਾਸ ਹੋਣ ਦਾ ਖਿਆਲ ਹੀ ਕਰਨਾ ਅਸੰਭਵ ਜਾਪਦਾ ਹੈ । ਬ੍ਰਹਿਮੰਡ ਵਿੱਚ ਕਦੇ ਕੋਈ ਚੀਜ਼ ਨਾਸ ਨਹੀਂ ਹੋਈ, ਨਾ ਹੋ ਸਕਦੀ ਹੈ। ਰੂਹ, ਆਤਮਾ, ਸੁਰਤੀ, ਵਾਸ਼ਨਾ ਤਾਂ ਅੱਡ ਰਹੇ ਮਾਮੂਲੀ ਮਿੱਟੀ ਘੱਟਾ ਇੱਟ ਵੱਟੇ ਆਦਿ ਜੜ੍ਹ ਵਸਤੂਆਂ ਵੀ ਨਾਸਵਾਨ ਨਹੀਂ ਹਨ। ਸਾਇੰਸਦਾਨਾਂ ਨਾਲੋਂ ਵਧ ਕੇ ਮਾਇਆ-ਪੂਜ ਤੇ ਨਾਸਤਕ ਕੌਣ ਹੋ ਸਕਦਾ ਹੈ ? ਰਸਾਇਣ ਵਿਦਿਆ ਦਾ ਮੁੱਢਲਾ ਅਸੂਲ ਇਹ ਹੈ ਕਿ ਕੁਦਰਤ ਵਿੱਚ ਨਾਸ ਕਦੇ ਕੁਝ ਨਹੀਂ ਹੁੰਦਾ (Nothing is lost in Nature) ਅਰਥਾਤ ਦੁਨੀਆਂ ਵਿੱਚ ਜੋ ਪਦਾਰਥ ਅੱਜ ਹੈ ਤੋਲ ਮਿਣਕੇ ਵੇਖੀਏ ਤਾਂ ਅੱਜ ਤੋਂ ਲੱਖ ਸਾਲ ਨੂੰ ਭੀ ਰੱਤੀ ਮਾਸਾ ਤੀਕ ਓਨਾ ਹੀ ਹੋਵੇਗਾ ਜਿਨ੍ਹਾਂ ਅੱਜ ਤੋਂ ਲੱਖ ਸਾਲ ਪਹਿਲੋਂ ਸੀ। ਸਾਇੰਸ ਦਾ ਇੱਕ ਮੰਨਿਆ ਪ੍ਰਮੰਨਿਆ ਕਥਨ ਹੈ ਕਿ ਦੁਨੀਆਂ ਵਿੱਚ ਕੁਝ ਸ਼ਕਤੀ (Energy) ਜਿਤਨੀ ਹੈ ਤੇ ਅੱਗੇ ਸੀ ਓਨੀ ਹੀ ਰਹਿਣੀ ਹੈ, ਕੇਵਲ ਇਹ ਸ਼ਕਤੀ ਆਪਣੇ ਰੂਪ ਬਦਲਦੀ ਰਹਿੰਦੀ ਹੈ। ਅੱਜ ਇੱਕ ਰੂਪ ਵਿੱਚ ਹੈ ਕੱਲ੍ਹ ਨੂੰ ਹੋਰਸ ਵਿੱਚ, ਇੱਥੇ ਇੱਕ ਰੂਪ ਹੈ ਉਥੇ ਹੋਰ, ਕਹਿੰਦੇ ਹਨ ਨਾ ਕੋਈ ਇੱਕ ਰੱਤੀ ਭਰ ਪਦਾਰਥ (Matter) ਸਾਕਾਰ ਵਸਤੂ ਜੋ ਮਿਣਨ ਤੋਲਣ ਵਿੱਚ ਆਵੇ ਯਾ ਮਾਇਆ ਜੋ ਜਗਤ ਵਿੱਚ ਪਸਰ ਰਹੀ ਹੈ ਵਧਾ ਘਟਾ ਸਕਦਾ ਹੈ ਤੇ ਨਾ ਇੱਕ ਤਸੂ ਭਰ ਸ਼ਕਤੀ ਆਪ ਰਚ ਸਕਦਾ ਹੈ—(Energy & Matter cannot be created) ਮਾਯਾ ਨੂੰ ਭੰਨ ਤੋੜ ਸਾੜ ਫੂਕ ਕੇ ਅਨੇਕ ਪ੍ਰਕਾਰ ਵਰਤ ਸਕਦੇ ਹਾਂ ਤੇ ਨਾਨਾ ਰੰਗਾਂ ਵਿੱਚ ਬਦਲ ਸਕਦੇ ਹਾਂ, ਪਰ ਜੇ ਕੋਈ ਚਾਹੇ ਕਿ ਮੌਜੂਦ ਮਾਇਆ ਨੂੰ ਲਏ ਯਾ ਵਰਤੇ ਬਿਨਾਂ ਆਪ ਇੱਕ ਕਿਣਕਾ ਮਿੱਟੀ ਦਾ ਵੀ ਰਚ ਸਕੇ, ਨਹੀਂ ਕਰ ਸਕਦਾ।

ਮਾਇਆ ਦੋ ਭਾਂਤ ਵਿੱਚ ਪਰਵਿਰਤ ਹੈ—'ਮੂਲ' (Element) ਅਤੇ 'ਜੋੜ' (Compound)। ਮੂਲ ਤੋਂ ਨਿੱਤ ਨਵੇਂ ਜੋੜ ਬਣ ਕੇ ਖੁਰਦੇ ਤੇ ਫੇਰ ਵੱਖ ਹੁੰਦੇ ਤੇ ਪਰਸਦੇ ਰਹਿੰਦੇ ਹਨ। ਜੋੜ ਮੁੜ ਘਿੜ ਕੇ ਭੱਜਦੇ ਟੁੱਟਦੇ ਜੁੜਦੇ ਫੇਰ ਵੱਖ ਵੱਖ ਮੂਲ ਬਣ ਕੇ ਬਿਖਰਦੇ ਤੇ ਨਵੇਂ ਜੋੜਾਂ ਵਿੱਚ ਮਿਲਦੇ ਰਹਿੰਦੇ ਹਨ। ਜੇ ਇੱਕ ਮਣ ਲੱਕੜ ਫੂਕ ਦੇਈਏ ਤਾਂ ਵੇਖਣ ਵਿੱਚ ਤਾਂ ਮੁੱਠੀ ਭਰ

ਸੁਆਹ ਰਹਿ ਜਾਂਦੀ ਹੈ, ਪਰ ਅਸਲ ਵਿੱਚ ਸਾਰਾ ਜੋੜ ਵਿਛੋੜ ਯਾ ਸੰਜੋਗ ਦਾ ਕੰਮ ਹੈ। ਰਸਾਇਣਾਚਾਰੀ ਮਿਣ ਤੋਲ ਕੇ ਰੱਤੀ ਰੱਤੀ ਦਾ ਹਿਸਾਬ ਦੱਸ ਸਕਦੇ ਹਨ ਕਿ ਇਸ ਲੱਕੜ ਵਿੱਚ ਕਿਨਾ ਪਾਣੀ ਸੀ ਜੋ ਭਾਪ ਬਣ ਕੇ ਹਵਾ ਵਿੱਚ ਰਲਿਆ ਹੈ, ਧਾਤਾਂ ਹਵਾ ਨਾਲ ਰਲ ਕੇ ਕੀ ਕੀ ਤੇ ਕਿੰਨੇ ਕਿੰਨੇ ਤੋਲ ਦੇ ਜੋੜ ਬਣਾ ਕੇ ਤੁਰ ਗਈਆਂ ਹਨ ਤੇ ਬਾਕੀ ਸੁਆਹ ਰਹਿ ਗਈ ਹੈ ਤੇ ਇਹ ਧਾਤਾਂ ਦੇ ਜੋੜ ਮੁੜ ਨਵੇਂ ਹੋ ਰਹੇ ਬਿਰਛਾਂ ਵਿੱਚ ਕਿਸ ਤਰ੍ਹਾਂ ਜਾ ਬਿਰਾਜਣਗੇ ਤੇ ਫੇਰ ਲੱਕੜ ਦੀ ਉਤਪਤੀ ਵਿੱਚ ਸਹਾਈ ਹੋਣਗੇ ਤੇ ਫੇਰ ਓਹੀ ਚੱਕਰ ਉਗਣਾ, ਵੱਧਣਾ, ਫੁੱਲਣਾ, ਫਲਣਾ, ਵੱਢੇ ਜਾਣਾ ਤੇ ਬਾਲਣ ਬਣਨਾ। ਸੂਰਜ ਦੇ ਤੇਜ ਨਾਲ ਧਰਤੀ ਦੇ ਪਦਾਰਥਾਂ ਤੋਂ ਭਾਂਤ-ਭਾਂਤ ਦੀ ਬਨਾਸਪਤੀ ਉਤਪੰਨ ਹੁੰਦੀ ਹੈ, ਬਨਾਸਪਤੀ ਨੂੰ ਸੁਕਾ ਕੇ ਇੰਜੀਨੀਅਰ ਅੱਗ ਲਾ ਦੇਂਦਾ ਹੈ, ਅੱਗ ਦੇ ਸੇਕ ਨਾਲ ਪਾਣੀ ਦੀ ਭਾਪ ਬਣ ਜਾਂਦੀ ਹੈ, ਭਾਪ ਇੰਜਨ ਚਲਾਉਂਦੀ ਹੈ, ਇੰਜਨ ਅਨੇਕਾਂ ਕੰਮ ਕਰਦੇ ਹਨ, ਭਾਪ ਦੀ ਤਪਤ ਸ਼ਕਤੀ ਵਿੱਚੋਂ ਇੰਜਨ ਦੁਆਰਾ ਕੁਝ ਸ਼ਕਤੀ ਬਿਜਲੀ ਦੀ ਸ਼ਕਲ ਵਿੱਚ ਪਰਤਾਈ ਜਾਂਦੀ ਹੈ। ਓਹੀ ਬਿਜਲੀ ਚਾਨਣ ਦੇਂਦੀ ਹੈ, ਓਹੀ ਤਪਤ ਘੰਟਾ ਘਰ ਖੜਕਾਉਂਦੀ ਹੈ, ਓਹੀ ਇੱਕ ਦੁਆਈ ਵਿਚੋਂ ਸੋਨਾ ਵੱਖ ਕਰ ਕੇ ਮੁਲੰਮੇ ਉੱਤੇ ਸੋਨਾ ਚੜ੍ਹਾ ਦੇਂਦੀ ਹੈ। ਗੱਲ ਕੀ ਬ੍ਰਹਿਮੰਡ ਦੀ ਸ਼ਕਤੀ ਨਿਤਾਪ੍ਰਤਿ ਬਹੁਰੂਪੀਏ ਵਾਂਗ ਸੁਆਂਗ ਧਾਰਦੀ ਰਹਿੰਦੀ ਹੈ, ਪਰ ਖਾਤੇ ਵਿੱਚ ਹਿਸਾਬ ਬਰਾਬਰ ਹੈ– "ਰੱਤੀ ਵੱਧੇ ਨਾ ਤਿਲ ਘਟੇ......" ਜਿੰਨੀ ਅੱਗੇ ਸੀ ਓਨੀ ਹੀ ਹੁਣ ਹੈ ਤੇ ਅੱਗੇ ਨੂੰ ਭੀ ਰਹੇਗੀ, ਰੂਪ ਭਾਵੇਂ ਅਸੰਖ ਬਦਲ ਲਵੇ।

ਜ਼ਰਾ ਕੁ ਵਿਚਾਰ ਕੇ ਵੇਖੋ ਤਾਂ ਪਤਾ ਲੱਗੇਗਾ ਕਿ ਕਿ ਓਹ ਸਰੀਰ (ਕੇਵਲ ਲਹੂ ਮਾਸ ਹੱਡੀਆਂ ਮਾਤ੍ਰ ਪਿੰਡੇ) ਜੋ ਅੱਜ ਤੋਂ ਸਦੀਆਂ ਪਹਿਲੋਂ ਮਿੱਟੀ ਵਿੱਚ ਰੁਲ ਗਏ, ਕਿਧਰੇ ਐਥੇ ਹੀ ਵਗਦੀ ਪੌਣ ਵਿੱਚ, ਉਡਦੀ ਖਾਕ ਵਿੱਚ, ਵਗਦੇ ਪਾਣੀ ਵਿੱਚ, ਲਹਿ-ਲਹਿ ਕਰਦੀ ਬਨਾਸਪਤੀ ਵਿੱਚ.....ਨਹੀਂ ਸੰਭਵ ਹੈ ਕਿ ਓਹਨਾਂ ਦੀ ਮਿੱਟੀ ਸਾਡੀ ਆਪਣੀ ਸਰੀਰਕ ਮਿੱਟੀ ਦੀ ਪਾਲਣਾ ਕਰ ਰਹੀ ਹੋਵੇ–

"ਮਿੱਟੀ ਮੁਸਲਮਾਨ ਕੀ ਪੇੜੇ ਪਈ ਘੁਮਿਆਰ।
ਘੜਿ ਭਾਂਡੇ ਇਟਾਂ ਕੀਆਂ ਜਲਦੀ ਕਰੇ ਪੁਕਾਰ।"

ਇੱਕ ਮੁਸਲਮਾਨ ਕੀ, ਪ੍ਰਾਣੀ ਮਾਤ੍ਰ ਦੀ ਮਿੱਟੀ ਦਾ ਕਿੱਸਾ ਜੇ ਹਿਸਾਬ ਲਾਓ ਕਿਤੇ ਮੁੱਕਦਾ ਹੀ ਨਹੀਂ। ਆਸ਼ਕ ਦੀ ਨਜ਼ਰ ਸਦੀਆਂ ਦਾ ਪੜਦਾ ਪਾੜ ਕੇ ਵੇਖ ਲੈਂਦੀ ਹੈ ਤੇ ਉਹ ਪੁਕਾਰ ਉਠਦਾ ਹੈ :–

'ਪਸ ਅਜ਼ ਮੁਰਦਨ ਬਨਾਏ ਜਾਏਂਗੇ
ਸਾਗ਼ਰ ਮਿਰੀ ਗਿਲ ਕੇ।
ਲਬੇ ਜਾਨਾਂ ਕੇ ਬੋਸੇ
ਫਿਰ ਮਿਲੇਂਗੇ ਖ਼ਾਕ ਮੇਂ ਮਿਲਕੇ।

ਅਰਥ :—ਮਰਨ ਪਿਛੋਂ ਮੇਰੀ ਮਿੱਟੀ ਦੇ ਪਿਆਲੇ ਬਣਨਗੇ, ਯਾਰ ਦੇ ਲਬਾਂ ਦੇ ਬੋਸੇ (ਜਦ ਉਹ ਪਿਆਲਿਆਂ ਨਾਲ ਸ਼ਰਾਬ ਪੀਵੇਗਾ) ਮਿੱਟੀ ਵਿੱਚ ਰੁਲਣ ਪਿਛੋਂ ਮਿਲਣਗੇ।

ਇਸ ਵਿੱਚ ਹਸਰਤ ਤੇ ਨਾ-ਉਮੇਦੀ ਦੀ ਭੀ ਹੱਦ ਹੈ, ਪਰ ਉਨ੍ਹਾਂ ਸ਼ਬਦਾਂ ਵਿੱਚ ਹੀ ਅਮਰ ਜੀਵਨ ਦੀ ਝਲਕ ਹੈ। ਇਡੀ ਲੰਮੀ ਉਮੈਦ! ਐਨਾ ਜੇਰਾ! ਐਨੀ ਪੱਕੀ ਆਸ! ਮਰਕੇ ਭੀ ਜਿਊਂਦੇ ਰਹਿਣ ਦੀ ਕੇਵਲ ਕਾਂਖਾ ਨਹੀਂ ਕੋਈ ਕੱਚੀ ਪਿਲੀ ਆਸ਼ਾ ਨਹੀਂ, ਦ੍ਰਿੜ੍ਹ ਵਿਸ਼ਵਾਸ ਤੇ ਦਿੱਬਦ੍ਰਿਸ਼ਟੀ ਦੀ ਮਾੜੀ ਜਿਹੀ ਲਿਸ਼ਕੋਰ ਇਹ ਸੱਚੀ ਤੇ ਵਰਤਣ ਵਾਲੀ ਆਗਾਮੀ ਕਥਾ ਹੈ।

ਪਾਠਕ ਜਨੋ ! ਗੋਰੀਂ ਜਾਕੇ ਸੌਂ ਕੋਈ ਨਹੀਂ ਰਹਿੰਦਾ, ਮਸਾਣਾਂ ਵਿੱਚ ਭਸਮ ਕੋਈ ਨਹੀਂ ਹੁੰਦਾ। ਤਾਕਤ ਹੀ ਕਿਸੇ ਨੂੰ ਨਹੀਂ ਕਿ ਦੂਜੇ ਨੂੰ ਭਸਮ ਕਰ ਸਕੇ ਯਾ ਆਪ ਭਸਮ ਹੋ ਸਕੇ—

ਇਹ ਤਉ ਰਚਨੁ ਰਚਿਆ ਕਰਤਾਰਿ।
ਆਵਤ ਜਾਵਤ ਹੁਕਮਿ ਅਪਾਰਿ।
ਨਹ ਕੋ ਮੂਆ ਨ ਮਰਣੈ ਜੋਗੁ।
ਨਹ ਬਿਨਸੈ ਅਬਿਨਾਸੀ ਹੋਗੁ।

ਹਿੰਦ ਮਹਾਂ ਸਾਗਰ (Indian Ocean) ਦੇ ਇੱਕ ਕੰਢੇ ਇੱਟ ਸੁੱਟ ਕੇ ਲਹਿਰ ਉਤਪੰਨ ਹੋਈ ਹੋਈ ਦੂਜੇ ਕਿਨਾਰੇ ਨੂੰ ਜਾ ਅੱਪੜਦੀ ਹੈ। ਓਥੇ ਅੱਪੜ ਕੇ ਭੀ ਬੱਸ ਨਹੀਂ ਕਰਦੀ, ਛੱਲ ਬਣਕੇ ਕਿਨਾਰੇ ਉੱਤੇ ਵਹਿੰਦੀ ਉੱਚੀ ਸੁਰ ਕੂਕਦੀ ਹੈ। ਤਕੜੀ ਰਚਨਾ ਵਿਖਾਲਦੀ ਹੈ। ਫਿਰ ਪਰਤਦੀ ਹੈ। ਤੇ ਮੁੜ ਜਿਥੋਂ ਤੁਰੀ ਸੀ ਓਥੇ ਫਿਰ ਆਉਂਦੀ ਹੈ। ਇਸ ਤੋਂ ਸਿੱਧ ਕੀਤਾ ਜਾ ਸਕਦਾ ਹੈ ਕਿ ਕਦੇ ਨਾਸ ਹੀ ਨਹੀਂ ਹੁੰਦੀ, ਰੂਪ ਬਦਲਕੇ ਕਿਧਰੇ ਖਪ ਜਾਵੇ, ਅਲੋਪ ਹੋ ਜਾਵੇ, ਲੈ ਹੋ ਜਾਵੇ ਪਰ ਨਾਸ-ਨਾਸ ਕਦੇ ਨਹੀਂ ਹੁੰਦੀ। ਜੇਕਰ ਅਜਿਹੀ ਅਸਥੂਲ ਚੀਜ਼ ਨਾਸ ਨਹੀਂ ਹੋ ਸਕਦੀ ਤਾਂ ਮਨੁੱਖ ਜਿਸ ਨੂੰ ਰੱਬ ਦੀ ਉੱਤਮ ਰਚਨਾ ਆਖਿਆ ਗਿਆ ਹੈ ਕਿਵੇਂ ਨਾਸ ਹੋ ਸਕਦਾ ਹੈ। ਬਹੁਰੂਪੀਏ ਬਣੇ ਹੋਏ ਚੱਕਰਾਂ ਵਿੱਚ ਭੌਂ ਰਹੇ ਹਾਂ, ਮਰਨਾ ਕੀ ਜੰਮਣਾ ਕੀ। ਜਲ ਦੀ ਮਾਮੂਲੀ ਜਿਹੀ

ਬੂੰਦ ਤੋਂ ਪੁਛੋ ਭਾਗਵਾਨੇ ਕਿਥੋਂ ਆਈ ਕਿਥੇ ਚਲੀ? ਵੇਖੋ ਕਿਡਾ ਲੰਮਾ ਇਤਿਹਾਸ ਤੇ ਕਿੱਡਾ ਪਿੱਛੋਂ ਸ਼ਜਰਾ ਕਿੱਤੇ ਮੁਕਦਾ ਹੀ ਨਹੀਂ। ਦਸਦਾ-ਅਕਾਸ਼ੋਂ ਢੱਠੀ ਕਿੱਥੇ-ਕਿੱਥੇ ਵਗੀ, ਕਿਨ੍ਹਾਂ ਦਰਿਆਵਾਂ ਵਿੱਚ ਜਾ ਕੇ ਰਲੀ, ਕਿਹੜੇ ਅਸਗਾਹ ਸਮੁੰਦਰਾਂ ਵਿੱਚ ਨਚਦੀ ਟੱਪਦੀ ਰਹੀ, ਫਿਰ ਉੱਥੋਂ ਉਦਾਰ ਚਿੱਤ ਹੋ ਕੇ ਪੌਣ ਦੇ ਉਡਦੇ ਤਾਜੀਆਂ ਉੱਤੇ ਸਵਾਰ ਹੋਕੇ ਪਰਬਤਾਂ ਉੱਤੇ ਜਾ ਬਰਾਜੀ ਕਦੇ ਗੋੜ੍ਹਿਆ ਨਾਲੋਂ ਹੋਲੀ ਬਰਫ਼ ਪੱਥਰਾਂ ਵਰਗੀ ਯਖ, ਕਦੇ ਫੂਕ ਮਾਰੇ ਤੋਂ ਉਡ ਜਾਣ ਵਾਲੀ ਭਾਪ, ਕਦੇ ਨਿਰਮਲ ਕਦੇ ਮਲ ਧਾਰੀ, ਗੱਲ ਕੀ ਕਦੇ ਕੁਝ ਕਦੇ ਕੁਝ ਪਿਛਾ ਭੀ ਬੇਅੰਤ ਨਾਸ ਹੋਣਾ ਯਾ ਕਿਤੇ ਮੁਕ ਜਾਣਾ ਇਸ ਦੇ ਚਿੱਤ ਚੇਤੇ ਵੀ ਨਹੀਂ। ਹਾਂ ਇਸ ਦਾ ਮੁੱਢਲਾ ਰੂਪ ਕੀ ਹੈ, ਕਿੱਥੋਂ ਆਈ ਕਿੱਥੇ ਗਈ, ਇਹ ਗੁੱਝੇ ਭੇਦ ਹਨ ਜਿਨ੍ਹਾਂ ਦਾ ਕਮਾਈ ਨਾਲ ਹੀ ਪਤਾ ਲਗ ਸਕਦਾ ਹੈ ਨਾ ਕਿ ਥਾਂ-ਥਾਂ ਭਰਮਣ ਨਾਲ! ਕ੍ਰਿਸ਼ਨ ਮਹਾਰਾਜ ਨੇ ਅਰਜਨ ਨੂੰ ਆਖਿਆ ਸੀ ਕਿ ਕੋਈ ਸਮਾਂ ਨਹੀਂ ਸੀ ਜਦ ਮੈਂ ਨਹੀਂ ਸਾਂ, ਕੋਈ ਸਮਾਂ ਨਹੀਂ ਜਦ ਮੈਂ ਨਹੀਂ ਹੋਵਾਂਗਾ, ਅੱਗੇ ਸਾਂ, ਹੁਣ ਹਾਂ ਤੇ ਸਦਾ ਹੋਵਾਂਗਾ। ਨਾ ਕੇਵਲ ਕ੍ਰਿਸ਼ਨ ਜੀ ਬਲਕਿ ਬ੍ਰਹਿਮੰਡ ਦਾ ਕਿਣਕਾ ਕਿਣਕਾ ਇਹੀ ਆਖ ਰਿਹਾ ਹੈ। ਮਿੱਟੀ ਦਾ ਜ਼ੱਰਾ ਜ਼ੱਰਾ ਕ੍ਰਿਸ਼ਨ ਜੀ ਦੀ ਪ੍ਰੋੜ੍ਹਤਾ ਕਰ ਰਿਹਾ ਹੈ ਯਾ ਇੰਵ ਆਖੋ ਕਿ ਪ੍ਰਿਥਵੀ ਆਪ ਕ੍ਰਿਸ਼ਨ ਰੂਪ ਧਾਰਕੇ ਬੋਲੀ ਕਿ ਹੇ ਅਰਜਨ! ਨਾਸ ਕਦੇ ਕੁਛ ਨਹੀਂ ਹੁੰਦਾ, ਕੇਵਲ ਰੂਪ ਤੇ ਭੇਸ ਯਾ ਬਾਣਾ ਬਦਲਦੇ ਹਨ।

ਫਰਜ਼ ਕਰੋ ਮਰਨ ਦੁਨੀਆਂ ਦੇ ਤਖਤੇ ਤੋਂ ਚੁੱਕ ਦਿੱਤਾ ਜਾਵੇ, ਜਿਸ ਹੱਥ ਵਿੱਚ ਪ੍ਰਿਥਵੀ ਦਾ ਪ੍ਰਬੰਧ ਹੈ ਸਮਝੋ ਉਸਦੀ ਥਾਂ ਕਿਸੇ ਡਾਢੇ ਸਿਆਣੇ ਮਨੁੱਖ ਨੂੰ ਸੌਂਪ ਦਿੱਤਾ ਜਾਵੇ, ਤੇ ਉਹ ਇੱਕ ਇਸ਼ਾਰੇ ਨਾਲ ਮੌਤ ਦੇ ਸਭ ਅਧਿਕਾਰ ਖੋਹ ਕੇ ਇਸ ਦੇ ਕਾਰਿੰਦਿਆਂ ਨੂੰ ਨਰਕ਼ ਕੇ ਡੱਕ ਦੇਵੇ, ਅਥਵਾ ਮਰਨ ਦਾ ਡਰ ਕਿਸੇ ਨੂੰ ਨਾ ਰਹਿ ਜਾਵੇ। ਕੀ ਹੋਵੇ ? ਦੋ ਚਾਰ ਸੌ ਸਾਲ ਵਿੱਚ ਐਨੇ ਪਸ਼ੂ ਪੰਖੀ ਦਰਿੰਦੇ ਉਤਪੰਨ ਹੋ ਜਾਣ ਕਿ ਆਦਮੀਆਂ ਨੂੰ ਆਪਣਾ ਆਪ ਸਾਂਭਣਾ ਔਖਾ ਹੋ ਜਾਵੇ। ਜੀਆ ਜੰਤ ਇੱਕ ਦੂਜੇ ਨੂੰ ਖਾਣ ਲੱਗ ਪੈਣ, ਧਰਤੀ ਸੌੜੀ ਜਾਪਣ ਲੱਗ ਪਵੇ। ਪੁੱਤਰ ਪੋਤਰੇ ਪੜਪੋਤ੍ਰਿਆਂ ਦੀਆਂ ਮੇਹੜਾ ਹੋ ਜਾਣ, ਮੀਆਂ ਬੀਵੀ ਬੁੱਢਾ-ਬੁੱਢੀ ਨਰੜੇ ਹੀ ਰਹਿਣ, ਖਹਿ ਖਹਿ ਕੇ ਅੱਕ ਜਾਣ। ਸ਼ਹਿਰਾਂ ਵਿੱਚ ਤਿਲ ਧਰਨ ਨੂੰ ਥਾਂ ਨਾ ਲੱਭੇ ਤੇ ਪਿੰਡਾਂ ਦੀ ਭੋਇ ਵੰਡ ਵੰਡ ਕੇ ਮੰਜੇ ਮੰਜੇ ਜਿੰਨੀ ਹਿੱਸਿਆਂ ਵਿੱਚ ਆਵੇ। ਬੁੱਢੇ ਹੋਈ ਜਾਣ, ਦੁੱਖਾਂ ਤੇ ਬੀਮਾਰੀਆਂ ਪਏ ਕੁੜ੍ਹੀ ਜਾਣ। ਬੰਦੇ ਮੁਕਣ ਨਾ ਹਿਰਸ, ਨਾ ਚਿੰਤਾ ਤੇ ਨਾ ਦੁੱਖ ਮੁਕਣ। ਜੇਲਖਾਨੇ, ਕਾਰਖਾਨੇ, ਵੱਧਦੇ ਤੁਰੇ ਜਾਣ। ਨਾ ਸਮਾਂ ਬਦਲੇ ਨਾ

ਕਿਸੇ ਕੰਮ ਨੂੰ ਸਿਰੇ ਚਾੜ੍ਹਨ ਦਾ ਉਤਸ਼ਾਹ ਰਹੇ। ਨਾ ਮੌਤ ਦਾ ਡਰ ਹੋਵੇ, ਨਾ ਪਾਪਾਂ ਤੋਂ ਸੰਕੋਚ। ਹਿਰਦੇ ਪੱਥਰਾਂ ਵਾਂਗ ਹੋ ਜਾਣ, ਨਾ ਕੁਰਬਾਨੀਆਂ ਹੋਣ ਨਾ ਸ਼ਹੀਦੀਆਂ। ਚੰਗਿਆਂ ਨੂੰ ਆਪਣੀ ਚੰਗਿਆਈ ਸਿੱਧ ਕਰਨ ਦਾ ਵਸੀਲਾ ਕੋਈ ਨਾ ਰਹੇ, ਮਾੜੇ ਆਪਣੇ ਅਧਰਮੀ ਪੈਂਡੇ ਵਿੱਚ ਸਰਪੱਟ ਦੌੜੀ ਚਲੇ ਜਾਣ। ਨਾ ਇਤਿਹਾਸ ਹੋਵੇ, ਨਾ ਅਵਤਾਰ ਤੇ ਪੈਗੰਬਰ ਭੁੱਲ ਭਟਕ ਕੇ ਵੀ ਆ ਜਾਵੇ ਤਾਂ ਲੋਕਾਂ ਨੂੰ ਥਾਂ ਨਾ ਲੱਭੇ ਕਿ ਇਸ ਨੂੰ ਕਿੱਥੇ ਦਫ਼ਾ ਕਰੀਏ, ਕਿਉਂਕਿ ਭਗਤਾਂ ਤੇ ਸੰਸਾਰੀਆਂ ਦਾ ਜੋੜ ਕਦੇ ਨਾ ਹੋਣਾ ਹੋਇਆ ਤੇ ਸੰਸਾਰੀ ਪੈਗੰਬਰਾਂ ਨੂੰ ਮੁੱਢੋਂ ਹੀ ਕੈਰੀ ਅੱਖ ਨਾਲ ਵੇਖਦੇ ਰਹੇ ਹਨ। ਪੈਗੰਬਰਾਂ ਵਿਚਾਰਿਆਂ ਲਈ ਕੋਈ ਅੰਡੇਮਾਨ ਵਰਗਾ ਟਾਪੂ ਕਾਲੇ ਪਾਣੀਓਂ ਪਾਰ ਲੱਭਣਾ ਪਵੇ, ਤੇ ਸੰਸਾਰੀ ਕੁੱਤਿਆਂ ਵਾਂਗ ਲੜ ਲੜਾ ਕੇ ਕੁੜ੍ਹਕੇ 'ਦਾਧੇਕਨ ਵਾਂਗ ਦੁਖੀ ਹੋ ਜਾਣ। ਇਸ ਵਿੱਚ ਸ਼ੱਕ ਕੀ ਹੈ ਕਿ ਜੇ ਈਸਾ ਮਸੀਹ, ਮੁਹੰਮਦ ਸਾਹਿਬ ਤੇ ਮਹਾਤਮਾ ਬੁੱਧ ਸਾਡੇ ਵਿੱਚ ਹੋਣ, ਅਸੀਂ ਉਨ੍ਹਾਂ ਨਾਲ ਉਹੋ ਜਿਹਾ ਸਲੂਕ ਕਰੀਏ ਜੋ ਗਾਂਧੀ ਨਾਲ ਹੋਇਆ। ਤੇ ਜੇ ਮੌਤ ਦਾ ਡਰ ਉੱਕਾ ਨਾ ਹੋਵੇ, ਫੇਰ ਤਾਂ ਚੌੜ ਹੀ ਹੋ ਜਾਵੇ ਤੇ ਨੰਪੋਲੀਅਨ ਵਰਗਾ ਕੋਈ ਉੱਠਕੇ ਇਨ੍ਹਾਂ ਸਾਰਿਆਂ ਨੂੰ ਸਣੇ ਰਿਸ਼ੀਆਂ ਮੁਨੀਆਂ ਸੰਤਾਂ ਤੇ ਯੋਗੀਆਂ ਦੇ ਭੇਡਾਂ ਵਾਂਗ ਡੱਕ ਕੇ ਕਿਸੇ ਸੇਂਟ-ਹਲਨਾ ਵਰਗੇ ਟਾਪੂ ਵਿੱਚ ਭੇਜ ਦੇਵੇ। ਮੌਤ ਨਾ ਹੋਵੇ ਤਾਂ ਦੁਨੀਆਂ ਅਜੇਹੀ ਭਿਆਨਕ, ਬੇ ਸੁਆਦ ਤੇ ਬੇ ਰੁਚ ਹੋ ਜਾਵੇ। ਜੋ ਦੁਨੀਆਂ ਵਿੱਚ ਜੀਵਨ ਦਾ ਕੱਖ ਵੀ ਅਰਥ ਨਾ ਰਹਿ ਜਾਵੇ।

ਮਾਮੂਲੀ ਗੱਲੋਂ ਵੇਖ ਲਓ, ਜਦ ਰੇਲ ਗੱਡੀ ਵਿੱਚ ਆਪ ਚੜ੍ਹ ਜਾਈਦਾ ਹੈ, ਤਾਂ ਉਸ ਨਿੱਕੀ ਜੇਹੀ ਚੰਦ ਘੰਟਿਆਂ ਦੀ ਦੁਨੀਆਂ ਵਿੱਚ ਇਨਸਾਨ ਕੀ ਬਣ ਜਾਂਦਾ ਹੈ ! ਆਪ ਥਾਂ ਮੱਲਕੇ ਪੈਰ ਪਸਾਰ ਲੈਂਦਾ ਹਾਂ, ਦੂਜਿਆਂ ਨੂੰ ਅੰਦਰ ਨਹੀਂ ਵੜਨ ਦੇਂਦੇ। ਯਾ ਸੌਂ ਜਾਂਦੇ ਹਨ ਯਾ ਗੱਪਾਂ ਮਾਰ ਛੱਡੀਆਂ, ਤਾਸ਼ ਖੇਡ ਲਈ ਯਾ ਖਾ ਪੀ ਛੱਡਿਆ ਤੇ ਕਿਸੇ ਨਾ ਕਿਸੇ ਤਰ੍ਹਾਂ ਸਮਾਂ ਲੰਘਾ ਦਿੱਤਾ ਇਸ ਉਮੇਦ ਵਿੱਚ ਕਿ ਜਦ ਪੈਂਡਾਂ ਮੁੱਕੇਗਾ ਤਾਂ ਉੱਤਰ ਪਵਾਂਗੇ। ਪਰ ਜੇ ਆਖੀਏ ਕਿ ਲਓ ਗੱਡੀ ਚੜ੍ਹ ਜਾਓ ਹੁਣੇ ਉੱਤਰਨਾ ਕਦੇ ਨਹੀਂ, ਤਾਂ ਨਾ ਕੋਈ ਪੈਂਡਾ ਨਾ ਆਸ, ਨਾ ਆਸ ਤੇ ਨਾ ਜੀਵਨ। ਇਸ ਅਨੁਭਵ ਕਰਨ ਲਈ ਡੂੰਘੀ ਵਿਚਾਰ ਦੀ ਲੋੜ ਨਹੀਂ ਕਿ ਉਹ ਸਫ਼ਰ ਇੱਕ ਉਮਰ ਕੈਦ ਭੁਗਤਣ ਵਾਂਗ ਹੋ ਜਾਵੇ। ਲੋਕੀਂ ਆਪ ਪੁਕਾਰ ਉੱਠਣ ਦੁਹਾਈ ਇਸ ਕਿਸੇ ਨੂੰ ਕਿਵੇਂ ਨਬੇੜੇ ਵੀ!

ਉਪ੍ਰੋਕਤ ਹਾਲ ਉਸ ਹਾਲਤ ਵਿੱਚ ਹੋਣ ਜੇ ਜੰਮਣਾ ਬਣਿਆ ਰਹੇ ਤੇ ਮਰਨਾ ਰੁੱਕ ਜਾਵੇ ਪਤਾ ਨਹੀਂ ਕਿਵੇਂ ਨਿਬੇੜਾ ਹੋਵੇ ? ਬਲਕਿ ਲੰਮਾ ਸੋਚੋ ਤੋਂ ਇਸ 'ਅਮਰ' ਦੁਨੀਆਂ ਦਾ ਐਡਾ ਭੈੜਾ ਹਾਲ ਹੁੰਦਾ ਹੈ ਕਿ ਅਜੇਹਾ ਜੀਵਨ ਨਾਲੋਂ ਵਰਤਮਾਨ ਮੌਤ ਵਾਲਾ ਜੀਵਨ ਬਹੁਤ ਸੁਥਰਾ ਆਦਮੀਆਂ ਵਾਲਾ ਸੰਯੁਕਤ ਜੀਵਨ ਭਾਸਦਾ ਹੈ। ਤੇ ਜੇ ਜੰਮਣ ਮਰਨ ਦੋਵੇਂ ਚੁੱਕ ਜਾਣ ਤਾਂ ਸਮਝੋ ਵਰਤਮਾਨ ਬੰਦਿਆਂ ਲਈ ਜੀਵਨ ਉਸ ਪਾਣੀ ਵਾਂਗ ਬਣ ਜਾਵੇ ਜੋ ਇਕ ਥਾਂ ਖਲੋ ਕੇ ਤਰੱਕ ਜਾਂਦਾ ਹੈ ਤੇ ਦੁਨੀਆਂ ਲਈ ਦੁਰਗੰਧ ਤੇ ਰੋਗਾਂ ਦਾ ਸੋਮਾਂ ਬਣ ਜਾਂਦਾ ਹੈ। ਲੰਮੀ ਆਯੂ ਨਾਲ ਕਦੇ ਕੋਈ ਰੱਜਿਆ ਨਹੀਂ ਬਲਕਿ ਤਜਰਬਾ ਇਹ ਦੱਸਦਾ ਹੈ ਕਿ ਜਿਉਂ ਜਿਉਂ ਬੰਦੇ ਵੱਡੀ ਉਮਰ ਦੇ ਹੁੰਦੇ ਹਨ ਤਿਉਂ ਤਿਉਂ ਕਠੋਰ, ਅਧਰਮੀ ਤੇ ਬੁੱਧੀ-ਹੀਣ ਬਣਦੇ ਜਾਂਦੇ ਹਨ। ਨਿਰੀ ਆਯੂ ਭੀ ਕਿਸੇ ਕੰਮ ਨਹੀਂ, ਸੁਸਰੀ ਵਾਂਗ ਯਾ ਸੱਪ ਵਾਂਗ ਪਏ ਰਹਿਣਾ ਕਿਸ ਅਰਥ ?

ਜੇ ਆਯੂ ਬੇਓੜਕ ਹੋਵੇ ਤਾਂ ਇਸ ਆਯੂ ਨੂੰ ਅਨੰਦ ਰੱਖਣ ਲਈ ਵੀ ਵਸੀਲੇ ਬੇਅੰਤ ਚਾਹੀਦੇ ਹਨ। ਅਰਥਾਤ ਹੁਸਨ, ਜੁਆਨੀ ਬਲ ਤੇ ਬੁੱਧੀ-ਚਾਰ ਪਦਾਰਥ ਅਟੁੱਟ ਸਦੀਵੀ ਤੇ ਅਬਿਨਾਸ਼ੀ ਚਾਹੀਦੇ ਹਨ। ਫ਼ਰਜ਼ ਕਰੋ ਇਹ ਵੀ ਇਸੇ ਤਰ੍ਹਾਂ ਹੋ ਜਾਵੇ। ਫਿਰ ਕੀ ਹੋਵੇ ? ਕੀ ਇਹ ਧਰਤੀ ਸਵਰਗ ਬਣ ਜਾਵੇ ? ਉੱਕਾ ਨਹੀਂ, ਵਿਚਾਰ ਕਰਕੇ ਵੇਖ ਲਓ। ਮਿੱਠੀ ਚੀਜ਼ ਤਦ ਮਿੱਠੀ ਲੱਗਦੀ ਹੈ ਜੇ ਮੂੰਹ ਪਹਿਲੋਂ ਮਿੱਠਾ ਨਾ ਹੋਵੇ। ਮਿੱਠੀ ਪਿਛੋਂ ਸਲੂਣੀ ਚੀਜ਼ ਵੱਧ ਕੇ ਸੂਲਣੀ ਤੇ ਸੁਆਦ ਲੱਗਦੀ ਹੈ। ਜੇ ਸਦਾ ਹੀ ਸੂਰਜ ਦੁਪਹਿਰ ਵਾਂਗ ਸਿਖਰ ਕੜਕਦਾ ਰਹੇ ਨਾ ਦਿਨ ਹੋਵੇ ਨਾ ਰਾਤ, ਉਦੈ ਅਸਤ, ਸਵੇਰ ਸੰਝ, ਸਿਆਲਾ ਹੁਨਾਲਾ ਤੇ ਬਹਾਰ ਦੀਆਂ ਰੁੱਤਾਂ ਦਾ ਸੁਆਦ ਕੱਖ ਨਾ ਰਹੇ, ਤੇ ਹਿਰਦੇ ਵਿਚੋਂ ਸਾਰੀ ਨਹੀਂ ਤਾਂ ਅੱਧੀ ਸ਼ਕਤੀ ਕੁਦਰਤ ਦਾ ਅਨੰਦ ਲੈਣ ਦੀ ਜਾਂਦੀ ਹੀ ਰਹੇ। ਜੇ ਬਾਗ ਵਿੱਚ ਫੁਲ ਸਦਾ ਹੀ ਇੱਕ ਸਾਰ ਇੱਕੋ ਰੰਗ ਖਿੜੇ ਹੀ ਮਹਿਕਦੇ ਰਹਿਣ, ਇਨ੍ਹਾਂ ਦਾ ਸੁਆਦ ਕਾਗਜ਼ ਦੀਆਂ ਮੂਰਤਾਂ ਨਾਲੋਂ ਵੱਧ ਨਾ ਰਹੇ, ਮਾਨੋ ਪੱਥਰ ਬਣੇ ਖਲੋਤੇ ਰਹਿਣ। ਜੋ ਸੁਆਦ ਤੇ ਤਮਾਸ਼ਾ ਬੂਟਿਆਂ ਨੂੰ ਲਾਉਣ, ਲਾ ਕੇ ਵੱਡਾ ਕਰਨ, ਕਲੀਆਂ ਬਣਦੀਆਂ ਵੇਖਣ, ਫੁੱਲਾਂ ਦੀ ਆਮਦ ਨੂੰ ਉਡੀਕਣ ਅਤੇ ਫੁੱਲਾਂ ਨੂੰ ਖਿਲਦਿਆਂ ਵੇਖਣ ਵਿੱਚ ਹੈ ਉਹ ਸਦਾ ਹੀ ਖਿੜੇ ਰਹਿੰਦੇ ਫੁੱਲਾਂ ਨੂੰ ਵੇਖਣ ਤੇ ਵਾਸ਼ਨਾ ਵਿੱਚ ਕਿੱਥੇ ਹੈ ? ਇਕ ਮਾਮੂਲੀ ਰੇਤ ਦੀ ਕਣੀ ਕਿੱਡੀ ਤੁਛ ਚੀਜ਼ ਹੈ। ਕਿਉਂ ? ਕਿਉਂਕਿ ਇਹ ਥਾਂ-ਥਾਂ ਖਿੰਡੀ ਪਈ ਹੈ। ਇਸ ਦੀ

ਸਹੁਤਾਤ ਨੇ ਇਸ ਨੂੰ ਬੇਕਦਰੀ ਬਲਕਿ ਘਿਣਾ ਯੋਗ ਬਣਾ ਦਿੱਤਾ ਹੈ। ਪਰ ਸਮੁੰਦਰ ਵਿੱਚ ਠਿਲ੍ਹਿਆਂ ਹੋਇਆਂ ਨੂੰ ਪੁੱਛ ਕਿਵੇਂ ਖੁਸ਼ਕੀ ਲਈ ਤਰਸਦੇ ਹਨ। ਰੇਗਿਸਤਾਨ ਵਾਲਿਆਂ ਨੂੰ ਰੇਤ ਦਾ ਕਿਣਕਾ ਭਾਉਂਦਾ ਨਹੀਂ ਤੇ ਸਮੁੰਦਰਾਂ ਵਾਲਿਆਂ ਨੂੰ ਜਲ ਨਹੀਂ ਭਾਉਂਦਾ। ਇਹ ਜਲ ਨੂੰ ਤਰਸ ਰਹੇ ਹਨ, ਉਹ ਪੈਰ ਧਰਨ ਜੋਗੀ ਖੁਸ਼ਕੀ ਨੂੰ। ਬਾਲ ਅਵਸਥਾ ਤੇ ਅੰਞਾਣ-ਪੁਣੇ ਮਗਰੋਂ ਕੁਮਾਰ ਅਵਸੱਥਾ ਦੀਆਂ ਉਮੰਗਾਂ ਤੇ ਅੱਲ੍ਹੜ ਖਿਆਲ ਹੋਰ ਅਨੰਦ ਬੰਨ੍ਹਦੇ ਹਨ, ਪਰ ਸਦਾ ਹੀ ਕੁਮਾਰ ਰਹਿਣਾ ਭਾਉਂਦਾ ਨਹੀਂ। ਜੁਆਨੀ ਆਉਂਦੀ ਹੈ ਤਾਂ ਉਸੇ ਦੁਨੀਆਂ ਦਾ ਰੰਗ ਕੁਝ ਹੋਰ ਹੀ ਹੋ ਜਾਂਦਾ ਹੈ, ਬੰਦਾ ਅੱਗੇ ਹੀ ਅੱਗੇ ਵੱਧਣਾ ਚਾਹੁੰਦਾ ਹੈ। ਜੋ ਰੰਗ ਚੜ੍ਹਦੀ ਜੁਆਨੀ ਵਿੱਚ ਹੈ ਉਹ ਭਰੀ ਵਿੱਚ ਨਹੀਂ, ਜੋ ਭਰੀ ਵਿੱਚ ਹੈ ਉਹ ਲਹਿੰਦੀ ਵਿੱਚ ਨਹੀਂ। ਜੁਆਨੀ ਭੀ ਦੀਵਾਨੀ ਭਾਸਨ ਲੱਗ ਪੈਂਦੀ ਹੈ ਤੇ ਜੀ ਟਿਕਦਾ ਨਹੀਂ, ਅੱਗੇ ਮਨੁੱਖ-ਪੁਣੇ ਦੀ ਸੋਝੀ ਤੇ ਚਤੁਰਾਈ ਵੱਲ ਤਾਂਘਦਾ ਹੈ—ਇਸੇ ਤਰ੍ਹਾਂ ਅੱਗੇ ਹੀ ਅੱਗੇ। ਸਦਾ ਇੱਕੋ ਚੀਜ਼ ਰਹੇ ਤਾਂ ਉਹੀ ਵਿਹੁ ਬਣ ਜਾਂਦੀ ਹੈ—

'ਤੂੰ ਸੁਣਿ ਹਰਣਾ ਕਾਲਿਆ
ਕਾ ਵਾੜੀਐ ਰਾਤਾ ਰਾਮ।
ਬਿਖੁ ਫਲੁ ਮੀਠਾ ਚਾਰਿ ਦਿਨ।
ਫਿਰਿ ਹੋਵੈ ਤਾਤਾ.........'
"ਜੁਗ ਜੁਗ ਮੀਠਾ ਵਿਸੁ ਭਰੇ
ਕੋਈ ਜਾਣੈ ਜੋਗੀ ਰਾਮ।"

ਬਾਦਸ਼ਾਹ ਮਾਈ ਡਾਸ ਦਾ ਬਰਤਾਂਤ ਹੈ—ਉਸ ਨੂੰ ਸੋਨੇ ਦੀ ਬੇਹੱਦ ਤ੍ਰਿਸ਼ਨਾ ਸੀ। ਵਰ ਮੰਗਿਆ ਕਿ ਜਿਸ ਚੀਜ਼ ਨੂੰ ਹੱਥ ਲਾਵਾਂ ਸੋਨਾ ਬਣ ਜਾਵੇ। ਵਰ ਮਿਲ ਗਿਆ ਤੇ ਘਰ ਬਾਰ ਬੂਹੇ ਥੰਮ੍ਹ ਛੱਤ ਸਭ ਸੋਨੇ ਦੇ ਹੋ ਗਏ। ਬੜਾ ਖੁਸ਼ ਹੋਇਆ। ਪਰ ਜਦ ਪੁੱਤਰ ਧੀਆਂ ਨੂੰ ਹੱਥ ਲਾਇਓਸੁ ਉਹ ਭੀ ਧਾਂਤ ਦੀਆਂ ਅਹਿੱਲ ਮੂਰਤੀਆਂ ਬਣ ਗਏ। ਬਾਦਸ਼ਾਹ ਨੂੰ ਤਦ ਗਿਆਨ ਹੋਇਆ ਤੇ ਲੱਗਾ ਧਾਹੀਂ ਮਾਰਨ। ਓੜਕ ਨੂੰ ਵਰ ਮੋੜ ਕੇ ਸ਼ਾਂਤ ਆਈ। ਸੋਨਾ ਇਸ ਕਰਕੇ ਪਿਆਰਾ ਹੈ ਕਿਉਂਕਿ ਦੁਰਲੱਭ ਹੈ। ਰੰਗ ਰੂਪ ਇਸ ਕਰਕੇ ਪਿਆਰੇ ਹਨ ਕਿਉਂਕਿ ਸਦਾ ਨਹੀਂ ਰਹਿੰਦੇ, ਜੇ ਸਦੀਵੀ ਹੋ ਜਾਣ ਇਹੀ ਦੁੱਖ ਦੇ ਕਾਰਨ ਬਣ ਜਾਣ। ਅੱਖੀਆਂ ਖੋਲ੍ਹ ਕੇ ਉਦਾਲੇ ਵੇਖ ਲਓ, ਧਨਵਾਨਾਂ ਨੂੰ ਧਨ, ਕਾਮਚੇਸ਼ਟਾ ਪੂਰਤ ਤੇ ਖੀਨ ਹੋਇਆਂ ਹੋਇਆਂ ਨੂੰ ਕਾਮ, ਤਮਾਸ਼ੇ ਵੇਖਣ

ਵਾਲਿਆਂ ਨੂੰ ਤਮਾਸ਼ੇ ਤੇ ਨਿਤ ਮਸਾਲੇ ਖਾਣ ਵਾਲਿਆਂ ਨੂੰ ਮਸਾਲੇ ਨਾ ਛੁੱਟਦੇ ਹਨ ਨਾ ਸੁਆਦ ਦੇਂਦੇ ਹਨ, ਸਗੋਂ ਵੱਧ-ਵੱਧ ਖਾ ਰਹੇ ਹਨ। ਸੁਆਦ ਸਦੀਵੀ-ਪੁਣੇ ਵਿੱਚ ਨਹੀਂ, ਸੁਆਦ (Change) ਬਦਲਣ ਵਿੱਚ, ਊਚ ਨੀਚ ਜੁਆਰਭਾਟੇ ਤੇ ਉਤਾਰ ਚੜ੍ਹਾਉ ਵਿੱਚ ਹੀ ਹੈ। ਜੇ ਮੌਤ ਨਾ ਹੋਵੇ ਬੰਦਾ ਮੂੰਹੋਂ ਮੰਗ ਕੇ ਮੌਤ ਵਿਹਾਜਿਆ ਕਰੇ। ਇਹ ਕਹਿਣਾ ਝੂਠ ਨਹੀਂ ਕਿ ਆਦਮੀ ਦਾ ਆਪਣਾ ਨਿਤਾਪ੍ਰਤੀ ਦੇ ਭੋਗਾਂ ਦਾ ਜੀਵਨ ਕਠਨ ਕੈਦ ਨਰਕ ਬਣ ਜਾਵੇ। ਅਸਲ ਵਿੱਚ ਸਾਡੇ ਜੀਵਨ ਲਈ ਮੌਤ ਓਨੀ ਹੀ ਜ਼ਰੂਰੀ ਹੈ ਜਿੰਨਾ ਹਵਾ ਤੇ ਪਾਣੀ। ਹਵਾ ਤੇ ਪਾਣੀ ਬਿਨਾਂ ਮੌਤ ਹੁੰਦੀ ਹੈ, ਪਰ ਮੌਤ ਬਿਨਾਂ ਹਵਾ ਤੇ ਪਾਣੀ ਦਾ ਸੁਆਦ ਭੀ ਕੱਖ ਨਹੀਂ, ਬਲਕਿ ਜਿੰਨ੍ਹਾਂ ਨੂੰ ਮੌਤ ਦਾ ਸੁਆਦ ਆਇਆ ਉਨ੍ਹਾਂ ਹੋਰ ਸੁਆਦ ਸਭ ਛੱਡ ਦਿੱਤੇ।

ਬੰਦਾ ਲੋੜਦਾ ਹੈ ਇਸ ਦੇ ਉਦਾਲੇ ਹਰ ਇੱਕ ਚੀਜ਼ ਪਲ ਪਲ ਘੜੀ-ਘੜੀ ਬਦਲਦੀ ਰਹੇ, ਨਵੇਂ ਰੰਗ ਖਿਲਦੇ ਰਹਿਣ। ਆਪ ਭੀ ਸਾਰੀ ਉਮਰ ਬਦਲਣ ਲਈ ਤਨੋਂ-ਮਨੋਂ ਜੁਟਿਆ ਰਹਿੰਦਾ ਹੈ। ਕੇਵਲ ਇੱਕ ਵੱਡੀ ਬਦਲੀ ਹੁੰਦੀ ਹੈ ਤਾਂ ਘਾਬਰ ਜਾਂਦਾ ਹੈ ਤੇ ਇਹ ਨਹੀਂ ਸਮਝ ਸਕਦਾ ਕਿ ਇਹ ਵੱਡੀ ਬਦਲੀ ਭੀ ਅੰਦਰਲੇ ਗੂੜੇ ਗੁੱਝੇ ਸੁਆਦ ਲਈ ਹੈ। ਮਨੁੱਖੀ ਇਤਿਹਾਸ ਦੱਸਦਾ ਹੈ ਕਿ ਜੋ ਵਰ ਮਨੁੱਖੀ ਹਿਰਦਾ ਮੰਗ ਸਕਦਾ ਹੈ, ਮੰਗਕੇ, ਲੈਕੇ ਤੇ ਉਸ ਨੂੰ ਭੋਗਕੇ ਓੜਕ ਨੂੰ ਬੁਰੇ ਤੋਂ ਬੁਰੇ ਮਨੁੱਖ ਨੂੰ ਭੀ ਇਹ ਮੰਨਣਾ ਪੈਂਦਾ ਹੈ ਕਿ :

'ਰਜਿ ਨ ਕੋਈ ਜੀਵਿਆ ਪਹੁਚਿ ਨ ਚਲਿਆ ਕੋਇ।'

"ਬਿਨਾ ਸੰਤੋਖ ਨਹੀਂ ਕੋਊ ਰਾਜੈ।
ਸੁਪਨ ਮਨੋਰਥ ਬ੍ਰਿਥੇ ਸਭ ਕਾਜੈ।"

ਤੇ ਭਲਾ ਜੇ ਮੰਨ ਲਈਏ ਕਿ ਮਰ ਜਾਣਾ ਸਰੀਰ ਹੱਡ ਮਾਸ ਰੂਹ ਆਤਮਾ ਆਦਿਕ ਸਭ ਦਾ ਬਿੰਦੀ ਤੁੱਲ (Nothing) ਨਾਸ ਹੋ ਜਾਂਦਾ ਹੈ, ਤਾਂ ਸਵਾਲ ਫੁਰਦਾ ਹੈ ਕਿ ਜੰਮਣਾ ਭੀ ਨਾਸ ਵਿਚੋਂ ਆਸ ਹੋ ਜਾਣਾ ਹੈ। ਤਦ ਤਾਂ ਉਹ 'ਨਾਸ' ਅਵਸਥਾ ਭੀ ਕੁਝ ਹੈ, ਨਿਰੀ ਬਿੰਦੀ ਨਹੀਂ, ਕਿਉਂਕਿ 'ਕੁਝ' ਨਹੀਂ ਵਿੱਚੋਂ ਕੁਝ ਕਿਵੇਂ ਨਿਕਲ ਸਕਦਾ ਹੈ।

ਏਹੀ ਮੂਲ ਨਿਯਮ ਜੋ ਉਪਰ ਦੱਸ ਆਏ ਹਾਂ ਕਿ ਨਾਸ ਕਦੇ ਕੁਝ ਨਹੀਂ ਹੁੰਦਾ ਇਸ ਗੱਲ ਦੀ ਦਲੀਲ ਹੈ ਕਿ ਇਸ ਬ੍ਰਹਿਮੰਡ ਵਿੱਚ ਜੇ ਕੁਝ ਮੁੱਕਦਾ ਨਹੀਂ ਤਾਂ ਇਸ ਦਾ ਮੁੱਢ ਆਰੰਭ ਭੀ ਕਿਤੇ ਨਹੀਂ। ਇਹ ਜੋ ਆਰੰਭ (ਜਨਮ) ਤੇ ਸਮਾਪਤੀ (ਮੌਤ) ਭਾਸ ਰਹੇ ਹਨ ਕੇਵਲ ਰੂਪ ਦਾ ਬਦਲਣਾ ਹੈ, ਇਹ

ਸ੍ਰਿਸ਼ਟੀ ਸਾਜੀ ਹੀ ਅਜੇਹੇ ਢਾਂਚੇ ਵਿੱਚ ਹੈ ਕਿ ਜੇ ਮਰਣਾ ਨਾ ਹੋਵੇ ਤਾਂ ਜੰਮਣਾ ਵੀ ਨਾ ਹੋਵੇ-ਅਥਵਾ ਜੰਮਣ ਦੇ ਨਾਲ ਹੀ ਮੌਤ ਤੇ ਮੌਤ ਦੇ ਨਾਲ ਹੀ ਜੰਮਣਾ ਹੈ, ਦੋਵੇਂ ਇੱਕ ਦੂਜੇ ਨਾਲੋਂ ਵੱਖ ਨਹੀਂ ਕੀਤੇ ਜਾ ਸਕਦੇ—ਨਹੀਂ, ਜੰਮਣਾ ਮਰਣਾ ਹੈ ਹੋਂਦ ਦਾ ਸਿੱਧ ਪੁੱਠ—

"ਜਿਉ ਆਇਆ ਤਿਉ ਜਾਵਹਿ ਬਉਰੇ
ਜਿਉ ਜਨਮੇ ਤਿਉ ਮਰਣੁ ਭਾਇਆ।"

ਜੋ ਇੱਥੇ ਜੰਮਦਾ ਹੈ ਜ਼ਰੂਰ ਦੂਜੇ ਪਾਸਿਓਂ ਕਿਧਰੋਂ ਮਰਕੇ ਹੀ ਇੱਥੇ ਆਉਂਦਾ ਹੈ। ਜਿਸ ਦਿਨ ਜੰਮੇ ਉਸ ਦਿਨ ਮੌਤ ਨੂੰ ਪੱਕੀ ਸਾਈ ਦੇ ਦਿੱਤੀ ਗਈ।

"ਜਾ ਤਿਸੁ ਭਾਣਾ ਤਾ ਜੰਮਿਆ
ਪਰਵਾਰਿ ਭਲਾ ਭਾਇਆ।
ਲਿਵ ਛੁੜਕੀ ਲਗੀ ਤ੍ਰਿਸ਼ਨਾ
ਮਾਇਆ ਅਮਰੁ ਵਰਤਾਇਆ।"

ਪੂਰਬਲੇ ਜੀਵਨ ਦੀ ਲਿਵ ਇਸ ਦੁਨੀਆਂ ਦੀ ਮਾਇਆ ਦੇ ਪ੍ਰਭਾਵ ਨਾਲ ਭੁੱਲ ਗਈ। ਪਿੱਛਾ ਭੁੱਲ ਗਿਆ ਤੇ ਏਥੇ ਦੀ ਤ੍ਰਿਸ਼ਨਾ ਲੱਗ ਗਈ ਤੇ ਜਦ ਏਥੋਂ ਤੁਰਨ ਲੱਗਾ ਤਾਂ ਮੌਤ ਭਿਆਨਕ ਜਾਪਣ ਲੱਗ ਪਈ, ਕਿਉਂਕਿ ਪਿੱਛਾ ਉੱਕਾ ਹੀ ਭੁੱਲ ਗਿਆ ਸੀ। ਇੱਥੇ ਦੀ ਮਾਇਆ ਨਾਲ ਲੁਭਤ ਅੱਖੀਆਂ ਨੂੰ ਦਿਸਦਾ ਨਹੀਂ ਤੇ ਵਿਜੋਗ ਦਾ ਦੁੱਖ ਡਾਢਾ ਹੈ। ਜੇਕਰ ਮਾਸ ਹੱਡੀਆਂ ਆਦਿਕ ਇਹ ਆਖ ਸਕਦੇ ਹਨ ਕਿ ਏਥੋਂ ਟੁਰੇ ਅੱਗੇ ਹੋਰ ਕਿਧਰੇ ਕੁਝ ਜਾ ਬਣੇ, ਤਦ ਭਲਾ ਆਤਮਾ ਯਾ ਰੂਹ ਯਾ ਜੀਵ, ਜੋ ਕੁਝ ਭੀ ਉਸ ਅੰਦਰਲੀ ਅਸਲੀਅਤ ਦਾ ਨਾਮ ਹੈ, ਜਿਸ ਦੀ ਬਣਾਵਟ ਅਤਿਅੰਤ ਸੂਖਮ ਤੇ ਗੁੱਝੀ ਹੈ, ਭਲਾ ਕਿਵੇਂ ਮਰ ਸਕਦਾ ਹੈ ? ਪ੍ਰਿਥਵੀ ਵਿੱਚ ਮੌਤ ਨੂੰ ਥਾਂ ਹੀ ਕਿੱਥੇ ਹੈ ? ਜੋ ਕੁਝ ਹੈ ਉਹ ਮਿਟ ਕਿਵੇਂ ਸਕਦਾ ਹੈ ? ਫੱਟੀ ਵਾਲੀ ਲਕੀਰ ਜਿਸ ਦਾ ਇਸ ਕਾਂਡ ਦੇ ਆਰੰਭ ਵਿੱਚ ਪ੍ਰਮਾਣ ਦਿੱਤਾ ਸੀ ਉਹ ਵੀ ਮਿਟੀ ਕਿੱਥੇ ਹੈ ? ਮਿਟ ਸਕਦੀ ਹੀ ਨਹੀਂ। ਸਿਆਹੀ ਦੇ ਨਿਸ਼ਾਨ ਹਾਲਾਂ ਤੀਕ ਫੱਟੀ ਉੱਤੇ ਨਹੀਂ ਤਾਂ ਧੋਣ ਦੇ ਪਾਣੀ ਵਿੱਚ ਇੰਨ ਬਿੰਨ ਹਾਲਾਂ ਤੀਕ ਹਾਜ਼ਰ ਹਨ, ਤੇ ਜਿੰਨਾ ਬਲ ਲਕੀਰ ਪਾਉਣ ਨੂੰ ਲੱਗਾ ਸੀ ਉਦੂੰ ਵੱਧ ਫੱਟੀ ਉਤੋਂ ਮੇਸਣ ਨੂੰ ਲੱਗਾ। ਅਥਵਾ ਮੇਸਣ ਵਾਲੇ ਦੇ ਬਾਹੂਬਲ ਦੇ ਖਾਤੇ ਵਿੱਚੋਂ ਇੱਕ ਰਕਮ ਸਦਾ ਲਈ ਕੱਢ ਲਈ ਗਈ ਤੇ ਉਹ ਬਲ ਸਿਆਹੀ ਨੂੰ ਖੋਰੂ ਖੋਰੂ ਕਰਨ ਤੇ ਫੱਟੀ ਦੀ

ਤਖਤੀ ਨੂੰ ਨਵਾਂ ਸਰੂਪ ਦੇਣ ਨਮਿੱਤ ਅਰਪਨ ਹੋ ਕੇ ਉਸ ਲੇਖੇ ਵਿੱਚ ਦਰਜ ਹੋ ਚੁੱਕਾ ਹੈ! ਫੱਟੀ ਦੀਆਂ ਉਹ ਲਕੀਰਾਂ ਮਿਟ ਤਾਂ ਗਈਆਂ, ਪਰ ਵੇਖੋ ਮਿਟਣ ਮਿਟਣ ਵਿੱਚ ਕਿਨੀ ਕੁਝ ਹੋਰ ਉਪਜਾ ਕੇ ਰਜਿਸਟਰੀ ਕਰਾ ਗਈਆਂ—ਪਾਣੀ ਵਿੱਚ ਸਿਆਹੀ, ਹੱਥਾਂ ਨੂੰ ਸਿਆਹੀ। ਹੱਥਾਂ ਦਾ ਬਲ ਸਰੀਰ ਵਿਚੋਂ ਕੱਢ ਕੇ ਕਿਥੇ ਕਿਥੇ ਧਰ ਗਈਆਂ। ਸਿਆਹੀ ਦੇ ਕਿਣਕਿਆਂ ਨੂੰ ਫੇਰ ਸਮੇਟਿਆ ਜਾ ਸਕਦਾ ਹੈ ਪਰ ਬਲ ਫੇਰ ਹੋਰ ਲੱਗੇਗਾ। ਕਿੱਸਾ ਕਿਤੇ ਮੁਕਦਾ ਹੀ ਨਹੀਂ—

'ਜਿਉਂ ਲਾਹਾ ਤੋਟਾ ਤਿਵੇਂ ਵਾਟ ਚਲਦੀ ਆਈ।'

ਹਿਸਾਬ ਚਲਿਆ ਚਲਦਾ ਹੈ ਮੁੱਕਦਾ ਕਿਤੇ ਨਹੀਂ, ਨਾ ਆਦਿ ਹੈ ਨਾ ਅੰਤ, ਨਾ ਜੰਮਣ ਹੈ ਨਾ ਮਰਨ, ਤੇ ਜੋ ਮਰਨ ਭਾਸ ਰਿਹਾ ਹੈ ਸਾਇੰਸਦਾਨ ਪ੍ਰਤੱਖ ਤੌਰ 'ਤੇ ਝੂਠਾ ਸਿੱਧ ਕਰ ਰਹੇ ਹਨ। ਜਿਸ ਚੀਜ਼ ਦੇ ਚੱਕ੍ਰ ਚਿਹਨ ਹੀ ਸਾਨੂੰ ਪਤਾ ਨਹੀਂ ਉਸ ਨੂੰ ਨਿਦੰਣਾ ਯਾ ਭਿਆਨਕ ਕਰਾਰ ਦੇਣਾ ਠੀਕ ਨਹੀਂ। ਇਸ ਹੋਣੀ ਦੇ ਜਿਸ ਨੂੰ ਅਸੀਂ ਮੌਤ ਯਾ ਮਰਨਾ ਆਖਦੇ ਹਾਂ, ਵਰਤ ਜਾਣ ਪਿਛੋਂ ਭੀ ਅਸੀਂ ਜ਼ਰੂਰ ਹੋਵਾਂਗੇ ਕਿਉਂਕਿ ਨਾਸ਼ਵਾਨ ਕੁਝ ਨਹੀ। ਇਹ ਖੰਡ ਬ੍ਰਹਿਮੰਡ ਤੇ ਇਹ ਸਮਾਂ ਸਾਨੂੰ ਕਿਧਰੇ ਕੱਢ ਕੇ ਸੁੱਟ ਨਹੀਂ ਸਕਦੇ। ਕੱਢ ਕੇ ਸੁੱਟਣ ਕਿੱਥੇ, ਅਸੀਂ ਆਪ ਖੰਡਾਂ ਵਰਭੰਡਾਂ ਦੇ ਭਾਗ ਹਾਂ, ਭਾਵੇਂ ਇੱਕ ਕਿਣਕਾ ਮਾਤ੍ਰ ਹੀ ਕਿਉਂ ਨਾ ਹੋਈਏ। 'ਹੁੰਦੇ' ਹੋਏ ਅਸੀਂ 'ਨਾ' ਕਿਸ ਤਰ੍ਹਾਂ ਹੋ ਸਕਦੇ ਹਾਂ।

੬

"ਹਉ ਭੁਲਿ ਵਿਗੁੰਨੀ ਹੋਈ ਆਧੇਰੈ ਰਾਹੁ ਨ ਕੋਈ"

ਪੁਰਾਤਨ ਮਤਾਂ ਦੇ ਗ੍ਰੰਥ ਵੇਦ ਸ਼ਾਸਤਰਾਂ ਵਿੱਚ ਮਨੁੱਖੀ ਜਨਮ ਮਰਨ ਸਬੰਧੀ ਜੋਨੀਆਂ ਵਿੱਚ ਭਰਮਣ ਅਤੇ ਆਵਾਗੌਣ ਦੇ ਮਸਲੇ ਉੱਤੇ ਬੇ ਓੜਕ ਕਾਲਖ ਕਾਗਜ਼ਾਂ ਉੱਤੇ ਡੋਲ੍ਹੀ ਹੋਈ ਹੈ ਪਰ ਸਾਰੀ ਸਿਆਣਪ ਵਿੱਚ ਇਹ ਗੱਲ ਪਹਿਲਾਂ ਹੀ ਮੰਨ ਲਈ ਹੈ ਕਿ ਜੀਵ ਨਾਸ਼ ਨਹੀਂ ਹੁੰਦਾ। ਅਣਗਿਣਤ ਪਰਮਾਣਾਂ ਨਾਲ ਤੇ ਲੰਮੇ ਕਿੱਸਿਆਂ ਕਹਾਣੀਆਂ ਅਖੌਤਾਂ ਤੇ ਹਰ ਪ੍ਰਕਾਰ ਦੀਆਂ ਦਲੀਲਾਂ ਨਾਲ ਤੇ ਇਸ ਵਿਸ਼ਯ ਨੂੰ ਦ੍ਰਿੜ੍ਹਾਉਣ ਹਿਤ ਵਿਚਾਰਾਂ ਦੇ ਦਰਿਆ ਵਗਾਏ ਗਏ ਹਨ ਅਤੇ ਸ਼ੱਕ ਨਹੀਂ ਕਿ ਜਿਹੜਾ ਆਦਮੀ ਇਨ੍ਹਾਂ ਨੂੰ ਪੜ੍ਹਦਾ ਰਹਿੰਦਾ ਹੈ ਉਸ ਨੂੰ ਉਤਨਾ ਚਿਰ ਵਿਸ਼ਵਾਸ ਰਹਿੰਦਾ ਹੈ ਕਿ ਮਰਨਾ ਕੇਵਲ ਇੱਕ ਰੂਪ ਵਟਾਉਣਾ ਹੈ ਪਰ ਨਿਤ ਦੇ ਵੇਖਣ ਸੁਨਣ ਵਿੱਚ ਆਉਣ ਵਾਲੀਆਂ ਗੱਲਾਂ ਦੇ ਪ੍ਰਭਾਵ ਨਾਲ ਕਦੇ ਨਾ ਕਦੇ ਸਭ ਕੁਝ ਪੜ੍ਹ ਗੁੜ੍ਹ ਕੇ ਭੀ ਇਹ ਅੱਖੀਆਂ ਤੇ ਇਹ ਕੰਨ ਕੋਈ ਅਜੇਹੀ ਪ੍ਰਤੱਖ ਵਰਤੋਂ ਦਾ ਵੇਖਣਾ ਸੁਨਣਾ ਜ਼ਰੂਰੀ ਲੋਚਦੇ ਹਨ ਜਿਸ ਨਾਲ ਇਹ ਦਿਸ ਪਵੇ ਕਿ ਮੌਤ ਕੋਈ ਚੀਜ਼ ਨਹੀਂ ਅਤੇ ਮੌਤ ਦਾ ਭੈਅ ਉੱਕਾ ਚੁੱਕਾ ਹੀ ਚੁੱਕ ਜਾਵੇ। ਅਕਲ ਨਾਲ ਸਮਝਣ ਅਤੇ ਦਿਲ ਵਿੱਚ ਨਿਸ਼ਚਿਤ ਤੌਰ ਤੇ ਪਰਤੀਤ ਆ ਜਾਣ ਵਿੱਚ ਬੜਾ ਫ਼ਰਕ ਹੈ। ਇੱਕ ਤਾਂ ਮਨੁੱਖ ਦਾ ਅਸਲਾ ਹੀ ਭਰਮ ਹੈ, ਦੂਜੇ ਮੌਤ ਮਜ਼ਮੂਨ ਹੀ ਕੁਝ ਅਜੇਹਾ ਹੈ ਕਿ ਇਸ ਸੰਬੰਧੀ ਕੁਝ ਪਰਤੱਖ ਵੇਖਿਆ ਸੁਣਿਆ ਨਹੀਂ ਜਾ ਸਕਦਾ। ਜਦ ਤੋੜੀ ਮੌਤ ਦੇ ਦਰਵਾਜ਼ੇ ਵਿੱਚੀ ਲੰਘ ਕੇ ਅੱਗੇ ਝਾਤੀ ਨਾ ਮਾਰੀ ਜਾਵੇ ਕੋਈ ਕੁਝ ਨਹੀਂ ਆਖ ਸਕਦਾ, ਤੇ ਸਾਨੂੰ ਤਾਂ ਇਹ ਵੀ ਪਤਾ ਨਹੀਂ ਕਿ ਮੌਤ ਦੇ ਦਰਵਾਜ਼ੇ ਵੜਦੇ ਸਾਰ ਸਾਡੇ ਇਹ ਕੰਨ ਤੇ ਅੱਖਾਂ ਤੇ ਸੋਝੀ ਆਪਣੀ ਵਰਤਮਾਨ ਚਲਤ ਦਸ਼ਾ ਵਿੱਚ ਕਾਇਮ ਰਹਿਕੇ ਮੌਤ ਦੀ ਹੋਂਦ ਨੂੰ ਭੇਟਕੇ ਵਿਚਾਰਨ ਯੋਗ ਰਹਿਣਗੇ ਜਾਂ ਨਹੀਂ। ਇਸ ਕਰਕੇ ਸਾਡੇ ਪੱਛਮੀ ਬੋਲੀਆਂ ਦੀ ਖੋਜ ਪੜਤਾਲ ਵੱਲ ਝਾਤੀ ਮਾਰਨਾ ਜ਼ੂਰਰੀ ਹੈ।

ਜਿਨ੍ਹਾਂ ਨੇ ਕੁਦਰਤੀ ਸ਼ਕਤੀਆਂ ਦੇ ਗੁਝੇ ਭੇਦ ਬੜੀਆਂ ਮੇਹਨਤਾਂ ਤੇ ਕੁਰਬਾਨੀਆਂ ਨਾਲ ਲੱਭੇ ਉਨ੍ਹਾਂ ਭੇਦਾਂ ਨੂੰ ਵਰਤੋਂ ਵਿੱਚ ਲਿਆ ਕੇ ਦੁਨੀਆਂ ਨੂੰ ਚਮਤਕਾਰਾਂ ਨਾਲ ਭਰ ਦਿੱਤਾ, ਉਨ੍ਹਾਂ ਨੂੰ ਭੀ ਮੌਤ ਦਾ ਡਰ ਹੈ ਅਤੇ ਉਨ੍ਹਾਂ ਦੀ ਖੋਜ ਭੀ ਸਿੱਖਿਆ ਤੋਂ ਖਾਲੀ ਨਹੀਂ ਹੋ ਸਕਦੀ। ਜਿਨ੍ਹਾਂ ਨੇ ਸਮੁੰਦਰਾਂ ਤੇ ਅਸਮਾਨਾਂ ਨੂੰ ਗਾਹ ਮਾਰਿਆ, ਜਿਨ੍ਹਾਂ ਨੇ ਘਰ-ਘਰ ਵਿੱਚ ਦੁਨੀਆਂ ਦੀਆਂ ਖ਼ਬਰਾਂ ਤੇ ਤਮਾਸ਼ਿਆਂ ਦੇ ਸੋਮੇ ਲਾ ਦਿੱਤੇ ਆਖ਼ਰ ਉਨ੍ਹਾਂ ਦੀ ਸਾਇੰਸ ਤੋਂ ਭੀ ਪੁੱਛਣ ਦੀ ਲੋੜ ਹੈ ਕਿ ਮੌਤ ਕੀ ਹੈ ਤੇ ਮਰਨੋਂ ਉਪਰੰਤ ਕੀ ਵਰਤੇਗਾ?

ਉਂਝ ਤਾਂ ਇੱਕੜ ਦੁੱਕੜ ਸਾਇੰਸਦਾਨ ਪਹਿਲੋਂ ਭੀ ਇਨਸਾਨੀ ਮੌਤ ਸਬੰਧੀ ਖੋਜ ਕਰਦੇ ਰਹਿੰਦੇ ਸਨ ਪਰ ਖੁਲ੍ਹੇ ਤੌਰ ਤੇ ਜਥੇਬੰਦ ਹੋ ਕੇ ਪੜਤਾਲ ਇੱਕ ਜੱਥੇ ਨੇ ਪ੫ ਸਾਲ ਹੋਏ ਆਰੰਭ ਕੀਤੀ ਸੀ ਜਿਸ ਦਾ ਨਾਮ ਹੈ 'ਸੋਸਾਇਟੀ ਫ਼ਾਰ ਸਾਈਕੀਕਲ ਰੀਸਰਚ' ਅਰਥਾਤ ਇਨਸਾਨੀ ਗੁਪਤ ਸ਼ਕਤੀਆਂ ਦੀ ਖੋਜ ਦੀ ਸਭਾ। ਇਹ ਸੋਸਾਇਟੀ ਇੰਗਲੈਂਡ ਅਤੇ ਅਮਰੀਕਾ ਵਿੱਚ ਪਰਵੇਸ਼ ਕਰਦੀ ਰਹੀ। ਕਿਉਂਕਿ ਸੋਸਾਇਟੀ ਸਾਇੰਸਦਾਨਾਂ ਦੀ ਸੀ। ਖ਼ੋਜ ਦੇ ਤਰੀਕੇ ਭੀ ਸਾਇੰਸ ਦੇ ਮੁੱਢਲੇ ਅਸੂਲਾਂ ਅਨੁਸਾਰ ਪ੍ਰਗਟ ਖੁਲ੍ਹੇ ਗਵਾਹੀਆਂ ਸ਼ਾਹਦੀਆਂ ਦੇ ਰੂਬਰੂ ਕੇਵਲ ਵੇਖੀ ਚਾਖੀ ਜਾਣ ਵਾਲੀਆਂ ਗੱਲਾਂ ਉੱਤੇ ਭਰੋਸਾ ਕਰਨ ਦੇ ਸਨ। ਜੋ ਤਜਰਬੇ ਕੀਤੇ ਜਾਂਦੇ ਸਨ ਸਭ ਨੂੰ ਠੀਕ-ਠੀਕ ਲਿਖਤ ਵਿੱਚ ਲਿਆਂਦਾ ਜਾਂਦਾ ਸੀ ਅਤੇ ਵਾਹ ਲੱਗਦੀ ਹੱਥ ਫੇਰੀ ਚਲਾਕੀ ਅੰਧ-ਵਿਸ਼ਵਾਸ ਤੋਂ ਪੂਰਨ ਤੌਰ ਤੇ ਸੰਕੋਚ ਕੀਤਾ ਜਾਂਦਾ ਸੀ। ਸੋਸਾਇਟੀ ਦੀ ਸਲਾਨਾ ਰੀਪੋਰਟ ਛਪਦੀ ਸੀ, ਜਿਸ ਵਿੱਚ ਸਾਲ ਭਰ ਦੇ ਕੰਮ ਦਾ ਵੇਰਵਾ ਦਿੱਤਾ ਜਾਂਦਾ ਸੀ।

ਇਸ ਸੋਸਾਇਟੀ ਨੇ ਅੱਵਲ ਤਾਂ ਓਸ ਵਿਦਿਆ ਦੀ ਉੱਨਤੀ ਕੀਤੀ ਜੋ ਇਨਸਾਨੀ ਦਿਲ ਤੇ ਦਿਮਾਗ਼ ਦੀਆਂ ਸੂਹਜ ਸ਼ਕਤੀਆਂ ਨਾਲ ਸੰਬੰਧ ਰੱਖਦੀ ਹੈ ਜਿਸ ਨੂੰ ਹਿਪਨੋਟਿਜ਼ਮ ਅਤੇ ਮੈਸਮੇਰਿਜ਼ਮ ਆਖਦੇ ਹਨ। ਹੁਣ ਇਹ ਸਿੱਧ ਹੋ ਚੁੱਕਾ ਹੈ ਕਿ ਇੱਕ ਬੰਦਾ ਦੂਜੇ ਨੂੰ ਆਪਣੀ ਮਨੋਸ਼ਕਤੀ ਨਾਲ ਹੇਠ ਕਰ ਕੇ ਉਸ ਤੋਂ ਕੰਮ ਲੈ ਸਕਦਾ ਹੈ ਅਤੇ ਇਸ ਸ਼ਕਤੀ ਨੂੰ ਪੱਛਮੀ ਡਾਕਟਰ ਬੀਮਾਰੀਆਂ ਦੂਰ ਕਰਨ ਲਈ ਭੀ ਵਰਤਦੇ ਹਨ। ਇਹ ਭੀ ਉਸ ਸੋਸਾਇਟੀ ਦੇ ਤਜਰਬਿਆਂ ਨੇ ਸਿੱਧ ਕੀਤਾ ਕਿ ਇੱਕ ਬੰਦਾ ਦੂਜੇ ਨੂੰ ਕੇਵਲ ਖ਼ਿਆਲਾਂ ਜਾਂ ਮਨ ਦੀ ਸ਼ਕਤੀ ਨਾਲ ਆਪਣੇ ਭਾਵ ਪੁਚਾ ਸਕਦਾ ਹੈ ਅਤੇ ਉਸ ਦੇ ਭਾਵ ਆਪ ਬੁੱਝ ਸਕਦਾ ਹੈ ਅਰਥਾਤ ਇਨਸਾਨੀ ਦਿਲਾਂ ਵਿਚਕਾਰ ਬਿਨਾਂ ਬੋਲੇ ਚਾਲੇ ਗੱਲ ਬਾਤ ਹੋ ਸਕਦੀ ਹੈ ਜਿਸ ਨੂੰ ਟੈਲੀ ਪੈਥੀ ਆਖਿਆ ਜਾਂਦਾ ਹੈ।

ਸੋਸਾਇਟੀ ਨੇ ਸੁਪਨਿਆਂ ਸੰਬੰਧੀ ਭੀ ਖੋਜ ਕੀਤੀ ਅਤੇ ਸਿੱਧ ਕੀਤਾ ਕਿ ਕਈ ਵਾਰ ਆਗਮ ਦੀਆਂ ਗੱਲਾਂ ਸੁਫਨਿਆਂ ਰਾਹੀਂ ਪਹਿਲੋਂ ਪਤਾ ਲੱਗ ਜਾਂਦੀਆਂ ਹਨ। ਪਰ ਸਭ ਤੋਂ ਵੱਡਾ ਮਜ਼ਮੂਨ ਖੋਜ ਲਈ ਇਨਸਾਨੀ ਮੌਤ ਸੀ, ਜਿਥੇ-ਜਿੱਥੇ ਸੋਸਾਇਟੀ ਨੂੰ ਕੋਈ ਅਜਿਹੀ ਗੱਲ ਮਲੂਮ ਹੋਈ ਜਿਸ ਦਾ ਮੌਤ ਜਾਂ ਮੌਤੋਂ ਪਰੰਦ ਦਸ਼ਾ ਨਾਲ ਸੰਬੰਧ ਸੀ, ਹਾਲਾਤ ਚੰਗੀ ਤਰ੍ਹਾਂ ਵੇਖੇ ਗਏ, ਗਵਾਹੀਆਂ ਲਈਆਂ ਗਈਆਂ ਅਤੇ ਸਿੱਟੇ ਕੱਢੇ ਗਏ। ਭੂਤਾਂ ਦੀ ਹੋਂਦ ਦੇ ਬੇਓੜਕ ਹਾਲ ਜਮ੍ਹਾਂ ਕੀਤੇ ਗਏ ਅਤੇ ਉਨ੍ਹਾਂ ਦੇ ਜੀਵਨ ਦੇ ਹਾਲ ਪੜਤਾਲ ਕੇ ਉਨ੍ਹਾਂ ਦੀ ਪ੍ਰੇਤਕ ਦਸ਼ਾ ਨਾਲ ਮੁਕਾਬਲਾ ਕੀਤਾ ਗਿਆ। ਸਭ ਤੋਂ ਵੱਡੀ ਗੱਲ ਇਹ ਸੀ ਕਿ ਉਨ੍ਹਾਂ ਨੇ ਏਥੋਂ ਚੱਲ ਗਈਆਂ ਰੂਹਾਂ ਨਾਲ ਗੱਲ ਬਾਤ ਕਰਨ ਦੇ ਜਤਨ ਕੀਤੇ ਆਯਾ ਉਹ ਆਪੋ ਵਿੱਚ ਦੀ ਗੱਲ ਬਾਤ ਠੀਕ ਅੱਗੇ ਲੰਘਿਆਂ ਦੀ ਹੈ ਇਹ ਨਿਸ਼ਚਯ ਕਹਿਣਾ ਮੁਸ਼ਕਲ ਹੈ। ਜੇ ਕਰ ਕਿਸੇ ਤਰ੍ਹਾਂ ਸਾਡੇ ਦਿਲ ਨੂੰ ਇਹ ਪ੍ਰਤੀਤ ਆ ਜਾਵੇ ਕਿ ਅਗਲੇ ਸਿਰਿਉਂ ਕੋਈ ਉੱਤਰ ਦੇ ਰਿਹਾ ਹੈ ਤਦ ਸਾਰੀ ਚਿੰਤਾ ਹੀ ਮੁੱਕ ਜਾਂਦੀ ਹੈ ਕਿਉਂਕਿ ਤਦ ਤਾਂ ਇਹ ਭੀ ਸਿੱਧ ਹੋ ਗਿਆ ਕਿ ਅਗਲੇ ਪਾਸੇ ਕੁਝ ਹੈ ਤੇ ਉਥੇ ਸਾਡੇ ਲੰਘ ਗਏ ਬੇਲੀ ਕਿਸੇ ਨਾ ਕਿਸੇ ਕਿਸਮ ਦੀ ਦੁਨੀਆਂ ਵਿੱਚ ਆਪਣੀਆਂ ਹਸਤੀਆਂ ਵਿੱਚ ਹਨ। ਪਰ ਝਗੜਾ ਇਹ ਹੈ ਕਿ ਬਾਵਜੂਦ ਹਜ਼ਾਰਾਂ ਗੱਲਾਂ ਬਾਤਾਂ ਦੇ ਦਿਲ ਦਾ ਪੱਕੀ ਤਰ੍ਹਾਂ ਪਤੀਜਣਾ ਅਉਖਾ ਹੈ ਕਿਉਂਕਿ ਇਨਸਾਨੀ ਸ਼ਕਤੀਆਂ ਐਨੀਆਂ ਬੇਓੜਕ ਤੇ ਗੁਹਜ ਹਨ ਕਿ ਆਖੀਦਾ ਹੈ ਕਿ ਖਬਰੇ ਆਪਾ ਆਪੇ ਨੂੰ ਕੋਈ ਸੂਖਮ ਧੋਖਾ ਹੀ ਨਾ ਦੇ ਰਿਹਾ ਹੋਵੇ। ਇੱਥੇ ਇਸ ਖ਼ਿਆਲ ਨੂੰ ਪਾਠਕਾਂ ਪ੍ਰਤੀ ਚੰਗੂ ਸੁਝਾਉਣਾ ਜ਼ਰੂਰੀ ਹੈ ਅਤੇ ਇਹ ਪ੍ਰਮਾਣ ਨਾਲ ਹੀ ਹੋ ਸਕਦਾ ਹੈ। ਸੋਸਾਇਟੀ ਦੀਆਂ ਰਿਪੋਰਟਾਂ ਵਿੱਚ ਇੱਕ ਵਰਤਾਂਤ ਦਰਜ ਹੈ ਜੋ ਕਿ ਸੋਸਾਇਟੀ ਦੇ ਉਸ ਅੰਕ ਦੀ ਖੋਜ ਵਿੱਚ ਪ੍ਰਗਟ ਹੋਇਆ ਜਿਸ ਦਾ ਕੰਮ ਭੂਤਾਂ ਵਾਲੇ ਘਰਾਂ ਦੀ ਖੋਜ ਕਰਨਾ ਸੀ। ਇੱਕ ਘਰ ਸੰਨ ੧੮੬੦ ਵਿੱਚ ਬਣਾਇਆ ਗਿਆ ਸੀ ਜਿਸ ਵਿੱਚ ਪਹਿਲੋਂ ਪਹਿਲ ਇੱਕ ਐਂਗਲੋ-ਇੰਡੀਅਨ (ਹਿੰਦੁਸਤਾਨ ਦਾ ਅੰਗਰੇਜ਼) ਆ ਕੇ ਰਿਹਾ ਸੀ ਤੇ ਉਸ ਤੋਂ ਪਿੱਛੋਂ ਇੱਕ ਬੁੱਢਾ ਆਦਮੀ। ਇਸ ਤੋਂ ਪਿਛੋਂ ਘਰ ਚਾਰ ਸਾਲ ਖਾਲੀ ਰਿਹਾ। ਸੰਨ ੧੮੮੨ ਵਿੱਚ ਕੈਪਟਨ ਮੌਰਟਨ ਟੱਬਰ ਸਮੇਤ ਆ ਕੇ ਰਹਿਣ ਲੱਗੇ ਅਤੇ ਉਨ੍ਹਾਂ ਨੂੰ ਕੋਈ ਖ਼ਬਰ ਨਹੀਂ ਸੀ ਕਿ ਘਰ ਵਿੱਚ ਪਰੇਤ ਵੱਸਦੇ ਹਨ। ਤਿੰਨ ਮਹੀਨੇ ਪਿਛੋਂ ਇੱਕ ਦਿਨ ਮਿਸ ਮੌਰਟਨ ਆਪਣੇ ਕਮਰੇ ਵਿੱਚ ਸੀ ਅਤੇ ਮੰਜੇ ਉੱਤੇ ਪੈਣ ਲੱਗੀ ਸੀ ਜਦ ਉਸ ਨੂੰ ਦਰਵਾਜ਼ੇ ਕੋਲੋਂ ਕਿਸੇ ਦੇ ਹੋਣ ਦੀ ਆਹਟ ਆਈ ਅਤੇ ਉਸ ਨੇ ਖ਼ਿਆਲ ਕੀਤਾ ਕਿ ਉਸ ਦੀ ਮਾਂ

ਹੋਵੇਗੀ। ਦਰਵਾਜ਼ਾ ਖੋਲ੍ਹਿਆ ਤਾਂ ਉਥੇ ਕੋਈ ਨਹੀਂ ਸੀ ਪਰ ਕੁਛ ਕਦਮ ਅੱਗੇ ਹੋ ਕੇ ਉਸ ਨੂੰ ਇਕ ਕਾਲੇ ਲਿਬਾਸ ਵਾਲੀ ਲੰਮੀ ਇਸਤ੍ਰੀ ਦਿੱਸੀ ਜੋ ਪੌੜੀਆਂ ਦੇ ਸਿਰ ਉੱਤੇ ਖਲੋਤੀ ਹੋਈ ਸੀ। ਮਿਸ ਮੌਰਟਨ ਨੇ ਘਰ ਵਾਲਿਆਂ ਨੂੰ ਇਹ ਗੱਲ ਨਹੀਂ ਦੱਸੀ ਮਤੇ ਉਹ ਚਿੰਤਾ ਕਰਨ ਤੇ ਘਬਰਾਉਣ ਪਰ ਆਪਣੀ ਇੱਕ ਮਿਤ੍ਰੱਨ ਨੂੰ ਦਸ ਦਿੱਤੀ ਜੋ ਕਿ ਉਸ ਗਵਾਂਢ ਵਿੱਚ ਨਹੀਂ ਰਹਿਂਦੀ ਸੀ। ਝਬੇ ਹੀ ਓਹੀ ਕਾਲੀ ਪੋਸ਼ ਫੇਮ ਟੱਬਰ ਦੇ ਹੋਰ ਜੀਵਾਂ ਨੇ ਵੀ ਦੇਖੀ, ਮਿਸ ਮੌਰਟਨ ਦੀ ਵਿਆਹੀ ਭੈਣ ਨੇ ਵੇਖੀ, ਉਸ ਦੇ ਪਿਉ ਨੇ, ਦੂਜੀਆਂ ਭੈਣਾਂ ਨੇ ਤੇ ਨਿੱਕੇ ਮੁੰਡੇ ਨੇ ਵੇਖੀ। ਇੱਕ ਗਵਾਂਢੀ ਨੇ ਵੇਖੀ ਤੇ ਇੱਕ ਜਰਨੈਲ ਆ......ਨੇ ਇੱਕ ਦਿਨ ਬਗੀਚੇ ਵਿੱਚ ਰੋਂਦੀ ਵੇਖੀ ਅਤੇ ਇਹ ਸਮਝ ਕੇ ਕਿ ਘਰ ਦੀ ਧੀ ਹੈ ਖ਼ਬਰ ਪੁੱਛਣ ਲਈ ਆਦਮੀ ਭੇਜਿਆ। ਮੌਰਟਨ ਦੇ ਕੁਤਿਆਂ ਨੇ ਭੀ ਪ੍ਰਗਟ ਕੀਤਾ ਕਿ ਓਹਨਾਂ ਕੋਈ ਸ਼ੈਅ ਡਿਠੀ ਹੈ ਪਰ ਇਹ ਪਰੇਤ ਕਿਸੇ ਨੂੰ ਕੁਝ ਨਹੀਂ ਸੀ ਕਹਿਂਦਾ ਕਮਰਿਆਂ ਵਿੱਚ ਆਉਂਦਾ ਜਾਂਦਾ, ਜੇ ਕੋਈ ਇਸ ਨੂੰ ਕੁਝ ਕਹਿਂਦਾ ਤਾਂ ਬਿਨਾਂ ਜਵਾਬ ਦਿੱਤੇ ਅਲੋਪ ਹੋ ਜਾਂਦਾ। ਘਰ ਵਾਲੇ ਗਿੱਝ ਗਏ ਕਿਉਂਕਿ ਨਾ ਕਿਸੇ ਨੂੰ ਏਸ ਦਾ ਕੋਈ ਦੁੱਖ ਸੀ ਨਾ ਭੈਅ। ਪੁੱਛ ਗਿੱਛ ਕਰਨ ਤੋਂ ਪਤਾ ਲੱਗਾ ਕਿ ਏਹ ਇਸਤ੍ਰੀ ਐਂਗਲੋ-ਇੰਡੀਅਨ ਦੀ ਦੂਜੀ ਵਹੁਟੀ ਸੀ। ਮੌਰਟਨ ਦੇ ਟੱਬਰ ਨੇ ਇਸ ਇਸਤ੍ਰੀ ਨੂੰ ਜ਼ਿੰਦਗੀ ਵਿੱਚ ਕਦੇ ਨਹੀਂ ਸੀ ਵੇਖਿਆ ਪਰ ਸ਼ਕਲ ਸ਼ਬਾਹਤ ਕੱਦ ਕਾਠ ਦਾ ਵੇਰਵਾ ਜਦ ਗਵਾਂਢੀਆਂ ਨੂੰ ਦੱਸਿਆ ਗਿਆ ਓਨ੍ਹਾਂ ਦਸਿਆ ਕਿ ਇਹ ਫ਼ਲਾਨੀ ਹੈ। ਸੰਨ ੧੮੮੯ ਦੇ ਪਿਛੋਂ ਇਸ ਪਰੇਤ ਦਾ ਆਣਾ ਜਾਣਾ ਘੱਟ ਹੋ ਗਿਆ ਤੇ ੧੮੮੯ ਵਿੱਚ ਉੱਕਾ ਹੀ ਬੰਦ ਹੋ ਗਿਆ।

ਇਹ ਵਰਤਾਂਤ ਸੋਸਾਇਟੀ ਦੇ ਪਤਵੰਤਿਆਂ ਨੇ ਚੰਗੀ ਪੜਤਾਲ ਕਰਕੇ ਪ੍ਰਕਾਸ਼ਤ ਕੀਤਾ। ਇਸ ਤੋਂ ਕੁਝ ਨਾ ਕੁਝ ਸਿੱਟਾ ਜ਼ਰੂਰ ਕੱਢਣਾ ਪਏਗਾ। ਜਾਂ ਭੂਤ ਪ੍ਰੇਤ ਹਨ ਤੇ ਜਾਂ ਨਹੀਂ ਹਨ। ਜੇਕਰ ਆਖੀਏ ਕਿ ਅਸਲ ਵਿੱਚ ਦਿਸਿਆ ਕਿਸੇ ਨੂੰ ਕੁਝ ਨਹੀਂ, ਮਿਸ ਮੌਰਟਨ ਨੂੰ ਉਸ ਦੇ ਅੰਦਰੋਂ ਐਵੇਂ ਇੱਕ ਸੁਫਨਾ ਜਾਂ ਭਰਮ ਉਪਜਿਆ ਅਤੇ ਉਸ ਦੇ ਖ਼ਿਆਲਾਂ ਦੇ ਜ਼ੋਰ ਨਾਲ ਦੂਜਿਆਂ ਨੂੰ ਓਹੀ ਜ਼ਬਰਦਸਤ ਖ਼ਿਆਲ ਬਣਕੇ ਪ੍ਰਗਟ ਹੋਇਆ ਅਤੇ ਉਨ੍ਹਾਂ ਵੀ ਓਹੀ ਸ਼ਕਲ ਡਿੱਠੀ। ਜੇਕਰ ਇਸ ਪ੍ਰਕਾਰ ਸਾਰੀਆਂ ਹੋਂਦਾਂ ਨੂੰ ਇਨਸਾਨੀ ਸ਼ਕਤੀ ਦੇ ਆਪਣੇ ਚਮਤਕਾਰੇ ਸੁਪਨਦ੍ਰਿਸ਼ਯ ਜਾਂ ਖ਼ਿਆਲੀ ਘਾੜਤਾਂ ਸਮਝੀਏ ਤਦ ਕਿਸੇ ਪ੍ਰਤੱਖ ਚੀਜ਼ ਦਾ ਸਬੂਤ ਭੀ ਅਉਖਾ ਹੋ ਜਾਂਦਾ ਹੈ। ਜੇਕਰ ਅਸਾਂ ਖੋਜ ਇਸ ਹਦ ਦਰਜੇ ਦੇ ਅਵਿਸ਼ਵਾਸ਼ੀ ਹੋ ਕੇ ਕਰਨੀ ਹੈ ਤਦ ਇਹ ਅਸੰਭਵ ਹੈ ਕਿ ਮ੍ਰਿਤੂ ਲੋਕ ਦੇ ਵਾਸੀ ਸਾਡੀਆਂ ਨਜ਼ਰਾਂ ਤੇ ਸ਼ਕਤੀਆਂ ਅੱਗੇ ਆ ਕੇ ਪ੍ਰਗਟ ਹੋ

ਕੇ ਕਿਸੇ ਕਿਸਮ ਦਾ ਵੀ ਸਬੂਤ ਦੇ ਸਕਣ, ਆਖਰ ਭੂਤ ਪ੍ਰੇਤਾਂ ਸੰਬੰਧੀ ਜੋ ਸਾਇੰਸਦਾਨਾਂ ਨੇ ਕੇਵਲ ਸੱਚ ਜਾਨਣ ਲਈ ਮਿਹਨਤਾਂ ਮੁਸ਼ੱਕਤਾਂ ਕਰਕੇ ਸੈਂਕੜੇ ਵਿਰਤਾਂਤ ਪੁੱਛ ਭਾਲ ਕਰਕੇ ਲਿਖੇ ਹਨ, ਨਿਰੇ ਖ਼ਿਆਲੀ ਬੁਖ਼ਾਰਾਂ ਦਾ ਸਿੱਟਾ ਨਹੀਂ ਹੋ ਸਕਦੇ। ਜੇਕਰ ਭੂਤ ਪ੍ਰੇਤ ਕੋਈ ਚੀਜ਼ ਹਨ ਤਦ ਇਹ ਮਾੜਾ ਮੋਟਾ ਸਬੂਤ ਇਸ ਗੱਲ ਦਾ ਹੈ ਕਿ ਮੌਤ ਤੋਂ ਪਰੇ ਕੋਈ ਦੁਨੀਆਂ, ਕੋਈ ਇਸ ਜੀਵਨ ਦੀ ਲੜੀ ਜ਼ਰੂਰ ਹੈ। ਤੇ ਇਸ ਤੋਂ ਉਲਟ ਜੇਕਰ ਸਾਰੇ ਇਕੱਤ੍ਰ ਕੀਤੇ ਵਰਤਾਂਤ ਕੇਵਲ ਖ਼ਿਆਲੀ ਬੁਖ਼ਾਰ ਸਮਝੀਏ ਤੇ ਆਖੀਏ ਕਿ ਕੀ ਸਬੂਤ ਹੈ ਫਲਾਨਾ ਭੂਤ ਸਚਮੁਚ ਉੱਥੇ ਸੀ ਜਾਂ ਅਮਕਾ ਪ੍ਰੇਤ ਸਾਡੀਆਂ ਨਜ਼ਰਾਂ ਰਾਹੀਂ ਆਇਆ ਤੇ ਸਾਡੇ ਖ਼ਿਆਲਾਂ ਦਾ ਉਤਪੰਨ ਕੀਤਾ ਭਰਮ ਨਹੀਂ ਸੀ ਤਦ ਤਾਂ ਕਿਸੇ ਚੀਜ਼ ਦਾ ਵੀ ਸਬੂਤ ਇਸ ਜੀਵਨ ਜਗਤ ਵਿੱਚ ਏਦੂੰ ਵਧੇਰੇ ਨਿਸ਼ਚਿਤ ਤਰੀਕੇ ਨਾਲ ਲੱਭਣਾ ਔਖਾ ਹੈ। ਤਾਂਤੇ ਜੋ ਕੁਝ ਪੱਛਮੀ ਸਾਇੰਸਦਾਨਾਂ ਨੇ ਖੋਜ ਕੀਤੀ ਹੈ ਉਸ ਵਿੱਚ ਕਿਸੇ ਹੱਦ ਤਕ ਵਿਸ਼ਵਾਸ ਨਾਲ ਵੇਖਣਾ ਜ਼ਰੂਰੀ ਹੈ ਖਾਸ ਕਰ ਜਦ ਅਸੀਂ ਵੇਖਦੇ ਹਾਂ ਕਿ ਉਨ੍ਹਾਂ ਦੀ ਖੋਜ ਸਾਡੇ ਪੁਰਾਤਨ ਨਿਸ਼ਚਿਆਂ ਅਤੇ ਧਾਰਮਕ ਭਾਵਾਂ ਤੋਂ ਉਲਟ ਨਹੀਂ।

ਸਾਇੰਸ ਦੀ ਖੋਜ ਜਿਸ ਦਾ ਸੰਬੰਧ ਆਦਮੀ ਦੀਆਂ ਗੁਪਤ ਸ਼ਕਤੀਆਂ ਅਤੇ ਉਸ ਦੇ ਜੀਵਨ ਮਰਨ ਨਾਲ ਹੈ ਅਤੇ ਲੰਦਨ ਦੀ ਇਸ ਸੋਸਾਇਟੀ ਦੀਆਂ ਰਿਪੋਰਟਾਂ ਅਨੇਕ ਪ੍ਰਕਾਰ ਦੇ ਵਰਤਾਂਤਾਂ ਨਾਲ ਭਰਪੂਰ ਹਨ ਜਿਨ੍ਹਾਂ ਨੂੰ ਪੜ੍ਹ-ਪੜ੍ਹ ਕੇ ਪਾਠਕ ਨੂੰ ਇੱਕ ਖ਼ਿਆਲੀ ਤੇ ਗੁਪਤ ਮੰਡਲ ਦਾ ਨਿਸ਼ਚਾਵਾਨ ਹੋ ਜਾਂਦਾ ਹੈ। ਬਹੁਤ ਸਾਰੀ ਖੋਜ ਗੁਜ਼ਰੇ ਬੰਦਿਆਂ ਦੇ ਮੁੜ ਇਨਸਾਨੀ ਸ਼ਕਲ ਵਿੱਚ ਆਪਣੇ ਘਰਾਂ ਵਿੱਚ ਪ੍ਰਗਟ ਹੋਣ ਸਬੰਧੀ ਹੈ, ਜਿਨ੍ਹਾਂ ਨੂੰ ਲੋਕ ਭੂਤ ਪ੍ਰੇਤ ਆਖਦੇ ਹਨ। ਇਹ ਪ੍ਰੇਤ ਉਨ੍ਹਾਂ ਦੇ ਮਰਨ ਤੋਂ ਕਈ ਸਾਲ ਪਿੱਛੋਂ ਤੀਕ ਪ੍ਰਗਟ ਹੁੰਦੇ ਰਹਿੰਦੇ ਹਨ ਪਰ ਸਮਾਂ ਪਾਕੇ ਅਲੋਪ ਹੋ ਜਾਂਦੇ ਹਨ। ਸੋਸਾਇਟੀ ਦੇ ਅਣਥਕ ਮੋਢੀ ਫਰੈਡਰਿਕ ਮਾਇਯੂਜ਼ (Fredrick Myeres) ਨੇ ਇੱਕ ਪ੍ਰਸਿੱਧ ਪੁਸਤਕ (Human Person Ality) ਅਰਥਾਤ 'ਮਨੁੱਖੀ ਪ੍ਰਕਾਸ਼' ਲਿਖੀ ਹੈ ਜੋ ਮਨੁੱਖੀ ਸ਼ਖਸੀਅਤ ਨਾਲ ਭਰਪੂਰ ਹੈ ਅਤੇ ਜਿਸ ਵਿੱਚ ਆਦਮੀਆਂ ਦੀਆਂ ਗੁਪਤ ਸ਼ਕਤੀਆਂ ਤੇ ਮਾਨਸਕ ਬਿਰਤੀ ਦੀ ਤਾਕਤ ਮੈਸਮੈਰਿਜ਼ਮ ਹਿਪਨੋਟਿਜ਼ਮ ਆਦਿਕ ਦਾ ਅਨੇਕ ਸੱਚੇ ਵਾਕਿਆਤ ਨਾਲ ਵਰਨਣ ਕੀਤਾ ਹੈ।

ਇਸ ਮਦ ਵਿੱਚ ਟੈਲੀਪੈਥੀ ਅਰਥਾਤ ਇੱਕ ਆਦਮੀ ਦਾ ਪਰਛਾਵਾਂ ਦੂਜੇ ਉੱਤੇ ਪਾਉਣਾ ਅਤੇ ਆਪਣੇ ਦਿਲ ਦੀ ਗੱਲ ਦੂਜੇ ਨੂੰ ਬੁਝਾਉਣੀ ਅਤੇ ਉਸ

ਦੇ ਦਿਲ ਦੀ ਗੱਲ ਆਪ ਬੁੱਝਣੀ। ਇਨਸਾਨੀ ਸ਼ਕਤੀ ਦੀ ਖੋਜ ਦਾ ਅਚੰਭੇ ਵਾਲਾ ਪਾਸਾ ਇੱਕ ਇਹ ਮਲੂਮ ਹੋਇਆ ਕਿ ਕਈਆਂ ਵਿੱਚ ਅਜੇਹੀ ਸ਼ਕਤੀ ਹੈ ਕਿ ਜੇਕਰ ਉਨ੍ਹਾਂ ਨੂੰ ਕਿਸੇ ਬੰਦੇ ਦੀ ਕੋਈ ਚੀਜ਼ ਰੁਮਾਲ ਚਿੱਠੀ ਆਦਿਕ ਦਿੱਤੀ ਜਾਵੇ ਉਹ ਅੰਤਰ ਧਿਆਨ ਹੋ ਕੇ ਓਸ ਬੰਦੇ ਦੀ ਬਾਬਤ ਬਹੁਤ ਸਾਰੀਆਂ ਗੱਲਾਂ ਸ਼ਕਲ ਸ਼ਬਾਹਤ ਰਹਿਣੀ ਸ਼ੁਗਲ ਆਦਿਕ ਦਸ ਸਕਦੇ ਹਨ। ਮਸ਼ਹੂਰ ਯੂਰਪ ਲਿਖਾਰੀ ਮੇਟਰਲਿਕ ਏਸ ਵਿਸ਼ੇ ਦਾ ਇੱਕ ਬੜਾ ਸਾਫ਼ ਪਰਮਾਣ ਦੇਂਦਾ ਹੈ। ਉਹ ਕਹਿੰਦਾ ਹੈ ਕਿ ਮੈਨੂੰ ਇੱਕ ਦਿਨ ਇੱਕ ਚਿੱਠੀ ਆਈ ਜਿਸ ਵਿੱਚ ਕਿਸੇ ਨੇ ਬੜੇ ਸਾਦਾ ਸ਼ਬਦਾਂ ਵਿੱਚ ਮੈਥੋਂ ਹਸਤਾਖਰ ਨਾਮ ਦੀ ਮੰਗ ਕੀਤੀ ਸੀ। ਬਿਨਾਂ ਪੜ੍ਹੇ ਤੋਂ ਕਿ ਇਹ ਚਿੱਠੀ ਕਿਹੜੇ ਸ਼ਹਿਰੋਂ ਆਈ ਹੈ ਮੈਂ ਇਹ ਚਿੱਠੀ ਲਫਾਫੇ ਵਿੱਚ ਪਾ ਕੇ ਅਤੇ ਆਪਣੀ ਇਸਤ੍ਰੀ ਨੂੰ ਦਿਖਾ ਕੇ ਮੈਡਮ ਮ.....ਕੋਲ ਲੈ ਗਿਆ। (ਮੈਡਮ ਮ......ਏਸ ਸ਼ਕਤੀ ਲਈ ਮਸ਼ਹੂਰ ਸੀ)। ਮੈਡਮ ਮ......ਚਿੱਠੀ ਲੈਂਦੇ ਸਾਰ ਹੀ ਮੇਰਾ ਅਤੇ ਮੇਰੀ ਇਸਤ੍ਰੀ ਦਾ ਵਰਨਣ ਕਰਨ ਲੱਗ ਪਈ ਜਿਨ੍ਹਾਂ ਨੇ ਚਿੱਠੀ ਨੂੰ ਹੱਥ ਲਾ ਕੇ ਆਪਣੇ ਸਰੀਰਕ ਗੁਣਲੇਸ (Fluids) ਇਸ ਨੂੰ ਲਾ ਦਿੱਤੇ ਸਨ। ਮੈਂ ਉਸ ਨੂੰ ਬਿਨਯ ਕੀਤੀ ਕਿ ਉਹ ਸਾਡੇ ਕੋਲੋਂ ਪਰੇ ਲੰਘ ਕੇ ਚਿੱਠੀ ਦੇ ਲਿਖਾਰੀ ਬਾਬਤ ਦੱਸੇ ਉਸ ਨੂੰ ਇੱਕ ਪੰਦਰਾਂ ਸੋਲਾਂ ਸਾਲ ਦੀ ਲੜਕੀ ਨਜ਼ਰ ਆਈ, ਇੱਕ ਬੱਚੀ ਜੇਹੀ, ਸਿਹਤ ਦੀ ਸੂਖਮ ਪਰ ਉਂਝ ਰਾਜ਼ੀ ਬਾਜ਼ੀ। ਇਹ ਲੜਕੀ ਇੱਕ ਸੁੰਦਰ ਬਾਗ਼ ਵਿੱਚ ਇੱਕ ਵੱਡੇ ਅਮੀਰੀ ਵਜਾ ਦੇ ਘਰ ਦੇ ਸਾਹਮਣੇ ਸੀ ਜੋ ਪਹਾੜਾਂ ਦੇ ਪਰਛਾਵੇਂ ਸੀ ਅਤੇ ਇੱਕ ਵੱਡੇ ਜੱਤ ਵਾਲੇ ਲੰਮੇ ਕੰਨ ਵਾਲੇ ਕੁੱਤੇ ਨਾਲ ਖੇਲ ਰਹੀ ਸੀ। ਪੜਤਾਲ ਕੀਤੀ ਤਾਂ ਚਿੱਠੀ ਲਿਖਣ ਵਾਲੀ ਸੰਬੰਧੀ ਏਹ ਸਾਰੀਆਂ ਗੱਲਾਂ ਸੱਚ ਨਿਕਲੀਆਂ। ਏਸ ਪਰਮਾਣ ਦੀ ਖ਼ੂਬੀ ਇਹ ਹੈ ਕਿ ਇਸ ਵਿੱਚ ਆਪਣੀ ਖ਼ਿਆਲ ਸੁਰਤੀ ਨਾਲ ਨਜ਼ਾਰਾ ਉਤਪੰਨ ਕਰ ਲੈਣ ਦੀ ਸੰਭਾਵਨਾ ਕੋਈ ਨਹੀ ਸੀ ਕਿਉਂਕਿ ਪੁੱਛ ਕਰਨ ਵਾਲੇ (ਮੇਟਰਲਿਕ ਅਤੇ ਉਸ ਦੀ ਇਸਤ੍ਰੀ) ਨਾ ਕੇਵਲ ਚਿੱਠੀ ਦੀ ਲਿਖਾਰਨ ਤੋਂ ਉੱਕਾ ਅਣਜਾਣ ਸਨ ਬਲਕਿ ਇਹ ਭੀ ਨਹੀਂ ਸਨ ਜਾਣਦੇ ਕਿ ਚਿੱਠੀ ਕਿਹੜੇ ਸ਼ਹਿਰੋਂ ਆਈ ਹੈ। ਏਸੇ ਸ਼ਕਤੀ ਸੰਬੰਧੀ ਲਿਖਦਾ ਹੋਇਆ ਏਹੀ ਲਿਖਾਰੀ ਦੱਸਦਾ ਹੈ ਇਹ ਪਰਮਾਣ ਮੈਂ ਪਾਠਕਾਂ ਨੂੰ ਇਸ ਆਸ਼ੇ ਨਾਲ ਦੱਸ ਰਿਹਾ ਤਾਂ ਕਿ ਉਨ੍ਹਾਂ ਨੂੰ ਪੱਛਮੀ ਸਾਇੰਸਦਾਨਾਂ ਦੇ ਖੋਜ ਤੇ ਸੁੱਚੇ ਅਤੇ ਯੁਕਤੀ ਵਾਲੇ ਤਰੀਕਿਆਂ ਦਾ ਭੀ ਕੁਝ ਪਤਾ ਲੱਗ ਜਾਵੇ) ਕਿ ਇੱਕ ਵਾਰ ਮੈਂ ਆਪਣੀਆਂ ਤਿਨ ਚਿੱਠੀਆਂ ਜੋ ਵੱਖ-ਵੱਖ ਗੂੜ੍ਹੇ ਮਿੱਤਰਾਂ ਵੱਲੋਂ ਸਨ ਤਿੰਨ ਵੱਖਰੇ ਡਬਲ ਲਫ਼ਾਫ਼ਿਆਂ ਵਿੱਚ ਬੰਦ ਕਰਕੇ ਇੱਕ ਅਜੇਹੇ ਆਦਮੀ ਦੇ

ਹੱਥ ਭੇਜਿਆ ਜਾਣਾ ਚਿੱਠੀ ਭੇਜਣ ਵਾਲਿਆਂ ਦਾ ਜਾਣੂ ਸੀ ਅਤੇ ਨਾ ਚਿੱਠੀਆਂ ਦੇ ਮਜ਼ਮੂਨ ਦਾ। ਮੈਡਮ ਮ.......ਦੇ ਘਰ ਪਹੁੰਚ ਕੇ ਆਦਮੀ ਨੇ ਮੈਡਮ ਮ.....ਨੂੰ ਇੱਕ ਲਫ਼ਾਫ਼ਾ ਜਿਹੜਾ ਹੱਥ ਆਇਆ ਫੜਾ ਦਿੱਤਾ ਅਤੇ ਪ੍ਰਸ਼ਨ ਕੀਤੇ ਜੋ ਮੂੰਹ ਤੇ ਆਏ ਅਤੇ ਉਸ ਦੇ ਜਵਾਬ ਆਪ ਸ਼ਾਰਟਹੈਂਡ (ਸੰਖੇਪ ਲਿਖਤ) ਵਿੱਚ ਲਿਖਣ ਲੱਗ ਪਿਆ। ਮੈਡਮ ਮ.....ਨੇ ਪੱਤਰ ਲਿਖਣ ਵਾਲੀ ਇਸਤ੍ਰੀ ਦਾ ਬੜਾ ਸੱਚਾ ਨਕਸ਼ਾ ਖਿੱਚਿਆ, ਉਸ ਦੇ ਆਚਾਰ ਆਦਤਾਂ, ਸੁਭਾਵ, ਦਿਮਾਗੀ ਲਿਆਕਤ ਆਦਿਕ ਅਤੇ ਅੰਤ ਵਿੱਚ ਉਸਦੇ ਨਿਜ ਜੀਵਨ ਦੀਆਂ ਕੁਝ ਅਜੇਹੀਆਂ ਗੁਪਤ ਗੱਲਾਂ ਦੱਸੀਆਂ ਜਿਨ੍ਹਾਂ ਦਾ ਕਿ ਮੇਟਰ-ਲਿੰਕ ਨੂੰ ਉੱਕਾ ਪਤਾ ਨਹੀਂ ਸੀ ? ਪਰ ਪੁਛ ਕਰਨ ਤੋਂ ਸੱਚੀਆਂ ਨਿਕਲੀਆਂ। ਬਾਕੀ ਦੋਹਾਂ ਲਫ਼ਾਫ਼ਿਆਂ ਬਾਬਤ ਭੀ ਤਜਰਬਾ ਠੀਕ ਨਿਕਲੀਆਂ। ਜੇਕਰ ਇਹ ਆਖਿਆ ਜਾਵੇ ਕਿ ਅਜੇਹੇ ਤਜਰਬਿਆਂ ਵਿੱਚ ਪੁੱਛ ਕਰਨ ਵਾਲੇ ਦੇ ਆਪਣੇ ਖ਼ਿਆਲ ਯਾ ਵਾਕਫ਼ੀ ਦਾ ਪਰਛਾਵਾਂ ਪੁੱਛਿਆਂ ਦੇਣ ਵਾਲੇ ਦੇ ਦਿਲ ਉੱਤੇ ਪੈ ਜਾਂਦਾ ਹੈ ਅਤੇ ਉਹ ਦੱਸ ਦੇਂਦਾ ਹੈ ਕਿ ਏਸ ਪਰਮਾਣ ਵਿੱਚ ਅਜੇਹੀ ਕੋਈ ਗੱਲ ਨਹੀਂ ਕਿਉਂਕਿ ਚਿੱਠੀਆਂ ਲੈ ਕੇ ਪੁੱਛ ਕਰਨ ਵਾਲਾ ਆਦਮੀ ਚਿੱਠੀਆਂ ਦੇ ਲਿਖਾਰੀਆਂ ਅਤੇ ਉਨ੍ਹਾਂ ਦੇ ਮਜ਼ਮੂਨਾਂ ਤੋਂ ਉੱਕਾ ਹੀ ਅਣਜਾਣ ਸੀ।

ਸਭ ਤੋਂ ਵਧੇਰੇ ਸਵਾਦਲਾ ਅਤੇ ਸਾਡੇ ਵਿਸ਼ੇ ਨਾਲ ਸੰਬੰਧਤ ਪੱਛਮੀ ਖੋਜ ਦਾ ਉਹ ਕਾਂਡ ਹੈ ਜਿਸ ਵਿੱਚ ਲੰਘੀਆਂ ਰੂਹਾਂ ਨਾਲ ਗੱਲ ਬਾਤ ਦਾ ਵਰਨਣ ਹੈ। ਇਹ ਗੱਲ ਬਾਤ ਇੰਝ ਹੈ ਜਿ ਕੋਈ ਬਿਜਲੀ ਦੀ ਤਾਰ ਕਲਾ ਨਾਲ ਕਿਸੇ ਦੁਰਾਡੇ ਦੇਸ਼ ਵਾਸੀ ਅਣਜਾਣ ਨਾਲ ਗੱਲਾਂ ਕਰ ਰਿਹਾ ਹੋਵੇ। ਪਤਾ ਨਹੀਂ ਦੂਸਰੇ ਸਿਰੇ ਵਾਲਾ ਠੀਕ ਗੱਲਾਂ ਕਰਦਾ ਹੈ ਯਾ ਐਵੇਂ ਫ਼ਰਜ਼ੀ, ਪਤਾ ਨਹੀਂ, ਕੋਈ ਐਵੇਂ ਨਕਲੀਆ ਬਣ ਕੇ ਦੂਜੇ ਦੀ ਥਾਂ ਜਵਾਬ ਦੇ ਰਿਹਾ ਹੈ, ਪਤਾ ਨਹੀਂ ਤਾਰ ਵਾਲੀ ਕਲਾ ਠੀਕ ਚਲ ਰਿਹਾ ਹੈ ਯਾ ਨਹੀਂ, ਪਰ ਇਹ ਠੀਕ ਹੈ ਕਿ ਮਲੂਮ ਜ਼ਰੂਰ ਹੋ ਰਿਹਾ ਹੈ ਕਿ ਕੋਈ ਏਸ ਜਗਤ ਦੇ ਬੰਦਿਆਂ ਨੂੰ ਪਰਲੋਕ ਵਲੋਂ ਗੱਲਾਂ ਕਰਕੇ ਸਿੱਧ ਕਰਨ ਦਾ ਜਤਨ ਕਰ ਰਿਹਾ ਹੈ ਕਿ ਮੌਤੋਂ ਪਰੇ ਮੁੱਕ ਨਹੀਂ ਜਾਈਦਾ।

ਚਲ ਗਈਆਂ ਰੂਹਾਂ ਨਾਲ ਬਚਨ ਬਿਲਾਸ ਕਰਨ ਦੇ ਕਈ ਤਰੀਕੇ ਵਰਤੇ ਗਏ ਹਨ। ਆਮ ਪ੍ਰਚੱਲਤ ਤਰੀਕਾ ਇਹ ਹੈ ਕਿ ਦੋ ਮਿੱਤਰ ਬੈਠ ਕੇ ਇਕ ਟਿਕਟਿਕੀ ਉੱਤੇ ਪੋਲੇ ਜੇਹੇ ਹੱਥ ਰੱਖਦੇ ਹਨ ਜਿਸ ਨੂੰ ਪਹੀਏ ਲੱਗੇ ਹੁੰਦੇ ਨੇ ਯਾ ਇੱਕ ਪਿੰਸਲ। ਮਨ ਵਿੱਚ ਧਾਰਨ ਨਾਲ ਰੂਹਾਂ ਆਉਂਦੀਆਂ ਹਨ ਅਤੇ ਉਸ

ਟਿਕਟਿਕੀ ਦੁਆਰਾ ਆਪਣੇ ਸੰਦੇਸ਼ ਅਤੇ ਜਵਾਬ ਲਿਖਦੀਆਂ ਹਨ, ਲਿਖਣ ਸ਼ਕਤੀ ਬੈਠਣ ਵਾਲਿਆਂ ਦੇ ਬਾਹੂਬਲ ਤੋਂ ਵਰਤੀ ਜਾਂਦੀ ਹੈ ਪਰ ਸਭ ਤੋਂ ਵਧੀਆਂ ਵਸੀਲਾ ਗੱਲ ਬਾਤ ਦਾ ਉਨ੍ਹਾਂ ਪੁਰਸ਼ਾਂ ਦਾ ਹੈ ਜਿਨ੍ਹਾਂ ਵਿੱਚ ਖਾਸ ਸ਼ਕਤੀ ਹੁੰਦੀ ਹੈ ਕਿ ਆਪ ਅੰਤਰ ਧਿਆਨ ਹੋ ਕੇ ਦੂਜੀਆਂ ਰੂਹਾਂ ਨੂੰ ਵਰਤ ਕੇ ਉਨ੍ਹਾਂ ਤੋਂ ਪ੍ਰਸ਼ਨਾਂ ਦੇ ਉੱਤਰ ਲੈਂਦੇ ਹਨ ਅਤੇ ਆਪਣੀ ਜ਼ਬਾਨੀ ਘੰਟਾ ਘੰਟਾ, ਦੋ ਦੋ ਘੰਟੇ ਰੂਹਾਂ ਨੂੰ ਸੱਦ ਕੇ ਪੁੱਛਣ ਵਾਲਿਆਂ ਨੂੰ ਉਨ੍ਹਾਂ ਦੇ ਜਵਾਬ ਦੇਂਦੇ ਹਨ। ਅਜੇਹੇ ਸ਼ਕਤੀਵਾਨਾਂ ਨੂੰ (medium) 'ਵਿਚੋਲੇ ਆਖਿਆ ਜਾਂਦਾ ਹੈ ਕਿਉਂਕਿ ਜੋ ਇਨ੍ਹਾਂ ਦੇ ਰਾਹੀਂ ਗੱਲ ਬਾਤ ਹੁੰਦੀ ਹੈ। ਇਨ੍ਹਾਂ ਵਿਚੋਲਿਆਂ ਅਤੇ 'ਵਿਚੋਲਣਾਂ ਨੇ ਸਾਇੰਸਦਾਨਾਂ ਨੂੰ ਉਨ੍ਹਾਂ ਦੀ ਖੋਜ ਵਿੱਚ ਬੇਓੜਕ ਸਹਾਇਤਾ ਦਿੱਤੀ ਹੈ, ਵਿਚੋਲਾ ਇੱਕ ਤਰ੍ਹਾਂ ਦੀ ਮੂਰਛਾ ਦੀ ਦਸ਼ਾ ਵਿੱਚ ਹੋ ਕੇ ਕਦੇ ਹੱਥ ਨਾਲ ਲਿਖ ਕੇ ਕਦੇ ਜ਼ਬਾਨੀ ਬੋਲ ਕੇ ਜਵਾਬ ਦੇਂਦਾ ਹੈ ਅਤੇ ਆਖਿਆ ਜਾਂਦਾ ਹੈ ਕਿ ਵਿਚੋਲੇ ਵਿੱਚ ਕੋਈ ਹੋਰ ਰੂਹ ਆ ਜਾਂਦੀ ਹੈ ਜੋ ਉਸ ਦੇ ਸਰੀਰ ਨੂੰ ਵਰਤਦੀ ਹੈ। ਏਸ ਸੋਸਾਇਟੀ ਦੇ ਵੱਡੇ ਕਾਰਕੁਨ ਮਾਯਰਜ, ਹਾਂਜਸਨ; ਪ੍ਰੋਫੈਸਰ ਨਯੂਬੋਲਡ ਅਤੇ ਜਗਤ ਪ੍ਰਸਿੱਧ ਸਰ ਆਲੀਵਰ ਲਾਜ ਸਾਰਿਆਂ ਨੇ ਵਿਚੋਲਿਆਂ ਨੂੰ ਆਪਣੀਆਂ ਖੋਜਾਂ ਲਈ ਵਰਤਿਆ। ਇਨ੍ਹਾਂ ਦੁਆਰਾ ਬੇ-ਸ਼ੁਮਾਰ ਗੱਲਾਂ ਜੋ ਦੂਜੇ ਪਾਸਿਓਂ ਆਈਆਂ ਦਸੀਦੀਆਂ ਹਨ ਏਸ ਸਿੱਟੇ ਤੇ ਪੁਚਾਂਦੀਆਂ ਹਨ ਕਿ ਇਹ ਨਿਰੀਆਂ ਸਾਡੇ ਆਪਣੇ ਖਿਆਲਾਂ ਦੀਆਂ ਗੱਲਾਂ ਨਹੀਂ ਹਨ, ਅਗਲੇ ਬੰਨੇ ਜ਼ਰੂਰ ਕੁਝ ਹੈ ਅਤੇ ਇਹ ਮਜ਼ਮੂਨ ਇੱਕ ਅਜੇਹਾ ਦੁਨੀਆਂ ਭਰ ਦਾ ਨਿਰਾਲਾ ਤੇ ਵਿਚਾਰਾਂ ਵਿੱਚ ਪਾਉਣ ਵਾਲਾ ਹੈ ਜਿਸ ਵਿੱਚ ਬੇਓੜਕ ਖ਼ਜ਼ਾਨੇ ਹਰ ਡੂੰਘੀ ਖੋਜ ਦੇ ਭਰੇ ਪਏ ਹਨ। ਇਨ੍ਹਾਂ ਵਿਚੋਲਿਆਂ ਰਾਹੀਂ ਖਾਸ ਰੂਹਾਂ ਗੱਲ ਬਾਤ ਕਰਦੀਆਂ ਹਨ, ਮਲੂਮ ਹੁੰਦਾ ਹੈ ਕਿ ਹਰ ਇੱਕ ਰੂਹ ਦੂਜੇ ਬੰਨੇ ਜਾ ਕੇ ਗੱਲਾਂ ਕਰਨ ਦੀ ਸਮਰੱਥਾ ਯਾ ਸੋਝੀ ਨਹੀਂ ਰੱਖਦੀ ਜਿਸ ਕਰਕੇ ਇਹ ਖਾਸ ਰੂਹਾਂ ਗੱਲਾਂ ਬਾਤਾਂ ਦੀ ਲਿਆਕਤ ਰੱਖਣ ਕਰ ਕੇ ਸਾਰਿਆਂ ਲਈ ਵੱਡੀਆਂ ਮਦਦਗਾਰ ਸਾਬਤ ਹੁੰਦੀਆਂ ਹਨ। ਇੱਕ ਮਸ਼ਹੂਰ ਵਿਚੋਲਣ ਮਿਸਜ਼ ਪਾਈਪਰ ਸੀ ਜਿਸ ਵਿੱਚ ਚਾਰ ਪੰਜ ਰੂਹਾਂ 'ਫਿਨੂਇਟ, ਜੀ.ਪੀ. ਇੰਪੇਰੇਟਰ, 'ਡਾਕਟਰ' ਅਤੇ ਰੈਕਟਰ ਆ ਕੇ ਬੋਲਦੇ ਸਨ, ਇੱਕ ਹੋਰ ਵਿਚੋਲਣ ਮਿਸਜ਼ ਠਾਮਸਨ ਸੀ ਜਿਸ ਵਿੱਚ 'ਨੈਲੀ' ਨਾਮੇ ਰੂਹ ਆ ਕੇ ਬੋਲਿਆ ਕਰਦੀ ਸੀ। ਸੋਸਾਇਟੀ ਦੇ ਵੱਡੇ ਕਾਰਕੁਨ ਇਨ੍ਹਾਂ ਵਿਚੋਲਣਾਂ ਰਾਹੀਂ ਬਹੁਤ ਪੁੱਛ ਪੜਤਾਲ ਕਰਿਆ ਕਰਦੇ ਸਨ ਅਤੇ ਚੋਖਾ ਮਸਾਲਾ ਜਮ੍ਹਾਂ ਕਰ ਲਿਆ ਸੀ।

ਰੂਹਾਨੀ ਗੱਲਾਂ ਕਰਦਿਆਂ ਉਨ੍ਹਾਂ ਨੂੰ ਬਹੁਤ ਸਾਰਾ ਯਕੀਨ ਹੋ ਗਿਆ ਸੀ ਕਿ ਅੱਗੇ ਕੁਝ ਹੈ। ਏਸ ਵਿਸ਼ਵਾਸ ਨਾਲ ਧੀਰਜ, ਯਕੀਨ ਤੇ ਹੌਸਲਾ ਹੋਇਆ ਅਤੇ ਏਸ ਹਦ ਤੱਕ ਹੋਇਆ ਕਿ ਇਹ ਸਾਰੇ ਵੱਡੇ ਕਾਰਕੁਨ ਆਪਣੀ-ਆਪਣੀ ਮੌਤ ਦੀ ਇੰਝ ਉਡੀਕ ਕਰਨ ਲੱਗ ਪਏ ਜਿਵੇਂ ਕਿ ਇਕ ਮੇਲੇ ਯਾ ਤਮਾਸ਼ੇ ਦੀ ਕਰੀਦੀ ਹੈ। ਆਪਣੇ ਸਾਥੀਆਂ ਨੂੰ ਆਖਣ ਲੱਗ ਪਏ ਕਿ ਵੇਖ ਸਹੀ ਜਦ ਮੈਂ ਦੂਜੇ ਬੰਨੇ ਗਿਆ ਕਿਵੇਂ ਮੜਾਕੇ ਮਾਰਾਂਗਾ ਅਤੇ ਸਭ ਭੇਦ ਖੋਲ੍ਹਕੇ ਦਸਾਂਗਾ। ਮਾਯਰਸ, ਹਾਜਸਨ ਅਤੇ ਵਿਲਿਅਮ ਜੇਮਜ਼ ਖਾਸ ਕਰ ਅੰਤਮ ਨਾਮ ਵਾਲਾ ਦੁਨੀਆਂ ਦੇ ਮਸ਼ਹੂਰ ਖੋਜੀ ਮੰਨੇ ਗਏ ਹਨ। ਇਨ੍ਹਾਂ ਨੇ ਐਸ ਪਾਰ ਤੋਂ ਬਹੁਤ ਸਾਰੀ ਖੋਜ ਕੀਤੀ ਸੀ ਅਤੇ ਇਹ ਲੋਕ ਮਰਨ ਉਪਰੰਤ ਆਪਣੇ ਆਪ ਨੂੰ ਜੀਉਂਦੇ ਬੰਦਿਆਂ ਨਾਲ ਗੱਲ ਬਾਤ ਦੁਆਰਾ ਆਪਣੀ ਖੋਜ ਦੇਣ ਲਈ ਅਤੇ ਆਪ ਰੂਹਾਂ ਬਣਕੇ ਭੇਤ ਖੋਲਣ ਲਈ ਬੜੇ ਉਤਾਵਲੇ ਸਨ ਜਿਵੇਂ ਪਰਦੇਸ ਜਾਣ ਵਾਲਾ ਆਖਦਾ ਹੈ ਮੈਂ ਪਹੁੰਚਦਾ ਹੀ ਚਿੱਠੀ ਪਾਵਾਂਗਾ। ਮਾਯਰਸ ਖਾਸ ਕਰਕੇ ਸਭ ਤੋਂ ਵਧੇਰੇ ਨਿਸ਼ਚੇ ਵਾਲਾ ਅਤੇ ਪਰਦੇ ਨੂੰ ਪਾੜ ਕੇ ਵੇਖਣ ਲਈ ਤ੍ਰਿੱਖਾ ਸੀ ਅਤੇ ਉਚੇਰਾ ਆਪਣੇ ਹਿਤੂਆਂ ਨਾਲ ਅਤੇ ਸੋਸਾਇਟੀ ਦੇ ਬੇਲੀਆਂ ਨਾਲ ਕੌਲ ਕੀਤਾ ਸੀ ਕਿ ਉਹ ਪਾਰ ਪਹੁੰਚਦਾ ਹੀ ਹਰ ਮੁਮਕਿਨ ਯਤਨ ਕਰੇਗਾ ਕਿ ਜਿਨ੍ਹਾਂ ਉਸ ਨਾਲ ਰਲ ਕੇ ਮੌਤ ਦਾ ਭੇਤ ਲੱਭਣ ਦੇ ਯਤਨ ਕੀਤੇ ਸਨ, ਗੱਲ ਬਾਤ ਦੀ ਲੜੀ ਜੋੜੇ ਅਤੇ ਉਨ੍ਹਾਂ ਦੇ ਕੰਮ ਵਿੱਚ ਸਹਾਇਤਾ ਕਰੇ। ਉਸ ਨੇ ਕੀਤੇ ਇਕਰਾਰ ਨੂੰ ਨਿਭਾਇਆ। ਮਰਨ ਤੋਂ ਮਹੀਨਾ ਪਿਛੋਂ ਜਦ ਔਲੀਵਰ ਲਾਜ ਮਿਸਜ਼ ਟਾਮਸਨ ਨੂੰ ਉਸ ਦੀ ਮੂਰਛਾ ਵਿੱਚ ਪ੍ਰਸ਼ਨਾਂ ਦੇ ਉੱਤਰ ਲੈ ਰਿਹਾ ਸੀ ਨੇਲੀ ਨਾਮੀ ਰੂਹ ਨੇ ਯਕਾਯਕ ਇਹ ਗੱਲ ਦੱਸੀ ਕਿ ਉਸ ਨੇ ਮਾਯਰਸ ਡਿੱਠਾ ਹੈ ਅਤੇ ਉਹ ਹਾਲਾਂ ਚੰਗੂ ਜਾਗ੍ਰਤ ਵਿੱਚ ਨਹੀਂ ਆਇਆ ਪਰ ਉਹ ਤਰਕਾਲਾਂ ਨੌਂ ਵਜੇ ਆਉਣ ਦਾ ਇਰਾਦਾ ਰੱਖਦਾ ਹੈ, ਸਾਈਕੀਕਲ ਸੋਸਾਇਟੀ ਦੇ ਮਿੱਤ੍ਰਾਂ ਨਾਲ ਗੱਲ ਬਾਤ ਕਰੇਗਾ। ਇਹ ਸੁਣ ਕੇ ਮਿਸਜ਼ ਟਾਮਸਨ ਦੀ ਉਸ ਵੇਲੇ ਦੀ ਝੱਟੀ ਉੱਥੇ ਹੀ ਮੁਕਾ ਦਿੱਤੀ ਗਈ ਅਤੇ ਸ਼ਾਮ ਦੇ ਸਾਢੇ ਅੱਠ ਵਜੇ ਫੇਰ ਆਰੰਭ ਕੀਤੀ ਗਈ। ਮਾਯਰਸ ਆਇਆ ਅਤੇ ਉਸ ਦੀਆਂ ਮੁੱਢਲੀਆਂ ਗੱਲਾਂ ਤੋਂ ਹੀ ਪਛਾਤਾ ਗਿਆ। ਸੁਣਨ ਵਾਲਿਆਂ ਨੂੰ ਨਿਸ਼ਚਾ ਆ ਗਿਆ ਓਹੀ ਹੈ, ਮਰਕੇ ਬਦਲਿਆ ਨਹੀਂ। ਜਦ ਕਦੇ ਰੂਹਾਂ ਨਾਲ ਗੱਲ ਬਾਤ ਹੁੰਦੀ ਤਾਂ ਪਹਿਲਾਂ ਨੋਟ ਬੁਕ ਉੱਤੇ ਨੋਟ ਕਰਨਾ ਜ਼ਰੂਰੀ ਸਮਝਦਾ ਸੀ ਤੇ ਹੁਣ ਭੀ ਦੂਜੇ ਬੰਨਿਓਂ ਪਹਿਲਾਂ ਇਹ ਗੱਲ ਕੀਤੀ ਕਿ

ਨਾਲ ਦੀ ਨਾਲ ਨੋਟ ਕਰੀ ਜਾਓ। ਪਰ ਉਹ ਕੁਝ ਟੋਰ ਭੋਰੇ ਹੋਇਆ ਜਾਪਦਾ ਸੀ। ਉਸ ਨਾਲ ਉਸਦੀ ਸਾਰੀ ਉਮਰ ਦੇ ਕੰਮ ਦਾ ਅਥਵਾ ਸਾਈਕੀਕਲ ਸੋਸਾਇਟੀ ਦੀ ਗੱਲ ਛੇੜੀ ਗਈ ਪਰ ਉਸ ਨੂੰ ਯਾਦ ਨਾ ਆਵੇ। ਹੌਲੀ ਹੌਲੀ ਯਾਦ ਹਰੀ ਹੋਈ ਤਾਂ ਸੋਸਾਇਟੀ ਅਤੇ ਹੁੱਦੇਦਾਰਾਂ ਸੰਬੰਧੀ ਗੱਪ ਸ਼ੱਪ ਚੱਲੀ। ਗਿਲਾ ਕੀਤਾ ਕਿ ਮੈਨੂੰ ਆਰਾਮ ਨਹੀਂ ਕਰਨ ਦੇਂਦੇ। ਇੰਗਲੈਂਡ ਦੇ ਹਰ ਥਾਂ ਤੋਂ ਏਹੀ ਆਵਾਜ਼ ਉਠ ਰਹੀ ਹੈ ਮਾਯਰਸ ਨੂੰ ਬੁਲਾਓ, ਮਾਯਰਸ ਨੂੰ ਲਿਆਓ। ਆਖਣ ਲੱਗਾ ਮੈਨੂੰ ਆਪਣਾ ਆਪ ਸੰਭਾਲਣ ਲਈ ਅਤੇ ਸੋਚਣ ਲਈ ਕੁਝ ਸਮਾਂ ਦੇਣਾ ਚਾਹੀਦਾ ਹੈ। ਉਸ ਇਹ ਭੀ ਸ਼ਿਕਾਇਤ ਕੀਤੀ ਕਿ ਵਿਚੋਲਿਆਂ ਰਾਹੀਂ ਗੱਲ ਬਾਤ ਵਿੱਚ ਆਪਣੀਆਂ ਵਿਚਾਰਾਂ ਭਲੀ ਪ੍ਰਕਾਰ ਪ੍ਰਗਟ ਕਰਨਾ ਔਖਾ ਹੈ ਕਿਉਂਕਿ ਉਹ ਖ਼ਿਆਲਾਂ ਨੂੰ ਇਜ ਦੱਸਦੇ ਹਨ ਜਿਵੇਂ ਕੋਈ ਬਾਲਕ ਕਿਸੇ ਵੱਡੇ ਲਿਖਾਰੀ ਦੀ ਪੁਰਾਤਨ ਭਾਸ਼ਾ ਦੀ ਪੁਸਤਕ ਦੀਆਂ ਪਹਿਲੀਆਂ ਸਤਰਾਂ ਦਾ ਉਲਥਾ ਕਰਦਾ ਹੋਵੇ। ਜਦ ਉਸ ਨੂੰ ਉਸ ਦੀ ਦਸ਼ਾ ਸੰਬੰਧੀ ਪੁਛਿਆ ਗਿਆ ਤਾਂ ਉਸ ਦਸਿਆ ਕਿ ਮੈਂ ਅਜੇ ਤੀਕ ਅੰਨ੍ਹੇ ਬੰਦੇ ਵਾਂਗ ਟੋਹ ਟੋਹ ਕੇ ਫਿਰਦਾ ਰਿਹਾ ਹਾਂ ਪਰ ਹੁਣ ਮੈਨੂੰ ਹਾਲਾਂ ਸੋਝੀ ਆਈ ਹੈ ਕਿ ਮੈਂ ਮਰ ਚੁੱਕਾ ਹਾਂ। ਇਝ ਜਾਪਦਾ ਸੀ ਜਿਵੇਂ ਓਪਰੇ ਸ਼ਹਿਰ ਵਿੱਚ ਗੁਆਚਿਆ ਫਿਰਦਾ ਹਾਂ ਅਤੇ ਜਦ ਮੈਂ ਉਹ ਬੰਦੇ ਡਿਠੇ ਜੋ ਮੈਂ ਜਾਣਦਾ ਸਾਂ ਕਿ ਮਰ ਚੁੱਕੇ ਹਨ ਮੈਂ ਸਮਝਿਆ ਕਿ ਮੈਨੂੰ ਪ੍ਰੇਤ ਨਜ਼ਰ ਆਉਂਦੇ ਹਨ। ਇਸ ਪ੍ਰਕਾਰ ਦੀਆਂ ਹੋਰ ਗੱਲਾਂ ਹੋਈਆਂ ਪਰ ਲੰਮੀ ਵਿਚਾਰ ਵਾਲੀ ਕੋਈ ਅਜਿਹੀ ਅਦਭੁਤ ਪੱਤੇ ਦੀ ਗੱਲ ਮਾਯਰਸ ਨੇ ਨਹੀਂ ਕੀਤੀ ਜਿਸ ਦੀ ਉਸ ਦੇ ਮਰਨ ਦੇ ਪਿਛੋਂ ਉਮੀਦ ਕੀਤੀ ਜਾ ਸਕਦੀ ਹੈ।

ਏਸੇ ਤਰ੍ਹਾਂ ਸੋਸਾਇਟੀ ਦੇ ਸਰਗਰਮ ਕਾਰਕੁਨ ਹਾਜਸਨ ਨੇ ਆਖਿਆ ਸੀ ਕਿ ਮੈਨੂੰ ਦੂਜੇ ਬੰਨੇ ਅੱਪੜ ਲੈਣ ਦਿਓ ਵੇਖਣਾ ਕਿਕਣ ਤੜਾਕ ਮੜਾਕ ਸਾਰੇ ਪਤੇ ਦਿਆਂਗਾ ਅਤੇ ਵਿਚੋਲਿਆਂ ਨੂੰ ਬਿਪਤਾ ਪਾ ਦਿਆਂਗਾ। ਹਾਜਸਨ ਦੇ ਮਰਨ ਤੋਂ ਹਫਤਾ ਪਿੱਛੋਂ ਵਿਚੋਲਣ ਮਿਸਿਜ਼ ਪਾਈਪਰ ਰਾਹੀਂ ਪ੍ਰਸਿੱਧ ਵਿਗਿਆਨੀ ਪ੍ਰੋਫੈਸਰ ਵਿਲੀਅਮ ਜੇਮਜ਼ ਦੀ ਸ਼ਹਾਦਤ ਹੇਠ ਗੱਲ ਬਾਤ ਹੋਈ ਜਿਸ ਦਾ ਪੂਰਾ ਵਰਤਾਂਤ ਪ੍ਰੋਫੈਸਰ ਨੇ ਆਪ ਸੋਸਾਇਟੀ ਦੀਆਂ ਪਰੋਸੀਡਿੰਗ (ਕਾਰਵਾਈ) ਵਿੱਚ ੨੨੦ ਸਫ਼ਿਆਂ ਉੱਤੇ ਦਰਜ ਕੀਤਾ ਹੈ। ਡਾਕਟਰ ਹਾਜਸਨ ਸੋਸਾਇਟੀ ਦੀ ਅਮਰੀਕਾ ਵਾਲੀ ਸ਼ਾਖ ਦਾ ਸਕੱਤ੍ਰ ਸੀ ਅਤੇ ਕਈ ਸਾਲ ਉਸਨੇ ਵਿਚੋਲਣ ਮਿਸਜ਼ ਪਾਈਪਰ ਦੇ ਰਾਹੀਂ ਹਫਤੇ ਵਿੱਚ ਦੋ ਵਾਰ ਬੈਠ ਕੇ ਅਨੇਕਾਂ ਰੂਹਾਂ ਨਾਲ ਗੱਲਾਂ ਬਾਤਾਂ ਕਰ ਕੇ ਬਹੁਤ ਸਾਰਾ ਮਸਾਲਾ ਇਕੱਠਾ ਕੀਤਾ ਸੀ।

ਹਾਜਸਨ ਦੀ ਮੌਤ ਤੋਂ ਹਫਤਾ ਪਿਛੋਂ ਪ੍ਰੋਫੈਸਰ ਜੇਮਜ਼ ਨੇ ਮਿਸਿਜ਼ ਪਾਈਪਰ ਰਾਹੀਂ ਹਾਜਸਨ ਨਾਲ ਗੱਲ ਬਾਤ ਕੀਤੀ। ਹਾਜਸਨ ਆਪਣੇ ਇਕਰਾਰ ਅਨੁਸਾਰ ਆਇਆ ਤੇ ਉਸ ਨੇ ਇਹ ਸਾਬਤ ਕਰਨ ਲਈ ਕਿ ਮੈਂ ਓਹੀ ਹਾਜਸਨ ਹਾਂ ਕਈ ਗੱਲਾਂ ਅਜਿਹੀਆਂ ਕੀਤੀਆਂ ਜਿਨ੍ਹਾਂ ਦਾ ਪਤਾ ਕੇਵਲ ਉਸ ਨੂੰ ਅਤੇ ਪ੍ਰੋਫੈਸਰ ਜੇਮਜ਼ ਨੂੰ ਹੀ ਸੀ।

"ਵਿਲੀਅਮ ਤੈਨੂੰ ਯਾਦ ਹੈ ਜਦ ਆਪਾਂ ਬਾਹਰ ਫਲਾਨੇ ਦੇ ਘਰ ਸਾਂ, ਅਸਾਂ ਬੱਚਿਆਂ ਨਾਲ ਇੱਕ ਖੇਲ ਖੇਲੀ ਸੀ, ਕੀ ਤੈਨੂੰ ਯਾਦ ਹੈ ਜਦ ਮੈਂ ਇੱਕ ਕਮਰੇ ਵਿੱਚ ਸਾਂ ਜਿੱਥੇ ਅਮਕੀ ਕਿਸਮ ਦੀ ਮੇਜ਼ ਤੇ ਕੁਰਸੀ ਸੀ ਆਹ ਤੈਨੂੰ ਮੈਂ ਗੱਲ ਆਖੀ ਸੀ।"

"ਹਾਂ ਹਾਂ ਹਾਜਸਨ ਮੈਨੂੰ ਯਾਦ ਆ ਗਿਆ।"

'ਕਿਉਂ ਕੀ ਸੋਹਣਾ ਸਬੂਤ ਹੈ ?" "ਹਾਂ ਹਾਜਸਨ ਅਵੱਲ ਦਰੱਜੇ।' ਇਤਿਆਦਿਕ ਹੋਰ ਗੱਲਾਂ ਸਬੂਤ ਵਜੋਂ ਕਿ ਮਿਸਿਜ਼ ਪਾਈਪਰ ਵਿੱਚ ਬੋਲਣ ਵਾਲੀ ਰੂਹ ਹਾਜਸਨ ਹੀ ਹੈ । ਹਾਜਸਨ ਨੇ ਆਪਣੇ ਵਿਆਹ ਨਾ ਹੋਣ ਸੰਬੰਧੀ ਗੱਲ ਕੀਤੀ ਅਤੇ ਇਹ ਸੱਚ ਹੈ ਕਿ ਉਸ ਦੇ ਵਿਆਹ ਨਾ ਹੋਣ ਦਾ ਕਾਰਨ ਹਾਜਸਨ ਦੇ ਅਤਿ ਨਿਕਟਵਰਤੀਆਂ ਨੂੰ ਭੀ ਨਹੀਂ ਸੀ ਪਤਾ।

"ਕੀ ਤੈਨੂੰ ਇੱਕ ਡਾਕਟਰ ਇਸਤ੍ਰੀ ਨਿਊਯਾਰਕ ਦੀ ਯਾਦ ਹੈ ਜੋ ਆਪਣੀ ਸੋਸਾਇਟੀ ਦੀ ਮੈਂਬਰ ਸੀ।

"ਨਹੀਂ ਪਰ ਉਸ ਦੀ ਕੀ ਗੱਲ ਹੈ ?"

"ਉਸ ਦੇ ਆਦਮੀ ਦਾ ਨਾਉਂ ਬਲੇਅਰ ਸੀ ਸ਼ਾਇਦ।"

"ਤੇਰਾ ਮਤਲਬ ਡਾਕਟਰ ਬਲੇਅਰ ਥਾ ?"

"ਹਾਂ ਮਿਸਿਜ਼ ਥਾ ਨੂੰ ਪੁੱਛ ਕੇ ਇੱਕ ਡਿਨਰ ਸਮੇਂ ਮੈਂ ਉਸ ਨੂੰ ਇਸਤ੍ਰੀ ਦੀ ਬਾਬਤ ਆਖਿਆ ਸੀ, ਮੈਂ ਕੁਝ ਆਖਿਆ ਹੋਵੇਗਾ।"

ਪ੍ਰੋਫੈਸਰ ਜੇਮਜ਼ ਨੇ ਮਿਸਜ਼ ਥਾ ਨੂੰ ਚਿੱਠੀ ਲਿਖੀ ਜਿਸ ਨੇ ਦੱਸਿਆ ਕਿ ਪੰਦਰਾਂ ਸਾਲ ਹੋਏ ਹਾਜਸਨ ਨੇ ਆਖਿਆ ਸੀ ਕਿ ਮੈਂ ਹੁਣੇ ਇੱਕ ਲੜਕੀ ਨਾਲ ਵਿਆਹ ਦੀ ਗੱਲ ਛੇੜੀ ਪਰ ਉਸ ਨੇ ਨਾਂਹ ਕਰ ਦਿੱਤੀ, ਇਸ ਗੱਲ ਦਾ ਕੇਵਲ ਦੋ ਬੰਦਿਆਂ ਨੂੰ ਪਤਾ ਸੀ। ਇਕ ਮਿਸਿਜ਼ ਥਾ ਤੇ ਦੂਜਾ ਡਾਕਟਰ ਨਯੂਬੋਲਡ।

ਹਾਜਸਨ ਨਾਲ ਸੋਸਾਇਟੀ ਦੇ ਪ੍ਰੇਮੀਆਂ ਨੇ ਸੋਸਾਇਟੀ ਦੀ ਉੱਨਤੀ ਉੱਤੇ ਵਿਚਾਰ ਕੀਤੀ, ਹਾਜਸਨ ਨੇ ਸਾਰੀਆਂ ਔਕੜਾਂ ਦਾ ਭਲੀ ਪ੍ਰਕਾਰ ਜ਼ਿਕਰ ਕੀਤਾ, ਪੁੱਛਿਆ ਸੋਸਾਇਟੀ ਤੋੜ ਦੇਈਏ, ਮਾਇਆ ਖੁਣੋਂ ਕਿਵੇਂ ਕੰਮ

ਚਲਾਈਏ ਜਾਂ ਇੰਗਲੈਂਡ ਦੀ ਸੋਸਾਇਟੀ ਨਾਲ ਮੇਲ ਕਰ ਦੇਈਏ ਇਤਆਦਿਕ। ਜਦ ਇਹ ਗੱਲਾਂ ਹੋ ਰਹੀਆਂ ਸਨ ਤਾਂ ਓਸ ਦਿਨ ਦਾ ਜ਼ਿਕਰ ਹੋਇਆ ਜਦ ਸੋਸਾਇਟੀ ਦੇ ਪੱਲੇ ਇੱਕ ਡੰਗ ਲੰਘਾਉਣ ਦਾ ਖਰਚ ਨਹੀਂ ਸੀ ਪਰ ਓਸੇ ਦਿਨ ਕਿਸੇ ਵਲੋਂ ਗੁਪਤ ਦਾਨ ਪੁੱਜਿਆ ਅਤੇ ਸੋਸਾਇਟੀ ਦਾ ਲਾਂਘਾ ਲੰਘ ਗਿਆ। ਹਾਜਸਨ ਨੂੰ ਜੀਉਂਦਿਆਂ ਪਤਾ ਨਹੀਂ ਸੀ ਉਹ ਦਾਨੀ ਕੌਣ ਹੈ ਪਰ ਅਗਲੇ ਪਾਸੇ ਜਾ ਕੇ ਪਤਾ ਲੱਗ ਗਿਆ ਅਤੇ ਉਸ ਨੇ ਉਸ ਦਿਨ ਉਸ ਦਾਨੀ ਦਾ ਪ੍ਰਗਟ ਤੌਰ ਤੇ ਧੰਨਵਾਦ ਕੀਤਾ ਕਿਉਂਕਿ ਦਾਨੀ ਭੀ ਇਸ ਰੂਹਾਨੀ ਗੱਲ ਬਾਤ ਨੂੰ ਸੁਨਣ ਵਾਲਿਆਂ ਵਿੱਚ ਹਾਜ਼ਰ ਸੀ।

ਪਰ ਜਦ ਇਸ ਤਰ੍ਹਾਂ ਦੀ ਮਾਮੂਲੀ ਗੱਲ ਬਾਤ ਦੇ ਪਿੱਛੋਂ ਪ੍ਰੋਫੈਸਰ ਜੇਮਜ਼ ਨੇ ਸਿੱਧਾ ਪ੍ਰਸ਼ਨ ਕੀਤਾ "ਹਾਜਸਨ ਪਰਲੋਕ ਦੇ ਜੀਵਨ ਦਾ ਸਾਨੂੰ ਹਾਲ ਦੱਸ" ਤਾਂ ਹਾਜਸਨ ਹੋਰੀਂ ਕੁਝ ਟਾਲ ਮਟੋਲੇ ਕਰਨ ਲੱਗੇ, ਜਵਾਬ ਮਿਲਿਆ "ਇਹ ਕੋਈ ਵਹਿਮੀ ਦੁਨੀਆਂ ਨਹੀਂ ਅਸਲੀ ਹੈ।"

ਮਿਸਜ਼ ਜੇਮਜ਼ : "ਪਰ ਕੀ ਤੁਸੀਂ ਸਾਡੇ ਵਾਂਗ ਰਹਿੰਦੇ ਹੋ ਜਿਸ ਤਰ੍ਹਾਂ ਆਦਮੀ ਰਹਿੰਦੇ ਹਨ।

ਹਾਜਸਨ : "ਕੀ ਕਹਿੰਦੀ ਹੈਂ ?" ਜਿਵੇਂ ਸਵਾਲ ਸਮਝ ਨਹੀਂ ਆਇਆ। ਜੇਮਜ਼ ਨੇ ਫੇਰ ਸਵਾਲ ਦੁਹਰਾਇਆ, "ਕੀ ਤੁਸੀਂ ਆਦਮੀਆਂ ਵਾਂਗ ਰਹਿੰਦੇ ਹੋ ਤੇ ਘਰਾਂ ਵਿੱਚ ਰਹਿੰਦੇ ਹੋ ?"

"ਹਾਂ ਘਰ ਤਾਂ ਜ਼ਰੂਰ ਹੈ ਪਰ ਕਪੜੇ ਨਹੀਂ । ਇਹ ਫਜ਼ੂਲ ਗੱਲ ਹੈ। ਜ਼ਰਾ ਠਹਿਰੋ ਮੈਂ ਬਾਹਰ ਨਿਕਲਣ ਲੱਗਾ ਹਾਂ।"

"ਤੂੰ ਫੇਰ ਮੁੜਕੇ ਆਵੇਂਗਾ ਨਾ ?" "ਹਾਂ"

ਇੱਕ ਦੂਜੀ ਰੂਹ ਰੈਕਟਰ ਨਾਮੇ ਵਿਚੋਂ ਬੋਲੀ "ਸਾਹ ਲੈਣ ਲਈ ਉਸ ਲਈ ਬਾਹਰ ਜਾਣਾ ਜ਼ਰੂਰੀ ਹੈ।"

ਇਤਆਦਿਕ ਬੇਓੜਕ ਸੱਚੇ ਵਰਤੇ ਹੋਏ ਕਿੱਸੇ ਲਿਖੇ ਜਾਂਦੇ ਹਨ ਪਰ ਸਵਾਲ ਇਹ ਹੈ ਕਿ ਰੂਹਾਂ ਵੱਲੋਂ ਇਹ ਕੱਚੀਆਂ ਬਾਜ਼ਾਰੀ ਗੱਪ ਸ਼ੜੱਪ ਦਾ ਕੀ ਅਰਥ ਹੈ। ਜਿਨ੍ਹਾਂ ਸਾਰੀ ਉਮਰ ਦੇ ਅਸ਼ਚਰਜਤਾ ਭਰੇ ਕਲੇਸ਼ ਦਾ ਛਾਲਾ ਫੇਰਣ ਲਈ ਮਿਹਨਤਾਂ ਕੀਤੀਆਂ, ਜਦ ਆਪ ਮੌਤੋਂ ਲੰਘੇ ਉਨ੍ਹਾਂ ਤੋਂ ਉਮੇਦ ਕੀਤੀ ਜਾਂਦੀ ਹੈ ਕਿ ਉਹ ਕੁਛ ਦੀਰਘ ਵਿਚਾਰ ਕੁਛ ਹਿਰਦੇ ਨੂੰ ਸ਼ਾਂਤ ਕਰਨ ਵਾਲੇ ਸੁਨੇਹੇ ਘੱਲਣਗੇ। ਕਿਉਂ ਓਨ੍ਹਾਂ ਵਲੋਂ ਕੋਈ ਟਿਕਾਣੇ ਦੀ ਗੱਲ ਨਹੀਂ ਆਉਂਦੀ ? ਕੀ ਇਹ ਸਭ ਗੱਲਾਂ ਬਾਤਾਂ ਰੂਹਾਂ ਦੇ ਵੈਣ ਕੇਵਲ ਆਪਣੀ ਗੁਪਤ ਸ਼ਕਤੀਆਂ ਦੇ ਅਣਭੋਲ ਰਚਨੇ ਤਾਂ ਨਹੀਂ ? ਪ੍ਰੋਫ਼ੈਸਰ ਜੇਮਜ਼ ਜਿਸ

ਨਾਲੋਂ ਵੱਡਾ ਸਾਇੰਸਦਾਨ ਹਾਲਾਂ ਜੰਮਿਆਂ ਨਹੀਂ ਸਾਰੀ ਗੱਲ ਬਾਤ ਦਾ ਸਿੱਟਾ ਕੱਢਦਾ ਹੋਇਆ ਆਖਦਾ ਹੈ ਕਿ ਇਹ ਮੈਨੂੰ ਪ੍ਰਤੀਤ ਆਉਂਦੀ ਹੈ ਕਿ ਕੋਈ ਬਾਹਰੋਂ ਗੱਲ ਬਾਤ ਕਰਨ ਦੀ ਇੱਛਾ ਜ਼ਰੂਰ ਰੱਖਦਾ ਹੈ, ਮੈਨੂੰ ਸ਼ੱਕ ਹੈ ਕਿ ਜੋ ਕੁਝ ਮੇਰੇ ਸਾਹਮਣੇ ਹੋਇਆ ਹੈ ਉਹ ਕੇਵਲ ਵਿਚੋਲਣ ਮਿਸਜ਼ ਪਾਈਪਰ ਦੇ ਆਪਣੇ ਸੁਪਨ-ਜੀਵਨ ਜਾਂ ਉਸ ਦੀਆਂ ਆਪਣੀਆਂ ਮਨਭੂਤਕ ਸ਼ਕਤੀਆਂ ਨਾਲ ਨਹੀਂ ਹੋਇਆ ਪਰ ਜੇ ਮੈਨੂੰ ਪੁੱਛਿਆ ਜਾਵੇ ਕਿ ਅਗਲੇ ਪਾਸੇ ਬੋਲਣ ਵਾਲਾ ਆਪ ਹਾਜਸਨ ਹੈ ਜਾਂ ਹਾਜਸਨ ਦਾ ਰੂਪ ਧਾਰਨ ਵਾਲੀ ਕੋਈ ਹੋਰ ਰੂਹ, ਮੈਂ ਇਸ ਦਾ ਜਵਾਬ ਨਹੀਂ ਦੇ ਸਕਦਾ ਅਤੇ ਉਡੀਕ ਵਿੱਚ ਹਾਂ ਕਿ ਕਦ ਹੋਰ ਸਬੂਤ ਲੱਭਣ ਜਿਨ੍ਹਾਂ ਤੋਂ ਇਸ ਸਵਾਲ ਦਾ ਜਵਾਬ ਲੱਭ ਸਕੇ। ਖ਼ਬਰੇ ਇਹ ਗੱਲਾਂ ਪੰਜਾਹ ਸਾਲਾਂ ਵਿੱਚ ਜਾਂ ਸੌ ਸਾਲਾਂ ਵਿੱਚ ਲੱਭਣ।

ਸਾਇੰਸ ਦੀ ਖੋਜ ਦਾ ਸਿੱਟਾ ਕਿਸੇ ਨੇ ਸਾਫ ਸ਼ਬਦਾਂ ਵਿੱਚ ਨਹੀਂ ਕੱਢਿਆ। ਸਾਰੀ ਖੋਜ ਨੂੰ ਸਾਹਮਣੇ ਰੱਖ ਕੇ ਵੱਡੇ-ਵੱਡੇ ਚੌਦਾਂ ਸਾਇੰਸਦਾਨਾਂ ਤੋਂ ਪੁੱਛਿਆ ਗਿਆ ਕਿ ਇਸ ਖੋਜ ਤੋਂ ਉਹ ਕੀ ਸਿੱਟਾ ਕੱਢਦੇ ਹਨ ਤੇ ਜੋ ਵਰਤਾਂਤ ਰੂਹਾਂ ਨਾਲ ਗੱਲਾਂ ਬਾਤਾਂ ਦੇ ਵਰਤੇ ਦੱਸੇ ਗਏ ਹਨ ਉਨ੍ਹਾਂ ਸੰਬੰਧੀ ਉਨ੍ਹਾਂ ਦੀ ਕੀ ਰਾਇ ਹੈ। ਚੌਦਾਂ ਵਿੱਚੋਂ ਛੇ ਸਿਆਣਿਆਂ ਨੇ ਸੋਚ ਵਿਚਾਰ ਕੇ ਆਖਿਆ ਕਿ ਸਾਨੂੰ ਨਿਸ਼ਚਾ ਆ ਗਿਆ ਹੈ ਕਿ ਗੱਲ ਬਾਤ ਅਸਲੀ ਲੰਘ ਗਈਆਂ ਰੂਹਾਂ ਨਾਲ ਹੋਈ ਹੈ ਅਤੇ ਇਸ ਕਰਕੇ ਮੌਤ ਨਾਮ ਮੁੱਕ ਜਾਣ ਦਾ ਨਹੀਂ। ਚਾਰ ਸਿਆਣਿਆਂ ਨੇ ਆਖਿਆ ਕਿ ਇਸ ਕਿਸਮ ਦੀ ਗੱਲ ਬਾਤ ਅਸਲੀ ਰੂਹਾਂ ਨਾਲ ਬਹੁਤ ਘੱਟ ਹੁੰਦੀ ਹੈ। ਦੋਹਾਂ ਨੇ ਫੈਸਲਾ ਦਿੱਤਾ ਕਿ ਸਾਨੂੰ ਨਿਸ਼ਚਾ ਨਹੀਂ ਆਇਆ ਅਤੇ ਬਾਕੀ ਦੋਹਾਂ ਨੇ ਖੋਜ ਦੀ ਸਚਿਆਈ ਤੋਂ ਉਲਟਾ ਫੈਸਲਾ ਦਿੱਤਾ। ਉਂਝ ਇਹ ਜ਼ਰੂਰ ਹੈ ਕਿ ਪ੍ਰਸਿੱਧ ਪੱਛਮੀ ਸਾਇੰਸਦਾਨਾਂ ਵਿਚੋਂ ਅਨੇਕਾਂ ਸਾਇੰਸਦਾਨ ਵੱਖ-ਵੱਖ ਵਿਸ਼ਿਆਂ ਦੇ ਪ੍ਰਸਿੱਧ ਵਿਗਿਆਨੀ ਅਜੇਹੇ ਹਨ ਜਿਨ੍ਹਾਂ ਨੇ ਮੌਤ ਸੰਬੰਧੀ ਖੋਜ ਨੂੰ ਗਹੁ ਨਾਲ ਵਾਚ ਕੇ ਇਹ ਮੰਨਿਆ ਹੈ ਕਿ ਮੌਤ ਤੋਂ ਉਪਰੰਤ ਜ਼ਰੂਰ ਕੁਝ ਹੈ। ਅੱਜ ਤੋਂ ਤੀਹ ਚਾਲੀ ਸਾਲ ਪਹਿਲੋਂ ਤੱਕ ਸਾਇੰਸ ਨਿਰੇ ਸ਼ੀਸ਼ੇ ਬੋਤਲਾਂ ਵਾਲੀ ਸਾਇੰਸ ਸੀ ਪਰ ਜਦ ਤੋਂ ਵੱਡੇ ਸਾਇੰਸਦਾਨਾਂ ਨੇ ਜੀਵਨ ਤੇ ਮੌਤ ਦੇ ਸਾਇੰਸ ਦੇ ਤਰੀਕਿਆਂ ਨਾਲ ਖੋਜ ਆਰੰਭੀ ਹੈ ਸਾਇੰਸ ਦੀ ਬੋਲੀ ਤੇ ਰੂਪ ਵਿੱਚ ਇੱਕ ਅਜੀਬ ਫ਼ਰਕ ਪੈਦਾ ਹੋ ਗਿਆ ਹੈ। ਜ਼ਿੰਦਗੀ ਮੌਤ ਦੇ ਵਿਚਾਰ ਜੋ ਸਾਇੰਸਦਾਨਾਂ ਲਿਖੇ ਹਨ, ਇਂਝ ਮਿਲਦੇ ਹਨ ਜਿਵੇਂ ਕੋਈ ਭਾਰਤੀ ਯੋਗਾਚਰਨ ਆਵਾਗੌਣ ਦੇ ਮਸਲੇ ਉੱਤੇ ਵਿਚਾਰ ਕਰ ਰਿਹਾ ਹੋਵੇ।

ਜਗਤ ਪ੍ਰਸਿੱਧ ਵਿਗਿਆਨੀ ਸਰ ਆਲੀਵਰ ਲਾਜ ਕਹਿੰਦਾ ਹੈ ਕਿ ਸਾਡੇ ਜੀਵਨ ਮਰਨ ਦਾ ਸੰਬੰਧ ਨਿਰਾ ਇਸ ਨਜ਼ਰ ਵਿੱਚ ਆਵਣ ਵਾਲੀ ਦੁਨੀਆਂ ਨਾਲ ਨਹੀਂ, ਸਾਡੀ ਹੋਂਦ ਦਾ ਸਵਾਲ ਸਾਰੇ ਵਾਯੂ ਅਕਾਸ਼ ਮੰਡਲ ਸਦੀਆਂ ਤੇ ਲੱਖਾਂ ਵਰ੍ਹੇ ਰਹਿਣ ਵਾਲੇ ਚੰਨ ਸਤਾਰਿਆਂ ਤੇ ਸ੍ਰਿਸ਼ਟੀ ਦੀ ਰੂਹ ਨਾਲ ਹੈ। ਅਸੀਂ ਇਸ ਨਿੱਕੇ ਜਿਹੇ ਜਗਤ ਨਾਲ ਰਚ ਮਿਚ ਗਏ ਹਾਂ, ਇਸ ਵਿੱਚ ਰਹਿਣਾ ਐਨਾ ਗਿੱਝ ਗਏ ਹਾਂ ਕਿ ਅਸੀਂ ਹੋਰਸ ਕਿਸੇ ਕਿਸਮ ਦੀ ਹੋਂਦ ਨੂੰ ਕਿਸੇ ਹੋਰ ਭਾਂਤ ਦੇ ਜੀਵਨ ਨੂੰ ਮਨ ਵਿੱਚ ਲਿਆ ਹੀ ਨਹੀਂ ਸਕਦੇ, ਤੇ ਅਸੀਂ ਆਪਣੀ ਇਸ ਮਿਥਿਆ ਬੁੱਧੀ ਦੇ ਭਰਮ ਵਿੱਚ ਆ ਕੇ ਪੁੱਛਦੇ ਹਾਂ 'ਕੀ ਅਸੀਂ ਇਸ ਜੀਵਨ ਪਰੰਦ ਰਹਾਂਗੇ ? ਸਾਡਾ 'ਰਹਿਣਾ' ਇਸ ਜਗਤ ਦੀ ਮਾਇਆ ਨਾਲ ਸੰਬੰਧ ਹੋਵਨ ਦਾ ਅਰਥ ਹੀ ਹੋਰ ਹੋ ਜਾਂਦਾ ਹੈ। ਇਹ ਪ੍ਰਸ਼ਨ ਇਝ ਹੈ ਜਿਵੇਂ ਕੋਈ ਦੁੱਧ ਚੁੰਘਦਾ ਬੱਚਾ ਪੁੱਛੇ ਕਿ ਵੱਡਾ ਹੋ ਕੇ ਮੈਂ ਕਿੱਥੇ ਰਿੜ੍ਹਾਂਗਾ, ਕਿਸ ਦਾ ਦੁੱਧ ਚੁੰਘਾਂਗਾ।

ਸਰ ਆਲੀਵਰ ਲਾਜ ਕਹਿੰਦਾ ਹੈ ਕਿ ਇਹ ਪ੍ਰਸ਼ਨ ਹੀ ਕੁਪੁੱਠਾ ਹੈ ਜਿਵੇਂ ਟਮਟਮ ਵਲ ਨੂੰ ਮੂੰਹ ਕਰਕੇ ਘੋੜਾ ਜੋੜ ਦੇਈਏ। ਪੁੱਛਣ ਵਾਲੀ ਗੱਲ ਅਥਵਾ ਅਚੰਭਾ ਤਾਂ ਇਹ ਹੈ ਕਿ ਸਾਡਾ ਇਸ ਸਰੀਰ ਨਾਲ ਮੇਲ ਕਿਵੇਂ ਹੋਇਆ, ਲੋਕ ਆਖਦੇ ਹਨ ਕਿ ਮੌਤ ਇੱਕ ਅਣਹੋਣੀ ਵਰਤੋਂ ਹੈ, ਮੈਂ ਆਖਦਾ ਹਾਂ ਕਿ ਸਾਡਾ ਜਨਮ ਲੈ ਕੇ ਇਸ ਸਰੀਰ ਵਿੱਚ ਆਉਣਾ ਅਸਲੀ ਅਣਹੋਣੀ ਵਰਤੋਂ ਹੈ, ਵੱਡਾ ਅਚੰਭਾ ਤਾਂ ਇਹ ਹੈ ਕਿ ਅਸੀਂ ਮਾਤਾ ਦੇ ਉਦਰ ਵਿੱਚ ਕਿਥੋਂ ਆ ਬਰਾਜੇ ? ਕਈ ਹਨ ਜਿਨ੍ਹਾਂ ਨੂੰ ਇਸ ਵਿੱਚ ਸਫ਼ਲਤਾ ਨਹੀਂ ਹੁੰਦੀ।

"ਮਾਇ ਨਾ ਹੋਤੀ ਬਾਪ ਨਾ ਹੋਤਾ ਕਰਨ ਨ ਹੋਤੀ ਕਾਇਆ
ਹਮ ਨਹੀਂ ਹੋਤੇ ਤੁਮ ਨਹੀਂ ਹੋਤੇ ਕਵਨ ਕਹਾਂ ਤੇ ਆਇਆ
ਰਾਮ ਕੋਈ ਨ ਕਿਸ ਹੀ ਕੇਰਾ,
ਜੈਸੇ ਤਰਵਰ ਪੰਖ ਬਸੇਰਾ!'

ਆਪ ਆਖਦੇ ਹਨ ਇਹ ਸਰੀਰ, ਇਹ ਜਵਾਨੀ ਦੀ ਨਿਸ਼ਾਨੀ, ਇਹ ਮਿੱਟੀ ਦਾ ਭਾਂਡਾ ਸਾਨੂੰ ਬੇਓੜਕ ਪ੍ਰਿਥਵੀ ਤੋਂ ਡੱਕ ਕੇ ਇਸ ਮਿੱਥਿਆ ਜੇਹੀ ਤੁਛ ਹੋਂਦ ਵਿੱਚ ਪਾਕੇ ਬੇਸ਼ੁਮਾਰ ਪਾਸਿਆਂ ਤੋਂ ਵਾਂਝਿਆਂ ਰੱਖਦਾ ਹੈ।

ਭੱਤਾ ਭਰਮ ਮਿਟਾਵਹੁ ਅਪਨਾ,
ਇਆ ਸੰਸਾਰ ਸਗਲ ਹੈ ਸੁਪਨਾ।

ਇਹ ਸਰੀਰ ਜਿਸ ਨੇ ਸਾਨੂੰ ਜੀਵਨ ਦਾ ਮੋਹ ਤੇ ਭਰਮ ਲਾ ਦਿੱਤਾ ਹੈ ਅਸਲ ਵਿੱਚ ਸਾਡਾ ਬੰਦੀਖਾਨਾ ਹੈ ਜਿਸ ਨਾਲ ਸਾਡੀ ਮੱਤ ਹੀ ਹੋਰ ਹੋ ਗਈ ਹੈ ਤੇ ਅਸੀਂ ਵੱਡੀ ਦੁਨੀਆਂ ਨੂੰ ਪੋਹ ਨਹੀਂ ਸਕਦੇ।

ਆਪ ਆਖਦੇ ਹਨ ਕਿ ਆਦਮੀ ਦੇ ਦਿਮਾਗ ਨੂੰ ਜੇ ਕਿਧਰੇ ਕੁਥਾਂ ਮਾੜੀ ਜਿਹੀ ਸੱਟ ਲੱਗ ਜਾਵੇ ਉਹ ਕੰਮ ਨਹੀਂ ਕਰਦਾ, ਕਿਉਂਕਿ ਦਿਮਾਗ਼ ਦੀ ਕਲਾ ਵਿੱਚ ਕਿਧਰੇ ਕੁਝ ਮਾੜਾ ਜਿਹਾ ਫ਼ਰਕ ਆ ਜਾਂਦਾ ਹੈ, ਉਸ ਦਿਮਾਗ਼ ਨੂੰ ਕੁਝ ਸੋਝੀ ਨਹੀਂ ਰਹਿੰਦੀ। ਪਰ ਦਿਮਾਗ਼ ਦੇ ਵਿੱਚ ਜੋ ਅਸਲਾ ਹੁੰਦਾ ਹੈ, ਜੋ ਸ਼ਕਤੀ ਹੁੰਦੀ ਹੈ ਉਹ ਨਿਕਲ ਨਹੀਂ ਜਾਂਦੀ, ਕੇਵਲ ਉਸ ਸ਼ਕਤੀ ਦਾ ਵਿਗਾਸ ਬੰਦ ਹੋ ਜਾਂਦਾ ਹੈ। ਇਸ ਤੋਂ ਉਹ ਇਹ ਬੁਝਾਉਣਾ ਚਾਹੁੰਦੇ ਹਨ ਕਿ ਸਾਡੇ ਇਸ ਸਰੀਰ ਵਿੱਚ ਆਵਣ ਨਾਲ ਜੋ ਸੋਝੀ ਹੀ ਵਿਗੜ ਗਈ ਹੈ ਤੇ ਪਿੱਛਾ ਸਭ ਵਿਸਰ ਗਿਆ ਹੈ, ਇਸ ਤੋਂ ਇਹ ਅਰਥ ਨਹੀਂ ਕੱਢਣਾ ਚਾਹੀਦਾ ਹੈ ਕਿ ਜੋ ਕੁਝ ਹੈ ਇਹ ਦੁਨੀਆਂ ਤੇ ਇਹ ਜੀਵਨ ਹੈ, ਇਸ ਤੋਂ ਬਾਹਰ ਕੁਝ ਨਹੀਂ। ਸਾਡਾ ਦਿਮਾਗ਼ ਕੇਵਲ ਇਸ ਜੀਵਨ ਦੀ ਮਾਯਾ ਦਾ ਹੀ ਅਰਥ ਜਾਣਦਾ ਹੈ, ਇਸ ਵਿਣਸਣੀ ਛਾਉਂ ਨੂੰ ਹੀ ਸਦਾ ਰਹਿਣ ਵਾਲੀ ਵਸਤ ਮੰਨ ਬੈਠਾ ਹੈ, ਆਪਣੀ ਦਿੱਭ ਦ੍ਰਿਸ਼ਟੀ ਲੰਮੀ ਨਦਰ ਤੇ ਅਪੂਰਬ ਵਿਥਿਆ ਸਭ ਭੁੱਲ ਗਿਆ ਹੈ, ਤਾਂ ਤੇ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਜਗਤ ਕੋਈ ਹੈ ਹੀ ਨਹੀਂ।

"ਚੰਚਲ ਸੁਪਨੈ ਹੀ ਉਰਝਾਇਓ
ਇਤਨੀ ਨ ਬੂਝੈ ਕਬਹੂੰ ਚਲਨਾ
ਬਿਕਲ ਭਇਓ ਸੰਗ ਮਾਇਓ।"
"ਛਾਡ ਵਿਡਾਣੀ ਤਾਤ ਮੂੜੇ
ਈਹਾ ਬਸਨਾ ਰਾਤ ਮੂੜੇ।"
"ਮਾਇਆ ਕੇ ਮਾਤੇ ਤੈਂ ਉਠ ਚਲਣਾ
ਰਾਚ ਰਹਿਓ ਤੂੰ ਸੰਗ ਸੁਪਨਾ।"

ਦੋ ਘੁਟ ਦਾਰੂ ਨਾਲ ਬੰਦੇ ਨੂੰ ਕੀ ਕੀ ਭਰਮ ਹੋ ਜਾਂਦੇ ਹਨ। ਭਲਾ ਜਿਸ ਨੂੰ ਜਨਮ ਹੀ ਭਰਮ ਦੇ ਸਮੁੰਦਰ ਵਿੱਚ ਦਿੱਤਾ ਗਿਆ ਹੋਵੇ ਉਸ ਲਈ ਇਹ ਸਮਝਣਾ ਕਿ ਇਹ ਦੁਨੀਆਂ ਹੀ ਸਭ ਕੁਝ ਹੈ ਹੋਰ ਕੁਛ ਹੈ ਹੀ ਨਹੀਂ, ਕੀ ਵੱਡੀ ਗੱਲ ਹੈ। ਆਖ਼ਰ ਅਸੀਂ ਮੌਤ ਨੂੰ ਸਰੀਰਕ ਸ਼ਕਤੀਆਂ ਉਸ ਦਸ਼ਾ ਨੂੰ ਅਨੁਭਵ ਹੀ ਕਿਵੇਂ ਕਰ ਸਕਦੀਆਂ ਹਨ ਜਿਸ ਵਿੱਚ ਇਹ ਸਰੀਰ ਹੋਣਾ ਹੀ ਨਹੀਂ।

ਸਰ ਆਲੀਵਰ ਲਾਜ ਆਖਦਾ ਹੈ ਕਿ ਸੱਚ ਨੂੰ ਅੱਪੜਨ ਲਈ ਬੇਓੜਕ ਰਾਹ ਹਨ। ਸਾਇੰਸਦਾਨਾਂ ਦੀ ਖੋਜ ਦਾ ਇੱਕ ਰਾਹ ਹੈ ਪਰ ਅਜਿਹੇ ਰਾਹ ਲੰਮੇ,

ਔਖੇ ਤੇ ਜਿੱਲ੍ਹੇ ਹਨ। ਸੌਖਾ ਤੇ ਸਿੱਧਾ ਰਾਹ ਰੂਹਾਨੀ ਵਿਦਿਆ ਦਾ ਰਾਹ ਹੈ, ਜਿਸ ਨਾਲ ਇਨਸਾਨ ਦੇ ਅੰਤਰ ਨੂੰ ਚਾਨਣਾ ਹੋ ਜਾਂਦਾ ਹੈ। ਰੂਹਾਨੀ ਜਗਤ ਹੀ ਅਸਲੀ ਜਗਤ ਹੈ ਅਤੇ ਇਹ ਜੀਵਨ ਤਾਂ ਇੱਕ ਸਰਸਰੀ ਵੀਥਿਆ ਹੈ। ਲਾਜ ਨੇ ਰੂਹਾਨੀ ਜਗਤ ਦਾ ਵਿਸਥਾਰ ਕਰਦਿਆਂ ਆਖਿਆ ਹੈ ਕਿ ਇਹ ਦਿੱਸਣ ਵਾਲੇ ਜਗਤ ਵਿੱਚ ਜੋ ਕੁਝ ਦਿੱਸਦਾ ਹੈ ਓਲ੍ਹਾ ਹੈ। ਅਸਲ ਵਿੱਚ ਨਾ ਦਿੱਸਣੀ ਦੁਨੀਆਂ ਅਸਲੀ ਹੈ। ਦਿਸਦੀਆਂ ਚੀਜ਼ਾਂ ਬੰਦੇ ਤੇ ਜਾਨਵਰ ਇਹ ਉਸ ਅਸਲੀਅਤ ਵਿੱਚ ਬਣੇ ਹੋਏ ਬੁਲਬੁਲੇ ਹਨ। ਅਸਲੀਅਤ ਹੈ ਪਰ ਜੇਕਰ ਵਿੱਚ ਕੋਈ ਵੇਹਲ ਬਣ ਜਾਵੇ ਉਹ ਬੁਲਬੁਲਾ ਅਖਵਾਉਂਦੀ ਹੈ। ਵੇਖਣ ਨੂੰ ਵੱਡੀ ਰੰਗਾ ਰੰਗੀ ਚੀਜ਼ ਹੈ ਪਰ ਹੈ ਓੜਕ ਬੁਲਬੁਲਾ। ਸਾਡਾ ਜੀਵਨ ਬੁਲਬੁਲਾ ਹੈ, ਸੁਪਨਾ ਹੈ। ਸਾਡੀ ਮਤ, ਸਾਡੀ ਨਜ਼ਰ, ਸਾਡੇ ਦਿਮਾਗ਼ ਇਸ ਬੁਲਬੁਲੇ ਤੋਂ ਬਾਹਰ ਇਸ ਦਾ ਪੜਦਾ ਪਾੜ ਕੇ ਵੇਖ ਨਹੀਂ ਸਕਦੇ। ਅਸਲ ਵਿੱਚ ਉਦਾਲੇ ਸਾਰੇ ਖ਼ਾਸ ਕਰ ਜਦ ਬੁਲਬੁਲਾ ਫਿੱਸ ਜਾਵੇ ਤਦ ਅਸਲੀਅਤ ਹੀ ਅਸਲੀਅਤ, ਜੀਵਨ ਹੀ ਜੀਵਨ ਹੈ।

> "ਜਹਾਂ ਜਹਾਂ ਇਹ ਦੇਹੀ ਧਾਰੀ
> ਹਰਨ ਨਾ ਪਾਇਓ ਕਥਹੂ।"

ਜਦ ਭੀ ਬੁਲਬੁਲੇ ਬਨਣ ਦਾ ਸ਼ੌਕ ਉਪਜਿਆ ਅਸਲੀਅਤ ਵਿੱਚੋਂ ਬੇਸੁੱਧ ਹੋ ਕੇ ਇੱਕ ਪਰਦੇ ਦਾ ਓਹਲਾ ਬਣਾ ਲਿਆ। ਪਰ ਇਸ ਸ਼ਕਲ ਵਿੱਚ ਕਦੇ ਰਹਿਣ ਨਾ ਪਾਏ ਕਿਉਂਕਿ ਬੁਲਬੁਲਾ ਆਪੂੰ ਕੋਈ ਚੀਜ਼ ਨਹੀਂ, ਅਸਲੀਅਤ ਵਿੱਚ ਇਕ ਅੱਖ ਦੇ ਫੋਰੇ ਵਾਂਗ ਅਸਲੀਅਤ ਤੋਂ ਬੇਖੁਦ ਹੋਣ ਦਾ ਨਾਉਂ ਹੈ।

ਜਦ ਅਸੀਂ ਸੁਪਨੇ ਵਿੱਚ ਹੁੰਦੇ ਹਾਂ, ਸਾਨੂੰ ਉੱਕਾ ਸੋਝੀ ਨਹੀਂ ਹੁੰਦੀ ਕਿ ਅਸੀਂ ਸੁਪਨੇ ਵਿੱਚ ਹਾਂ। ਵਰਤਮਾਨ ਵੱਡੇ ਸੁਪਨੇ ਵਿੱਚ ਭੀ ਏਸੇ ਤਰ੍ਹਾਂ ਹੋ ਸਕਦਾ ਹੈ। ਕੋਈ ਵੱਡੀ ਗੱਲ ਨਹੀਂ ਸੁਪਨੇ ਵਿੱਚ ਭਰਮ ਰਹੇ ਹੋਈਏ ਤੇ ਜਦ ਅਸੀਂ ਹੱਸਾਂਗੇ ਤਾਂ ਆਪਣੇ ਆਪ ਨੂੰ ਹੱਸਾਂਗੇ ਕਿ ਕੇਡੇ ਭਰਮ ਵਿੱਚ ਪਏ ਹੋਏ ਸਾਂ।

> 'ਸੁਪਨੇ ਸਤੀ ਚਿੱਤ ਮੂਰਖ ਲਾਇਆ।
> ਬਿਸਰੇ ਰਾਜ ਰਸਭੋਗ ਜਾਗਤ ਵਖਲਾਇਆ।
> ਆਰਜਾ ਗਈ ਵਿਹਾਇ ਧੰਦੇ ਧਾਇਆ।
> ਪੂਰਨ ਭਏ ਨ ਕਾਮ ਮੋਹਿਆ ਮਾਇਆ।
> ਕਿਆ ਵਿਚਾਰਾ ਜੰਤ ਜਾਂ ਆਪ ਭੁਲਾਇਆ।'

੭

ਜਿਸ ਤਨ ਲਾਗੈ ਸੋਈ ਜਾਣੈ

ਸਾਇੰਸਦਾਨਾਂ ਵਿਚੋਂ ਸਰ ਆਲੀਵਰ ਲਾਜ ਹੀ ਇੱਕ ਚੋਟੀ ਦਾ ਅਜੇਹਾ ਵਿਗਿਆਨੀ ਹੈ ਜਿਸ ਦੇ ਆਪਣੇ ਜੀਵਨ ਵਿੱਚ ਮੌਤ ਨੇ ਇੱਕ ਵਾਰ ਉਸ ਦੇ ਸਾਰੇ ਜੀਵਨ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਪਰ ਜਿਸ ਨੇ ਦੁਨੀਆਂ ਦੇ ਸਹਾਰੇ ਲਈ ਆਪਣਾ ਉਹ ਸਾਰਾ ਵਰਤਾਂਤ ਡੱਕਾ ਡੱਕਾ ਛਾਪ ਕੇ ਪ੍ਰਗਟ ਕੀਤਾ ਤੇ ਇਹ ਸਿੱਧ ਕਰਨ ਦਾ ਜਤਨ ਕੀਤਾ ਕਿ "ਨਹਿ ਕਿਛੁ ਜਨਮੈ ਨਹਿ ਕਿਛੁ ਮਰੈ।" ਇਹ ਵਰਤਾਂਤ ਉਸ ਨੇ ਆਪਣੀ ਰਚਿਤ ਪੁਸਤਕ 'ਰੇਮੰਡ' (Raymond Revised) ਵਿੱਚ ਦਿੱਤਾ ਹੈ ਜੋ ਕਿ ਉਸਨੇ ਆਪਣੇ ਪਿਆਰੇ ਪੁੱਤਰ ਦੇ ਨਾਮ ਲਿਖੀ ਸੀ।

ਸਰ ਆਲੀਵਰ ਲਾਜ ਦਾ ਪੁੱਤਰ ਰੇਮੰਡ ਸੰਨ ੧੮੮੯ ਈਸਵੀ ਵਿੱਚ ਜਨਮਿਆ ਸੀ। ਅਮੀਰ ਅੰਗਰੇਜ਼ਾਂ ਵਾਂਗ ਇਸ ਦੀ ਪਾਲਣਾ ਹੋਈ ਅਤੇ ਵਿਦਿਆ ਆਪਣੇ ਪਿਤਾ ਦੀ ਨਿਗਰਾਨੀ ਹੇਠ ਪ੍ਰਾਪਤ ਕੀਤੀ। ਬੜਾ ਹੋਨਹਾਰ ਸੁਨੱਖਾ ਗਭਰੂ ਸੀ ਅਤੇ ਟੱਬਰ ਦਾ ਸ਼ਿੰਗਾਰ ਸੀ, ਹਸਮੁਖ ਸੀ ਜਿਸ ਦੀਆਂ ਗੱਲਾਂ ਬਾਤਾਂ ਵਿੱਚ ਇੱਕ ਖਾਸ ਰਸ ਸੀ ਤੇ ਮਾਤਾ ਪਿਤਾ ਨੂੰ ਬਹੁਤ ਪਿਆਰਾ ਸੀ। ਜਦ ਯੂਰਪ ਦੀ ਵੱਡੀ ਲੜਾਈ ਲੱਗੀ ਭਾਵੇਂ ਉਸ ਨੂੰ ਲਗਨ ਹੋਰ ਸੀ ਤੇ ਲੜਨ ਦਾ ਖਾਸ ਸ਼ੌਕ ਨਹੀਂ ਸੀ ਪਰ ਆਪਣੇ ਦੇਸ਼ ਨੂੰ ਮੁਸੀਬਤ ਵਿੱਚ ਫਸਿਆ ਵੇਖ ਕੇ ਤੇ ਹਜ਼ਾਰਾਂ ਗੱਭਰੂਆਂ ਨੂੰ ਅੱਗੇ ਧਕੀਂਦੇ ਵੇਖ ਕੇ ਉਸ ਤੋਂ ਰਿਹਾ ਨਾ ਗਿਆ ਅਤੇ ਉਸ ਨੇ ਭੀ ਆਪਣਾ ਨਾਉਂ ਜੰਗ ਲਈ ਦੇ ਦਿੱਤਾ। ਕੁਝ ਮਹੀਨੇ ਸਿਖਲਾਈ ਹੋਈ ਤੇ ੧੯੧੫ ਦੇ ਸ਼ੁਰੂ ਵਿੱਚ ਹੀ ਉਸ ਨੂੰ ਫਰਾਂਸ ਦੇ ਮੋਰਚਿਆਂ ਤੇ ਭੇਜਿਆ ਗਿਆ।

ਜੰਗ ਯੂਰਪ ਬਾਹਰਲੀ ਦੁਨੀਆਂ ਲਈ ਇੱਕ ਭਿਆਨਕ ਤਮਾਸ਼ਾ ਸੀ ਜਿਹੜੇ ਖ਼ਬਰਾਂ ਤੇ ਨਕਸ਼ਿਆਂ ਨਾਲ ਲੜ ਮਰਦੀ ਫੌਜਾਂ ਦਾ ਵਾਧਾ ਤੇ ਘਾਟਾ ਰੋਜ਼ ਵੇਖਦੇ ਰਹਿੰਦੇ ਸਨ ਪਰ ਜਿਨ੍ਹਾਂ ਦੇ ਪਾਲੇ ਪਲੋਸੇ ਗੱਭਰੂ ਪੁੱਤਰ ਗੋਲੀਆਂ

ਤੇ ਤੋਪਾਂ ਦੇ ਨਿਸ਼ਾਨੇ ਬਣਨ ਲਈ ਭੇਜੇ ਜਾਂਦੇ ਸਨ ਉਨ੍ਹਾਂ ਲਈ ਇਕ ਬੜੀ ਦਿਲ ਵਾਲੀ ਕਠਨ ਪ੍ਰਤਿਗਿਆ ਸੀ ਜੋ ਉਨ੍ਹਾਂ ਮਾਵਾਂ ਤੇ ਬਾਪਾਂ ਨੇ ਹੀ ਅਨੁਭਵ ਕੀਤੀ ਜਿਨ੍ਹਾਂ ਦੇ ਲਾਲ ਵਰਦੀਆਂ ਪਾ ਪਾ ਵਾਜਿਆਂ ਗਾਜਿਆਂ ਨਾਲ ਕੁਰਬਾਨੀ ਲਈ ਅੱਗੇ ਡਾਹੇ ਗਏ ਤੇ ਮੁੜ ਕੇ ਉਨ੍ਹਾਂ ਬਾਬਤ ਕੇਵਲ ਦੋ-ਲਫਜ਼ੀ ਜੇਹੇ ਸਨੇਹੇ ਤੇ ਤਾਰਾਂ ਤੇ ਚਿੱਠੀਆਂ ਆਈਆਂ ਪਰ ਉਹ ਆਪ ਨਾ ਆਏ।

ਸਤੰਬਰ ੧੯੧੫ ਵਿੱਚ ਖ਼ਬਰ ਆਈ ਕਿ ਲੈਫ਼ਟੀਨੈਂਟ ਰੇਮੰਡ ਫ਼ਲਾਨੇ ਮੋਰਚੇ ਵਿੱਚ ਮਾਰਿਆ ਗਿਆ ਹੈ। ਸਾਰੇ ਟੱਬਰ ਦਾ ਸੋਗ ਵਿੱਚ ਡੁੱਬ ਜਾਣਾ ਕੁਦਰਤੀ ਗੱਲ ਸੀ। ਬੁੱਢੇ ਮਾਪਿਆਂ ਨੂੰ ਬੁਢੇਪੇ ਦੀ ਉਹ ਸੱਟ ਵੱਜੀ ਜਿਸ ਤੋਂ ਉਹ ਮੁਸ਼ਕਿਲ ਨਾਲ ਹੀ ਉੱਠੇ। ਜਗਤ ਪ੍ਰਸਿੱਧ ਸਾਇੰਸਦਾਨ ਨੂੰ ਮੌਤ ਨੇ ਆ ਕੇ ਬੜੇ ਜਬਰ ਹਲੂਣੇ ਨਾਲ ਚੇਤੇ ਕਰਾਇਆ ਕਿ ਮੌਤ ਵੱਡੇ ਛੋਟੇ ਸਾਇੰਸ ਦੇ ਜਾਣੂ ਤੇ ਅਣਜਾਣੂ ਸਭ ਨੂੰ ਹੱਥ ਵਿਖਾਉਂਦੀ ਹੈ। ਅੱਗੇ ਭੀ ਸਰ ਆਲੀਵਰ ਲਾਜ ਮੌਤ ਸੰਬੰਧੀ ਖੋਜ ਤਾਂ ਕਰਦਾ ਸੀ ਪਰ ਉਦੋਂ ਮੌਤ ਇੱਕ ਦਿਲਚਸਪ ਵਿਸ਼ਾ ਸੀ। ਹੁਣ ਗੱਭਰੂ ਪੁੱਤਰ ਦੇ ਮਰਨ ਨਾਲ ਮੌਤ ਇੱਕ ਤਰ੍ਹਾਂ ਗ਼ਮਾਂ ਸਧਰਾਂ ਤੇ ਲੰਘ ਗਏ ਦਿਨਾਂ ਦੀਆਂ ਯਾਦਾਂ ਤੇ ਵਲੇਵੇਂ ਲੈ ਕੇ ਘਰ ਆ ਵਰਾਜੀ। ਖੋਜ ਨੂੰ ਹੁਣ ਨਵੇਂ ਸਿਰਿਓਂ ਇੱਕ ਨਵੇਂ ਹੱਡ-ਬੀਤੇ ਕਾਰਨ ਕਰਕੇ ਆਪਣੇ ਤੇ ਬੁੱਢੀ ਮਾਂ ਦੇ ਦਿਲ ਲਈ ਸਹਾਰਾ ਲੱਭਣ ਲਈ ਕਰਨਾ ਜ਼ਰੂਰੀ ਹੋ ਗਿਆ।

ਇਕ ਸੁਆਦਲੀ ਤੇ ਅਜਬ ਗੱਲ ਇਹ ਹੈ ਕਿ ਰੇਮੰਡ ਦੀ ਮੌਤ ਤੋਂ ਇੱਕ ਮਹੀਨਾ ਪਹਿਲਾਂ ਜਦ ਲਾਜ ਇੱਕ ਵਿਚੋਲਣ ਰਾਹੀਂ ਆਪਣੇ ਸਵਰਗਵਾਸੀ ਦੋਸਤ ਮਾਇਅਰਸ ਨਾਲ ਗੱਲਾਂ ਕਰ ਰਿਹਾ ਸੀ। ਉਸਨੂੰ ਇੱਕ ਪੜ੍ਹੀ ਹੋਈ ਲਾਤੀਨੀ ਕਿਤਾਬ ਵਿੱਚੋਂ ਇੱਕ ਸਤਰ ਆਈ ਜਿਸ ਦਾ ਭਾਵ ਇਹ ਸੀ ਕਿ ਵੱਡਾ ਦਰੱਖਤ ਉਪਰ ਗਿਰੇਗਾ ਪਰ ਬਚਾਉ ਦਾ ਹੱਥ ਉਸਨੂੰ ਲਾਂਭੇ ਸੁੱਟ ਦਏਗਾ ਅਰਥਾਤ ਸੱਟ ਬੜੀ ਕਰਾਰੀ ਹੋਵੇਗੀ ਪਰ ਬਚਾਓ ਹੋ ਜਾਵੇਗਾ। ਉਸ ਵੇਲੇ ਲਾਜ ਨੂੰ ਇਸ ਸਤਰ ਦਾ ਅਰਥ ਅਤੇ ਵਰਤੋਂ ਦਾ ਕਾਰਨ ਕੀ ਪਤਾ ਲੱਗਣਾ ਸੀ ਪਰ ਜਦ ਪਿਆਰੇ ਪੁੱਤਰ ਦੀ ਖ਼ਬਰ ਆਈ ਉਦੋਂ ਉਹ ਸਤਰ ਯਾਦ ਆਈ ਤੇ ਅਰਥ ਦਾ ਕੁਝ ਥਹੁ ਆਵਣ ਲੱਗਾ। ਸੱਚ ਮੁੱਚ ਚੋਟ ਡਾਢੀ ਕਰਾਰੀ ਵੱਜੀ ਸੀ ਪਰ ਬੁੱਢੇ ਮਾਪਿਆਂ ਦੇ ਆਪਣੇ ਪਿਆਰ-ਜੀਵਨ ਦਾ ਸਦਕਾ ਓਹਨਾਂ ਨੂੰ ਸਹਾਰਾ ਦੇਣ ਵਾਲੇ ਅਗਲੀ ਦੁਨੀਆਂ ਵਿੱਚ ਭੀ ਹੈ ਸਨ। ਲਾਜ ਦੇ ਲੰਘ ਗਏ ਯਾਰ ਮਾਇਅਰਜ਼ ਨੇ ਪੁੱਤਰ ਦੀ ਮੌਤ ਤੋਂ ਮਹੀਨਾ

ਪਹਿਲਾਂ ਇੱਕ ਤਰ੍ਹਾਂ ਭਵਿੱਖਤ ਦਾ ਪੜਦਾ ਪਾੜ ਕੇ ਗੁੱਝ ਸ਼ਬਦਾਂ ਵਿੱਚ ਇਹ ਦੱਸ ਦਿੱਤਾ ਸੀ ਕਿ ਹੋਣੀ ਆਵੇਗੀ ਪਰ ਉਪਕਾਰੀ ਜੀਉੜੇ ਤੇਰੇ ਦੁਖ ਵਿੱਚ ਸਹਾਈ ਹੋ ਕੇ ਸੱਟ ਨੂੰ ਨਰਮ ਕਰ ਦੇਣਗੇ।

ਅੱਗੇ ਲਾਜ ਬਿਗਾਨਿਆਂ ਨਾਲ ਵਿਚੋਲਿਆਂ ਰਾਹੀਂ ਗੱਲਬਾਤ ਕਰਿਆ ਕਰਦਾ ਸੀ ਹੁਣ ਆਪਣੇ ਪੁੱਤਰ ਨੂੰ ਦੂਜੇ ਬੰਨਿਓਂ ਸੁਨੇਹੇ ਘੱਲਦਾ ਵੇਖਣ ਸੁਨਣ ਦੀ ਲਾਲਸਾ ਲਈ। ਅੱਗੇ ਖੋਜ ਵਜੋਂ ਕੰਬਦਾ ਸੀ, ਹੁਣ ਆਪਣੇ ਤਪਦੇ ਦਿਲ ਦੀ ਤਸੱਲੀ ਲਈ ਆਪਣੇ ਗਵਾਚੇ ਲਾਲ ਦੀ ਭਾਲ ਲਈ ਤੇ ਮਨ ਨੂੰ ਢਾਰਸ ਦੇਣ ਲਈ ਕਿ ਮੌਤ ਕਿਤੇ ਸੱਚ ਮੁਚ ਓਹੀ ਮੌਤ ਤਾਂ ਨਹੀਂ ਜਿਸ ਤੋਂ ਜੱਗ ਤ੍ਰਾਹ ਤ੍ਰਾਹ ਕਰਦਾ ਹੈ। ਲਾਜ ਨੇ ਲੰਡਨ ਜਾ ਕੇ ਵਿਚੋਲਣ ਫੇਡਾ (Feda) ਰਾਹੀਂ ਆਪਣੇ ਪੁੱਤਰ ਲੈਫਟੀਨੈਂਟ ਰੇਮੰਡ ਨਾਲ ਗੱਲ ਬਾਤ ਦਾ ਸਿਲਸਿਲਾ ਅਰੰਭਿਆ। ਸੋਗਵਾਰ ਪਿਉ ਨੂੰ ਹੌਲੀ ਹੌਲੀ ਕਈ ਸਬੂਤ ਇਸ ਗੱਲ ਦੇ ਲੱਭੇ ਜਿਸ ਤੋਂ ਉਸ ਨੂੰ ਪ੍ਰਤੀਤ ਆ ਗਈ ਕਿ ਸੱਚ ਮੁਚ ਰੇਮੰਡ ਅਗਲੇ ਪਾਸੇ ਹੈ ਤੇ ਗੱਲਾਂ ਦੱਸਦਾ ਹੈ। ਪਹਿਲਾਂ ਤਾਂ ਰੇਮੰਡ ਨੇ ਵਿਚੋਲਣ ਰਾਹੀਂ ਆਪਣੇ ਜੀਵਨ ਦੀ ਗੱਲ ਜੋ ਟੱਬਰ ਵਿੱਚ ਕਿਸੇ ਨੂੰ ਪਤਾ ਨਹੀਂ ਸੀ ਦੱਸੀ ਪਰ ਨਿਰਪੱਖ ਪੜਤਾਲ ਕਰਨ ਤੋਂ ਠੀਕ ਨਿਕਲੀ। ਫੇਰ ਰੇਮੰਡ ਨੇ ਇੱਕ ਤਸਵੀਰ ਦਾ ਜ਼ਿਕਰ ਕੀਤਾ ਜਿਸ ਦਾ ਕਿਸੇ ਨੂੰ ਪਤਾ ਨਹੀਂ ਸੀ ਅਤੇ ਪਤੇ ਅਨੁਸਾਰ ਲੱਭਣ ਤੇ ਉਹ ਤਸਵੀਰ ਜਿਸ ਵਿੱਚ ਉਹ ਆਪ ਭੀ ਸੀ, ਲੱਭ ਪਈ। ਇੱਕ ਦਿਨ ਲਾਜ ਤੇ ਉਸ ਦੀ ਪਤਨੀ ਲੰਡਨ ਵਿੱਚ ਫੇਡਾ ਵਿਚੋਲਣ ਰਾਹੀਂ ਗੱਲ ਕਰ ਰਹੇ ਸਨ ਕਿ ਰੇਮੰਡ ਵਲੋਂ ਸ਼ਬਦ 'ਹੋਨੋਲੂਲੂ' ਆਇਆ ਜਿਸ ਦਾ ਇਸ ਤਰ੍ਹਾਂ ਹੋ ਰਹੀ ਗੱਲ-ਬਾਤ ਵਿੱਚ ਕੋਈ ਅਰਥ ਨਹੀਂ ਸੀ, ਨਾ ਸੰਬੰਧ ਸੀ। ਪਿਛੋਂ ਪਤਾ ਲੱਗਾ ਕਿ ਰੇਮੰਡ ਦੇ ਭਰਾਵਾਂ ਨੂੰ ਲੰਡਨ ਵਿੱਚ ਹੋ ਰਹੀ ਗੱਲ-ਬਾਤ ਦੇ ਵਕਤ ਦਾ ਪਤਾ ਸੀ ਅਤੇ ਉਨ੍ਹਾਂ ਬਰਮਿੰਘਮ ਬੈਠਿਆਂ ਮਨ ਵਿੱਚ ਧਾਰਨਾ ਧਾਰੀ ਕਿ ਜੇ ਰੇਮੰਡ ਹੈ ਤਾਂ ਸ਼ਬਦ "ਹੋਨੋਲੂਲੂ" ਫੇਡਾ ਦੇ ਮੂੰਹੋਂ ਬੁਲਵਾਏ। ਸੋਈ ਹੋਇਆ ਤੇ ਇਕ ਤਰ੍ਹਾਂ ਇੱਕ ਬੜਾ ਨਿਸਚਿਤ ਕਰਨ ਵਾਲੀ ਗੱਲ ਸੀ ਕਿਉਂਕਿ ਰੇਮੰਡ ਦੇ ਭਾਈ ਲੰਡਨ ਤੋਂ ਸੌ ਡੇਢ ਸੌ ਮੀਲ ਬਰਮਿੰਘਮ ਵਿੱਚ ਹੈਸਨ ਤੇ ਲਾਜ ਯਾ ਫ਼ੇਡਾ ਨੂੰ ਉਨ੍ਹਾਂ ਦੇ ਮਨ ਧਾਰੀ ਧਾਰਨਾ ਦਾ ਪਤਾ ਨਹੀਂ ਹੋ ਸਕਦਾ ਸੀ।

ਸਰ ਆਲੀਵਰ ਲਾਜ ਨੇ ਸਾਰੀ ਖੋਜ ਪੜਤਾਲ ਅਗਲੀ ਤੇ ਆਪਣੇ ਪੁੱਤਰ ਦੀ ਮੌਤ ਤੋਂ ਪਿਛੋਂ ਦੀ ਇਕੱਤਰ ਕਰਕੇ ਇੱਕ ਮਸ਼ਹੂਰ ਪੁਸਤਕ "ਰੇਮੰਡ" ਨਾਮੇ ਲਿਖੀ ਸੀ ਜਿਸ ਨੂੰ ਦੁਹਰਾ ਕੇ ਲਿਖ ਕੇ ਨਾਮ "ਰੇਮੰਡ ਰੀਵਾਈਜ਼ਡ'

ਰੱਖਿਆ ਹੈ। ਇਸ ਪੁਸਤਕ ਨੇ ਪਿਛਲੀ ਜੰਗ ਦੇ ਦਿਨਾਂ ਵਿੱਚ ਤੇ ਪਿਛੋਂ ਲੱਖਾਂ ਦੁਨੀਆਂ ਨੂੰ ਸਹਾਰਾ ਤੇ ਸ਼ਾਂਤੀ ਦਿੱਤੀ ਹੈ। ਇਸ ਸਾਇੰਸਦਾਨ ਨੇ ਦੁਨੀਆਂ ਦੇ ਵਗਦੇ ਅਥਰੂਆਂ ਨੂੰ ਠੱਲ੍ਹਣ ਲਈ ਤੇ ਨਿਸ਼ਚਾ ਦਿਵਾਉਣ ਲਈ ਕਿ ਮਰ ਗਏ ਬੰਦਿਆਂ ਨੂੰ ਰੋਣਾ ਅਵਾਨ ਮੱਤ ਹੈ। ਪੁਸਤਕ ਵਿੱਚ ਆਪਣੇ ਪਰਦੇ ਦੀਆਂ ਗੱਲਾਂ ਆਪਣੇ ਗ੍ਰਹਿਸਤ ਦੇ ਵਰਤਾਂਤ ਤੇ ਅਨੇਕਾਂ ਹੋਰ ਗੱਲਾਂ ਜੋ ਥੋੜ੍ਹੇ ਕੀਤਿਆਂ ਸ਼ਰੀਫ਼ ਬੰਦੇ ਅਵਿਸ਼ਵਾਸੀ ਤੇ ਬੇਕਦਰ ਦੁਨੀਆਂ ਨੂੰ ਨਹੀਂ ਦੱਸਦੇ, ਖੋਲ੍ਹ ਕੇ ਵਰਨਣ ਕੀਤੀਆਂ ਹਨ ਤੇ ਅਜਿਹੀ ਖੁਲ੍ਹ ਦਿਲੀ ਨਾਲ, ਧੀਰਜ ਨਾਲ ਵਰਨਣ ਕੀਤੀਆਂ ਹਨ ਕਿ ਪੁਸਤਕ ਨੂੰ ਪੜ੍ਹਿਆਂ ਹੀ ਪੁਸਤਕ ਅਤੇ ਉਸਦੇ ਕਰਤੇ ਦੀ ਕਦਰ ਪੈ ਸਕਦੀ ਹੈ।

ਪੁਸਤਕ ਵਿੱਚ ਇੱਕ ਥਾਂ ਇਹ ਬਿਰਤਾਂਤ ਭੀ ਆਉਂਦਾ ਹੈ ਕਿ ਲਾਜ ਨੇ ਆਪਣੇ ਪੁੱਤਰ ਰੇਮੰਡ ਅਤੇ ਆਪਣੇ ਦੋਸਤ ਮਾਯਰਜ਼ ਤੋਂ ਪ੍ਰਸ਼ਨ ਕੀਤਾ ਕਿ ਤੁਸੀਂ ਜਗਤ ਵਿੱਚ ਜੀਉਂਦੇ ਬੰਦਿਆਂ ਦੀ ਸਹਾਇਤਾ ਕਿਵੇਂ ਕਰਦੇ ਹੋ? ਜਵਾਬ ਮਿਲਿਆ ਕਿ ਸਾਨੂੰ ਵੇਹਲ ਤਾਂ ਘੱਟ ਲੱਭਦਾ ਹੈ ਪਰ ਅਸੀਂ ਲੋਕਾਂ ਦੀ ਆਪਣੀ ਮਰਜ਼ੀ ਵਿੱਚ ਦਖ਼ਲ ਨਹੀਂ ਦੇਂਦੇ। ਜਿਥੋਂ ਤੱਕ ਹੋ ਸਕਦਾ ਹੈ ਉਨ੍ਹਾਂ ਨੂੰ ਖ਼ਿਆਲਾਂ ਵਿੱਚ ਸੁਝਾਉਂਦੇ ਹਾਂ ਤੇ ਉਨ੍ਹਾਂ ਦੇ ਦਿਲ ਵਿਚੀ ਕੰਮ ਕਰਦੇ ਹਾਂ। ਜੇਕਰ ਲੋਕ ਬੁਰਾ ਕਰਨ ਅਸੀਂ ਉਨ੍ਹਾਂ ਨੂੰ ਚੁੱਕ ਕੇ ਭੁਇ ਨਹੀਂ ਮਾਰ ਸਕਦੇ ਪਰ ਖ਼ਿਆਲ ਜ਼ਰੂਰ ਦਿਵਾ ਦੇਂਦੇ ਹਾਂ। ਜ਼ਿੰਦਗੀ ਦਾ ਆਸ਼ਾ ਵਿਗਾਸ ਹੈ। ਹਾਂ ਸਾਨੂੰ ਖ਼ਬਰ ਵਧੇਰੇ ਹੁੰਦੀ ਹੈ। ਸਾਰਾ ਜਗਤ ਇੱਕ ਨਿਰਾਲਾ ਜਗਤ ਹੈ, ਇਸ ਵਿੱਚ ਦੂਰ ਨੇੜੇ ਫ਼ਾਸਲਾ ਕੁਝ ਨਹੀਂ। ਲੋਕਾਂ ਦੀ ਹਰ ਇੱਕ ਵਸਤੂ ਦਾ ਪਰਲੋਕ ਵਿੱਚ ਇੱਕ ਤਰ੍ਹਾਂ ਅਕਸ ਹੈ। ਅਸੀਂ ਲੋਕਾਂ ਦੀਆਂ ਚੀਜ਼ਾਂ ਅੱਖੀਆਂ ਦੁਆਰਾ ਨਹੀਂ ਵੇਖਦੇ, ਅਸੀਂ ਤੁਹਾਡੇ ਖ਼ਿਆਲਾਂ ਤੇ ਭਾਵਾਂ ਦੁਆਰਾ ਵੇਖਦੇ ਹਾਂ। ਤੁਹਾਡੇ ਖ਼ਿਆਲ ਸਾਨੂੰ ਮਦਦ ਦੇਂਦੇ ਹਨ। ਜੇਕਰ ਤੁਸੀਂ ਤਮਾਸ਼ਾ ਵੇਖੋ ਅਸੀਂ ਤੁਹਾਡੇ ਖ਼ਿਆਲਾਂ ਰਾਹੀਂ ਵੇਖ ਸਕਦੇ ਹਾਂ ਪਰ ਜੇਕਰ ਤਮਾਸ਼ੇ ਵਿੱਚ ਤੁਹਾਡੀ ਰੁਚੀ ਨਾ ਹੋਵੇ ਸਾਨੂੰ ਵੀ ਤਮਾਸ਼ੇ ਦੀ ਖ਼ਬਰ ਘੱਟ ਹੁੰਦੀ ਹੈ। ਅਸੀਂ ਚੀਜ਼ ਤੁਹਾਡੇ ਰਾਹੀਂ ਨਹੀਂ ਬਲਕਿ ਤੁਹਾਡੇ ਕਰਕੇ ਵੇਖਦੇ ਹਾਂ। ਜਦ ਤੁਸੀਂ ਨੀਯਤ ਕਰਕੇ ਸਾਡੇ ਨਾਲ ਤਾਰ ਜੋੜਦੇ ਹੋ ਤਾਂ ਮਾਨੋਂ ਤੁਸੀਂ ਰੂਹਾਨੀ ਸਿਆਣਪ ਦੇ ਸੋਮੇ ਨੂੰ ਮੂੰਹ ਲਾਉਂਦੇ ਹੋ (ਏਥੇ ਮਾਯਰਜ਼ ਬੋਲ ਉਠਿਆ) ਇਹ ਇੰਜ ਹੈ ਜਿਵੇਂ ਸਾਡੇ ਵਸੀਲੇ ਨਾਲ ਰੱਬ ਨੂੰ ਪਾਉਣਾ। ਜੇਕਰ ਰੱਬ ਨੂੰ ਪਾਉਣਾ ਤੁਹਾਡਾ ਮੰਤਵ ਹੈ ਤਾਂ ਤੁਸੀਂ ਸਾਡੇ ਰਾਹੀਂ ਪਾ ਸਕਦੇ ਹੋ।

ਸਰ ਆਲੀਵਰ ਲਾਜ ਆਪਣੇ ਤਜਰਬੇ ਅਤੇ ਮਨ ਵਿੱਚ ਵਸ ਗਏ ਵਿਸ਼ਵਾਸ ਨੂੰ ਚਿਤਰਦਾ ਹੋਇਆ ਆਖਦਾ ਹੈ ਕਿ ਮੌਤ ਮੁਕ ਜਾਣ ਦਾ ਨਾਮ ਨਹੀਂ। ਮੌਤ ਤੋਂ ਡਰ ਕਾਹਦਾ ਜਦ ਜੰਮਣ ਦਾ ਡਰ ਨਹੀਂ। ਅਸੀਂ ਜਨਮ ਸਮੇਂ ਆਪਣੀ ਹਾਲਤ ਬਦਲਦੇ ਹਾਂ ਅਤੇ ਇਸ ਹਵਾ ਹੋਸ਼ ਵਾਲੇ ਜਗਤ ਵਿੱਚ ਆਉਂਦੇ ਹਾਂ। ਇਸੇ ਤਰ੍ਹਾਂ ਮਰਨ ਸਮੇਂ ਇੱਕ ਹੋਰ ਸੂਰਤ ਬਦਲ ਜਾਂਦੀ ਹੈ ਅਤੇ ਇੱਕ ਅਜਿਹੇ ਜਗਤ ਵਿੱਚ ਪ੍ਰਵੇਸ਼ ਕਰਦੇ ਹਾਂ ਜਿੱਥੇ ਆਪੋ ਵਿੱਚ ਗੱਲ ਬਾਤ ਕਰਨਾ ਖਿਆਲਾਂ ਦੀ ਤਾਕਤ ਦੇ ਨਾਲ ਗੱਲ ਬਾਤ ਕਰਨ ਦੇ ਸਮਾਨ ਹੈ ("ਅੱਖਾਂ ਬਾਝੌਂ ਵੇਖਣਾ ਬਿਨ ਕੰਨਾਂ ਸੁਣਨਾ") ਲੋਕੀਂ ਆਖਦੇ ਹਨ ਕੀ ਸਬੂਤ ਹੈ ਕਿ ਮਰਨ ਪਿੱਛੋਂ ਵੀ ਹੋਂਦ ਕਾਇਮ ਰਹਿੰਦੀ ਹੈ। ਮੈਂ ਆਖਦਾ ਹਾਂ ਕੀ ਅਸੀਂ ਕਿਸੇ ਹੋਰ ਹੋਂਦ ਦਾ ਸਬੂਤ ਦੇ ਸਕਦੇ ਹਾਂ ? ਸਿਆਣੇ ਆਖਦੇ ਹਨ ਬ੍ਰਹਿਮੰਡ ਵਿੱਚ ਅਨੇਕਾਂ ਵੱਡੇ-ਵੱਡੇ ਸੂਰਜ ਆਦਿਕ ਸਤਾਰੇ ਦੂਰ ਦੁਰਾਡੇ ਫ਼ਾਸਲਿਆਂ ਤੇ ਹਨ (ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ) ਅਤੇ ਸਾਡੇ ਸੂਰਜ ਟੱਬਰ ਵਰਗੇ ਅਨਗਿਣਤ ਟੱਬਰ ਹਨ। ਇਹਨਾਂ ਗੱਲਾਂ ਦਾ ਸੋਚਣ ਵਾਲੇ ਨੂੰ ਸੱਚ ਨਹੀਂ ਆਉਂਦਾ। ਸੂਰਜ ਧਰਤੀ ਨਾਲੋਂ ਦੱਸ ਲੱਖ ਗੁਣਾ ਵੱਡਾ ਹੈ। ਆਰਕਟਰਸ ਨਾਮੀ ਸਤਾਰਾ ਸੂਰਜ ਨਾਲੋਂ ਸੌ ਗੁਣਾ ਵੱਡਾ ਹੈ ਜੋ ਐਡਾ ਦੂਰ ਹੈ ਕਿ ਉਸ ਦੀ ਲੋ ਨੂੰ ਧਰਤੀ ਤੇ ਪਹੁੰਚਣ ਲਈ ਦੋ ਸੌ ਵਰ੍ਹੇ ਲੱਗਦੇ ਹਨ (ਲੋ ਦੀ ਰਫ਼ਤਾਰ ਏਨੀ ਹੈ ਕਿ ਇੱਕ ਸੈਕੰਡ ਵਿੱਚ ਲੰਡਨ ਤੋਂ ਨਿਯੂਯਾਰਕ ਦਾ ਡੇਢ ਦੋ ਹਜ਼ਾਰ ਮੀਲ ਦਾ ਫਾਸਲਾ ਤੈਅ ਕਰ ਸਕਦੀ ਹੈ)। ਬ੍ਰਹਿਮੰਡ ਦੇ ਲੇਖੇ ਵਿੱਚ ਇਹ ਸਾਡੀ ਧਰਤੀ ਕੇਵਲ ਇੱਕ ਨੁਕਤੇ ਵੱਤ ਹੈ। ਅਸੀਂ ਕੀ ਹਾਂ ਤੇ ਬ੍ਰਹਿਮੰਡ ਦਾ ਵਡੱਪਣ ਕੀ ਹੈ, ਟਾਕਰੇ ਨਾਲ ਹੀ ਸਾਨੂੰ ਰੰਚਕ ਮਾਤਰ ਖਿਆਲ ਹੋ ਸਕਦਾ ਹੈ ਕਿ ਜੋ ਕੁਝ ਅਸੀਂ ਸਮਝਦੇ ਹਾਂ ਕਿ ਅਸੀਂ ਜਾਣਦੇ ਵਰਤਦੇ ਹਾਂ ਉਹ ਵੱਡੀ ਬ੍ਰਹਿਮਾਂਡਕ ਓੜਕ ਦੀ ਅਸਲੀਅਤ ਦੇ ਮੁਕਾਬਲੇ ਵਿੱਚ ਕਿੰਨਾ ਤੁੱਛ ਹੈ। ਇਸ ਨਾਲ ਕੁਝ ਸਿੱਧ ਨਹੀਂ ਹੁੰਦਾ ਕਿ ਸਾਨੂੰ ਬਹੁਤ ਥੋੜ੍ਹੀ ਸੋਝੀ ਹੈ। ਜੇਕਰ ਸਾਡੀ ਸੋਝੀ ਤੁੱਛ ਹੈ ਤਾਂ ਇਸ ਦਾ ਅਰਥ ਇਹ ਨਹੀਂ ਕਿ ਜਗਤ ਵਿੱਚ ਨਾਜਾਣੀਆਂ ਗੱਲਾਂ ਨਹੀਂ ਹਨ। ਅਗਿਆਨੀ ਹੋਣਾ ਕੇਡਾ ਸੌਖਾ ਹੈ। ਦਿਨੇ ਜਦ ਸੂਰਜ ਚਾਨਣਾ ਕਰ ਕੇ ਸਾਡੇ ਜਗਤ ਨੂੰ ਰੌਸ਼ਨ ਕਰ ਰਿਹਾ ਹੁੰਦਾ ਹੈ ਸਾਨੂੰ ਛੁੱਟ ਸਾਡੀ ਆਪਣੀ ਬਿੰਦੀ ਵੱਤ ਦੁਨੀਆਂ ਤੋਂ ਹੋਰ ਕੁਝ ਨਹੀਂ ਦਿੱਸਦਾ। ਪਰ ਜਦ ਸੂਰਜ ਓਲ੍ਹੇ ਹੁੰਦਾ ਹੈ, ਧੰਦੇ ਮੁੱਕ ਜਾਂਦੇ ਹਨ ਤੇ ਰਾਤ ਵੱਲ ਮੂੰਹ ਕਰਕੇ ਤਕੀਦਾ ਹੈ ਤਦ ਪਤਾ ਲੱਗਦਾ ਹੈ ਕਿ ਆਸਮਾਨ ਵਿੱਚ

ਕਿੰਨੇ ਲੱਖਾਂ ਕਰੋੜਾਂ ਹੋਰ ਸਾਡੇ ਨਾਲੋਂ ਕਈ ਗੁਣਾਂ ਵੱਡੇ ਜਗਤ ਹਨ, ਉਦੋਂ ਵੀ ਜੇਕਰ ਇੱਕ ਨਿੱਕੀ ਜਿਹੀ ਬਦਲੀ ਕਿਧਰੋਂ ਆ ਜਾਵੇ, ਸਾਰੇ ਬ੍ਰਹਿਮੰਡਾਂ ਨੂੰ ਲੁਕਾ ਕੇ ਸਾਨੂੰ ਫੇਰ ਇਕੱਲਿਆਂ ਕਰ ਦੇਂਦੀ ਹੈ।

ਲਾਜ ਕਹਿੰਦਾ ਹੈ "ਅਸਲ ਵਿੱਚ ਜੋ ਸਾਨੂੰ ਭਾਸਦਾ ਹੈ ਕੇਡਾ ਤੁੱਛ ਹੈ। ਸਾਨੂੰ ਕੇਵਲ ਹੁਣ ਦੀ ਵਰਤਮਾਨ ਲੰਘ ਰਹੇ ਨਿਮਖ ਦੀ ਸੋਝੀ ਹੈ, ਸਮੇਂ ਦੇ ਇੱਕ ਅੱਖ-ਫੋਰੇ ਦੀ ਸੋਝੀ ਹੁੰਦੀ ਹੈ ਜਿਵੇਂ ਹਨੇਰੇ ਵਿੱਚ ਪਟਾਕੇ ਦੇ ਚਲਣ ਦਾ ਚਮਤਕਾਰ ਹੁੰਦਾ ਹੈ ਜਾਂ ਜਿਵੇਂ ਤਸਵੀਰ ਖਿੱਚਣ ਵਾਲੇ ਕੈਮਰੇ ਦੇ ਚੱਲਣ ਨਾਲ ਇੱਕ ਚਾਨਣ ਦਾ ਲਿਸ਼ਕਾਰਾ ਪੈਂਦਾ ਹੈ, ਇਸ ਤੋਂ ਵੱਧ ਕੁਛ ਨਹੀਂ ਸਾਨੂੰ ਵਾਪਰਦਾ। ਲੰਘ ਗਿਆ ਸਮਾਂ ਸਾਡੇ ਸਾਹਮਣੇ ਨਹੀਂ, ਅੱਗੋਂ ਆਉਣ ਵਾਲੇ ਸਮੇਂ ਦਾ ਕੁਝ ਪਤਾ ਨਹੀਂ, ਕੀ ਸਾਡੀ ਹੋਂਦ ਕੇਵਲ ਇਹ ਅੱਖ ਦਾ ਫੋਰਾ ਹੀ ਹੈ ? ਨਹੀਂ ਅਸਲੀ ਹੋਂਦ ਇਸ ਤੋਂ ਬਹੁਤ ਵਧੇਰੇ ਹੈ। ਲੰਘ ਰਿਹਾ ਵਰਤਮਾਨ ਫੋਰਾ ਕੋਈ ਸ਼ੈਅ ਨਹੀਂ, ਕੋਈ ਅਰਥ ਨਹੀਂ ਰੱਖਦਾ। ਸਾਡਾ ਜੀਵਨ ਲੰਘ ਗਏ ਵਰ੍ਹਿਆਂ ਦੀਆਂ ਯਾਦਾਂ ਤੇ ਖ਼ਿਆਲਾਂ ਨਾਲ ਭਰਿਆ ਪਿਆ ਹੈ ਤੇ ਅੱਗੇ ਨੂੰ ਆਵਣ ਵਾਲੇ ਸਮੇਂ ਦੀਆਂ ਉਮੰਗਾਂ ਨਾਲ ਫੁੱਟ ਰਿਹਾ ਹੈ। ਅਸਲ ਵਿੱਚ ਅਸੀਂ ਭੂਤ ਤੇ ਭਵਿੱਖਤ (ਲੰਘ ਗਿਆ ਤੇ ਆਉਣ ਵਾਲਾ ਸਮਾਂ) ਵਿੱਚ ਜੀਉਂਦੇ ਹਾਂ।

"ਦੁਨੀਆਂ ਦੇ ਜੀਵਨ ਸੰਬੰਧੀ ਮੇਰੇ ਖਿਆਲ ਕੇਵਲ ਮੇਰੇ ਪੁੱਤਰ ਦੇ ਮਰਨ ਨਾਲ ਹੀ ਨਹੀਂ ਬਣੇ, ਜਦ ਮੈਂ ਦੂਜੀਆਂ ਰੂਹਾਂ ਨਾਲ ਗੱਲਾਂ ਕਰਦਾ ਸਾਂ ਓਦੋਂ ਹੋਰ ਗੱਲ ਸੀ ਹੁਣ ਮੇਰਾ ਪੁੱਤਰ ਜਦ ਚਾਹਾਂ ਝੱਟ ਆਉਂਦਾ ਹੈ ਤੇ ਅਨੇਕ ਪ੍ਰਕਾਰ ਦੀ ਸ਼ਹਾਦਤ, ਪਤੇ ਤੇ ਗਵਾਹੀ ਦੇ ਸਿਲਸਲੇ ਦੇਂਦਾ ਹੈ, ਕਦੇ ਬੜੀ ਉੱਤਮ ਚੁਣੀ ਹੋਈ ਸ਼ਹਾਦਤ, ਕਦੇ ਪਿਆਰ ਦੇ ਧੱਕੜ। ਮਰਨ ਪਿੱਛੋਂ ਹੋਂਦ ਦਾ ਮੈਨੂੰ ਐਨਾ ਵਿਸ਼ਵਾਸ ਹੈ ਜਿਨਾ ਏਥੇ ਇਸ ਜਗਤ ਦੇ ਜੀਵਨ ਦਾ। ਕੋਈ ਆਖ ਸਕਦਾ ਹੈ ਕਿ ਅਜਿਹਾ ਵਿਸ਼ਵਾਸ ਸੰਭਵ ਨਹੀਂ ਕਿਉਂਕਿ ਕਿਸੇ ਅੱਖੀਂ ਨਹੀਂ ਡਿਠਾ। ਮੈਂ ਕਹਿੰਦਾ ਹਾਂ ਕਿ ਨਹੀਂ ਹੋ ਸਕਦਾ ਹੈ। ਫਿਜ਼ਿਕਸ ਵਿਦਿਆ ਦੇ ਪੜ੍ਹਨ ਵਾਲੇ ਕੇਵਲ ਅੱਖੀਂ ਡਿਠੀਆਂ ਨਾਲ ਵਾਹ ਨਹੀਂ ਰੱਖਦੇ। ਲੋਕਾਂ ਨੇ ਮਾਨੂ ਤੇ ਪ੍ਰਮਾਨੂ ਅੱਖੀਂ ਨਹੀਂ ਡਿੱਠੇ।

ਲਾਜ ਨੇ ਅਵਿਸ਼ਵਾਸੀ ਬੰਦਿਆਂ ਦੀ ਬਿਰਤੀ ਤੇ ਓਹਨਾਂ ਦਾ ਇਹ ਕਹਿਣਾ ਕਿ ਅਗਲਾ ਜਗਤ ਕਿਨ ਦੇਖਿਆ ਹੈ ਤੇ ਇਸ ਗੱਲ ਨੂੰ ਮੰਨਣੋਂ ਨਾਂਹ ਕਰ ਦੇਣਾ ਕਿ ਮੌਤ ਪਿਛੋਂ ਹੋਰ ਤਰ੍ਹਾਂ ਦਾ ਜੀਵਨ ਚਲਿਆ ਚਲਦਾ ਹੈ,

ਇਸ ਬਿਰਤੀ ਦਾ ਪੋਲ ਤੇ ਕੱਚ ਇੱਕ ਡਾਢੀ ਸੁਆਦਲੀ ਵਾਰਤਾ ਦੁਆਰਾ ਪ੍ਰਗਟ ਕੀਤਾ ਹੈ।

ਇੱਕ ਦਿਨ ਇੱਕ ਪੰਛੀ ਉਡਦਾ ਉਡਦਾ ਪਾਣੀ ਉੱਤੇ ਜਾ ਬੈਠਾ ਤੇ ਲਹਿਰਾਂ ਦੇ ਹੁਲਾਰੇ ਲੈਣ ਲੱਗ ਪਿਆ। ਪਾਣੀ ਵਿੱਚ ਦੀ ਇੱਕ ਮੱਛੀ ਆਈ ਤੇ ਵੇਖ ਕੇ ਬੜੀ ਹੈਰਾਨ ਹੋਈ ਕਿ ਅਸੀਂ ਪਾਣੀ ਦੇ ਥੱਲੇ ਗਾਰੇ ਵਿੱਚ ਮਸੋਂ ਬਚਾਉ ਨਾਲ ਰਹਿੰਦੇ ਹਾਂ, ਇਹ ਕੌਣ ਹੈ ਜੋ ਮੌਜ ਨਾਲ ਪਾਣੀ ਦੀਆਂ ਲਹਿਰਾਂ ਤੇ ਹੂਟੇ ਲੈ ਰਿਹਾ ਹੈ।

ਮੱਛੀ : ਕੀ ਤੇਰੇ ਤਾਰੂ ਖੰਭ (ਮੱਛੀਆਂ ਵਾਲੇ ਖੰਭ ਜਿਨ੍ਹਾਂ ਨਾਲ ਉਹ ਤਰਦੀਆਂ ਹਨ) ਹੈਨ ?

ਪੰਛੀ : ਅਸੀਂ ਤਰਦੇ ਨਹੀਂ ਉਡਿਆ ਕਰਦੇ ਹਾਂ, ਤਰਨ ਨਾਲੋਂ ਵਧੇਰੇ ਮੌਜ, ਵਧੇਰੇ ਫੜ ਫੜ ਤੇ ਵਧੇਰੇ ਆਨੰਦ।

ਮੱਛੀ : ਬੜੀ ਅਜਬ ਗੱਲ ਹੈ, ਸਾਡੇ ਵਿਚੋਂ ਵੀ ਕਈ ਆਖਦੀਆਂ ਹਨ ਕਿ ਉਹ ਉੱਡਣ ਜਾਣਦੀਆਂ ਹਨ ਪਰ ਕੌਣ ਮੰਨਦਾ ਹੈ ਇਨ੍ਹਾਂ ਗੱਪਾਂ ਨੂੰ, ਇਹ ਧੋਖਾ ਹੈ।

ਪੰਛੀ : ਤੂੰ ਆਪ ਕਿਹੜਾ ਧੋਖੇ ਤੋਂ ਰਹਿਤ ਹੈਂ ? ਤੂੰ ਆਪਣੇ ਜਗਤ ਨੂੰ ਚੰਗਾ ਨਹੀਂ ਜਾਣਦੀ । ਤੇਰੇ ਜਗਤ ਵਿੱਚ ਝੱਖੜ ਪਾਣੀ ਦੇ ਘਾਹ ਤੇ ਘੋਗੇ ਹੁੰਦੇ ਨੇ, ਸਾਡੇ ਜਗਤ ਵਿੱਚ ਪਰਬਤ, ਬਿਰਛ, ਅਸਮਾਨ, ਪੀਂਘਾਂ ਤੇ ਤ੍ਰੇਲਾਂ।

ਮੱਛੀ–ਖਬਰੇ ਕੀ ਗੱਲਾਂ ਕਰਨਾ ਏਂ।

ਪੰਛੀ–ਗਿਰਜੇ ਕੀ ਹੁੰਦੇ ਨੇ ?

ਮੱਛੀ–(ਗੋਤਾ ਮਾਰ ਗਈ)।

"ਮੱਛੀ ਤਾਰੂ ਕਿਆ ਕਰੇ ਪੰਖੀ ਕਿਆ ਆਕਾਸ।

ਲੋਕ ਚਾਹੁੰਦੇ ਹਨ ਕਿ ਸਭ ਕੁਝ ਇਨ੍ਹਾਂ ਅੱਖੀਆਂ ਨਾਲ ਵੇਖੀਏ। ਉਨ੍ਹਾਂ ਨੂੰ ਪਤਾ ਨਹੀਂ ਕਿ ਇਸ ਸਰੀਰ ਕਰ ਕੇ ਤਾਂ ਉਹ ਕੈਦ ਵਿੱਚ ਪੈ ਗਏ ਹਨ। ਨਾ ਉਹ ਇਸ ਕੈਦ ਵਿਚੋਂ ਨਿਕਲ ਕੇ ਪੰਛੀ ਬਣ ਕੇ ਅਸਮਾਨੀ ਉਡਾਰੀਆਂ ਮਾਰਨ ਦੇ ਯਤਨ ਕਰਨ ਨਾ ਉਨ੍ਹਾਂ ਨੂੰ ਛੁੱਟ ਇੰਨਾ ਸਰੀਰਕ ਅੱਖੀਆਂ ਤੋਂ ਹੋਰ ਨੇਤਰ ਸੁਝਣ। "ਸੇ ਅਖੜੀਆਂ ਤੋਂ ਬਿਆਨ ਜਿਨੀ ਡਿਸੰਦੋ ਮਾਪਿਰੀ।" ਸਾਇੰਸਦਾਨ ਤੇ ਸਿਆਣੇ ਚਾਹੁੰਦੇ ਹਨ ਉਨ੍ਹਾਂ ਨੂੰ ਇਸ ਜੀਵਨ ਵਿੱਚ ਮੌਤ ਦਾ ਭੇਦ ਲੱਭ ਜਾਵੇ, ਉਨ੍ਹਾਂ ਮਸ਼ੀਨਾਂ, ਉਨ੍ਹਾਂ ਕਲਾ ਤੇ ਨੁਸਖਿਆਂ ਰਾਹੀਂ ਜੋ ਉਹਨਾਂ ਬਣਾਏ ਹਨ। ਇਕ ਸਿੱਧੀ ਜਿਹੀ ਗੱਲ ਨਹੀਂ ਸਮਝਦੇ ਕਿ ਮਸ਼ੀਨਾਂ ਤੇ

ਸ਼ੀਸ਼ੇ ਆਪੂ ਕੋਈ ਮੁੱਲ ਨਹੀਂ ਰੱਖਦੇ ਜਦ ਤੋੜੀਂ ਆਪ ਉਹਨਾਂ ਨੂੰ ਵੇਖਣ ਵਰਤਣ ਤੇ ਚਾਲੂ ਕਰਨ ਵਾਲਾ ਪਿੱਛੇ ਨਾ ਹੋਵੇ। ਬੰਦੇ ਦਾ ਦਿਮਾਗ਼ ਇਕ ਮਸ਼ੀਨ ਵਾਂਗ ਹੈ, ਇਸ ਤੋਂ ਵੱਧ ਕੁਝ ਨਹੀਂ। ਇੱਕ ਨਿੱਕਾ ਜਿਹਾ ਰੋੜਾ ਇਸ ਮਸ਼ੀਨ ਨੂੰ ਸੱਟ ਮਾਰ ਕੇ ਚਲਨੋਂ ਰੋਕ ਦੇਂਦਾ ਹੈ। ਦਿਮਾਗ਼ ਆਪ ਨਹੀਂ ਸੋਚਦਾ। ਇਨਸਾਨੀ ਮਨ ਹੈ ਜੋ ਇਸ ਕਲਾ ਨੂੰ ਵਰਤ ਕੇ ਜਗਤ ਦੇ ਅਰਥ ਕੱਢਦਾ ਹੈ। ਜਦ ਤੋੜੀ ਉਹ ਰੂਹ ਨਹੀਂ ਜੋ ਦਿਮਾਗ਼ ਨੂੰ ਵਰਤੇ, ਦਿਮਾਗ਼ ਕਿਸੇ ਕੰਮ ਨਹੀਂ। ਇਸੇ ਤਰ੍ਹਾਂ ਅੱਖੀਆਂ ਆਪ ਨਹੀਂ ਵੇਖਦੀਆਂ, ਨਾ ਕੰਨ ਆਪ ਸੁਣਦੇ ਹਨ। ਅੱਖ ਕੰਨ ਦਿਮਾਗ਼ ਦੇ ਪਿੱਛੇ ਉਹ ਰੂਹ ਹੈ ਜੋ ਸਭ ਦੀ ਮਾਲਕ, ਸਭ ਦੀ ਰਾਣੀ, ਸਭ ਨੂੰ ਵਰਤਣ ਰੱਖਣ ਦੇ ਚਲਾਣ ਵਾਲੀ ਹੈ। ਕਿਸੇ ਪੁਲ ਨੂੰ ਵੇਖ ਕੇ ਉਸਦੇ ਸਜਾਣ ਵਾਲੇ ਇੰਜਨੀਅਰ ਦਾ ਪਤਾ ਨਹੀਂ ਚੱਲ ਸਕਦਾ। ਇੰਜਨ ਹੋਰ ਹੈ, ਉਸ ਦਾ ਕਰਤਾ ਹੋਰ ਹੈ। ਸਤਾਰ ਪਈ ਹੈ ਪਰ ਜਦ ਤੱਕ ਉਸ ਵਿੱਚੋਂ ਸੁਰ ਕੱਢਣ ਵਾਲਾ ਨਹੀਂ, ਸਤਾਰ ਬੇ ਫ਼ਾਇਦਾ ਹੈ। ਬਾਜੰਤਰੀ ਦੀ ਲੋੜ ਹੈ। ਉਹ ਬਾਜੰਤਰੀ ਅਸੀਂ ਆਪ ਹਾਂ। ਸਤਾਰ ਨੂੰ ਟੁੱਟਿਆ ਵੇਖ ਕੇ ਮੂਰਖ ਆਖਦਾ ਹੈ ਮੌਤ ਆ ਗਈ ਹੈ। ਸਤਾਰ ਦੀ ਮੌਤ ਜੀਵਨ ਕੁਝ ਨਹੀਂ ਬਾਜੰਤਰੀ ਅਸਲੀ ਹੈ। ਸਤਾਰ ਹੋਵੇ ਤਾਂ ਬਜਾ ਲਏਗਾ ਨਾ ਹੋਵੇ ਬਣਾ ਲਏਗਾ।

"ਹੰਸ ਚੱਲਿਆ ਤੂੰ ਪਿੱਛੇ ਰਹੀ ਏਂ ਛੁੱਟੜ ਹੋਈ ਏਂ ਨਾਰੀ"

ਜਿਹੜੇ ਸਰੀਰ ਦੀ ਮੌਤ ਨੂੰ ਮਰਨ ਸਮਝਦੇ ਹਨ ਉਹਨਾਂ ਨੂੰ ਮਾਮੂਲੀ ਸੋਝੀ ਨਹੀਂ ਕਿ ਸਰੀਰ ਦੇ ਦਿਮਾਗ਼ ਅੱਖਾਂ ਕੰਨ ਮਾਮੂਲੀ ਕਲਾਂ ਸਨ। ਬਜਾਵਣਹਾਰੇ ਦੀ ਸਾਰੀ ਖੇਲ ਸੀ, ਸਰੀਰ ਦੀ ਨਹੀਂ। "ਕਾਯਾ ਹੰਸ ਥੀਆ ਵਿਛੋੜਾ।" ਹੰਸ ਅਮਰ ਹੈ, ਨਾ ਕਦੇ ਮਰੇ ਨਾ ਜਾਏ।

੮

ਪੱਛਮੀ ਜਗਤ ਦੇ ਪ੍ਰਸਿੱਧ ਸਾਇੰਸਦਾਨ ਸਰ ਆਲੀਵਰ ਲਾਜ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਮਰ ਕੇ ਬੰਦਾ ਹੋਰ ਜਗਤ ਵਿੱਚ ਜਾ ਅਮਰ ਹੁੰਦਾ ਹੈ। ਸਾਰੀਆਂ ਦਲੀਲਾਂ ਉਸ ਦੀ ਪੁਸਤਕ Why I Believe in Personal Immortality ਵਿੱਚ ਵਰਣਨ ਕੀਤੀਆਂ ਗਈਆਂ ਹਨ ਜਿਨ੍ਹਾਂ ਦਾ ਸਾਰ ਇਹ ਹੈ।

੧. ਇਨਸਾਨੀ ਮਨ ਜੇਕਰ ਸਰੀਰ ਨਾ ਹੋਵੇ ਤਦ ਭੀ ਚੱਲਦਾ ਰਹਿੰਦਾ ਹੈ। ਪਰ ਕਿਸੇ ਨਾ ਕਿਸੇ ਕਿਸਮ ਦੀ ਕਲ ਜਾਂ ਸਰੀਰਕ ਮਸ਼ੀਨ ਇਸ ਦੇ ਪ੍ਰਤੱਖ ਹੋਣ ਲਈ ਜ਼ਰੂਰੀ ਹੈ। ਮੌਤ ਪਿੱਛੋਂ ਜੋ ਭੂਤ ਪ੍ਰੇਤ ਆਦਿ ਵਿਖਾਈ ਦੇਂਦੇ ਹਨ, ਇਹ ਕੋਈ ਇਤਫ਼ਾਕ ਦੀ ਗੱਲ ਨਹੀਂ, ਇਨ੍ਹਾਂ ਦਾ ਆਪੋ ਵਿੱਚ ਕੁਝ ਸੰਬੰਧ ਹੈ।

੨. ਸਰੀਰ ਕੇਵਲ ਇਕ ਜ਼ਰੀਆ, ਮਸ਼ੀਨ ਅਰਥਾਤ ਕਲਾ ਹੈ। ਦਿਮਾਗ ਹੋਰ ਚੀਜ਼ ਹੈ, ਇਨਸਾਨੀ ਮਨ ਹੋਰ ਚੀਜ਼ ਹੈ। ਦਿਮਾਗ਼ ਦਾ ਪੁਰਜ਼ਾ ਟੁੱਟ ਜਾਵੇ ਮਾਨੋ ਕਲਾ ਬਿਚਲ ਗਈ ਪਰ ਇਨਸਾਨ ਦੀ ਯਾਦਦਾਸ਼ਤ ਤੇ ਮਨ ਨਹੀਂ ਬਿਚਲ ਗਏ।

੩. ਵਸਤੂਆਂ ਜੋ ਸਾਡੀਆਂ ਨਜ਼ਰਾਂ ਤੋਂ ਓਹਲੇ ਹੋ ਜਾਂਦੀਆਂ ਹਨ, ਉਹ ਉੱਕਾ ਨਾਬੂਦ, ਅਨਹੋਣੀਆਂ ਨਹੀਂ ਹੋ ਜਾਂਦੀਆਂ। ਰੱਬ ਆਪ ਵੀ ਮਸ਼ੀਨਾਂ ਜਾਂ ਜ਼ਰੀਆਂ ਵਸੀਲਿਆਂ ਦੁਆਰਾ ਕੰਮ ਕਰਦਾ ਹੈ ਨਾ ਕਿ ਕੇਵਲ ਆਦਮੀ ਆਪਣੇ ਸਰੀਰ ਦੁਆਰਾ।

੪. ਹਰ ਇਕ ਨਾਸ਼ਵਾਨ ਸਰੀਰ ਕਿਸੇ ਅਸਥਿਰ ਸਦੀਵੀ ਹੋਂਦ ਦਾ ਸਰਸਰੀ ਅਵਤਾਰ ਹੈ।

੫. ਦੁਨੀਆਂ ਵਿੱਚ ਆਵਣਾ ਅਕਾਰਨ ਨਹੀਂ, ਕਾਰਨ ਹੈ, ਇਸ ਦਾ ਸਿੱਟਾ ਹੈ, ਫਲ ਹੈ।

੬. ਜਗਤ ਦੀਆਂ ਅਸਲੀਅਤਾਂ ਸਦੀਵੀ ਤੇ ਅਸਥਿਰ ਰਹਿਣ ਵਾਲੀਆਂ ਹਨ ਪਰ ਉਹ ਸਰੀਰ ਜਾਂ ਜ਼ਰੀਏ ਜਾਂ ਕਲਾਂ ਜਿਨ੍ਹਾਂ ਦੁਆਰਾ ਸਾਡੇ ਮਨ ਨੂੰ ਉਹਨਾਂ ਦਾ ਗਿਆਨ ਹੁੰਦਾ ਹੈ ਉਹ ਨਹੀਂ ਹਨ। ਲੋ ਜਾਂ ਰੌਸ਼ਨੀ ਕਿਸੇ

ਪਦਾਰਥ ਜਾਂ ਮਾਦੇ ਤੋਂ ਪੈਦਾ ਨਹੀਂ ਹੁੰਦੀ, ਇਹ ਇਕ ਸ਼ਕਤੀ ਹੈ ਪਰ ਜਦ ਤੱਕ ਕਿਸੇ ਮਾਦੇ ਨਾਲ ਟੱਕਰ ਨਾ ਖਾਵੇ, ਇਨਸਾਨੀ ਅੱਖੀਆਂ ਨੂੰ ਨਜ਼ਰ ਨਹੀਂ ਆ ਸਕਦੀ।

੭. ਲੋਕ ਪੁੱਛਦੇ ਹਨ ਕਿ ਕੀ ਬੰਦੇ ਮਰ ਕੇ ਵੀ ਜੀਉਂਦੇ ਰਹਿੰਦੇ ਹਨ ? ਮੈਨੂੰ ਇਸ ਗੱਲ ਦਾ ਉਕਾ ਸ਼ੱਕ ਨਹੀਂ ਕਿਉਂਕਿ ਮੈਨੂੰ ਇਸ ਗੱਲ ਦਾ ਸਬੂਤ ਹੋ ਚੁੱਕਾ ਹੈ।

ਇਹਨਾਂ ਸਾਰੀਆਂ ਗੱਲਾਂ ਦਾ ਤਾਤਪਰਜ ਇਹ ਹੈ ਕਿ ਸਰੀਰ ਨੂੰ ਹੀ ਸਭ ਕੁਝ ਸਮਝ ਲੈਣਾ ਭੁੱਲ ਹੈ। ਸਰੀਰ ਕੇਵਲ ਉਸ ਕਲਾ ਨਿਆਈਂ ਹੈ ਜੋ ਤਾਰ ਬਾਬੂ ਦੇ ਹੱਥ ਵਿੱਚ ਹੁੰਦੀ ਹੈ। ਕਲਾ ਬਪੁੜੀ ਆਪ ਕੁਛ ਚੀਜ ਨਹੀਂ ਜੇ ਬਾਬੂ ਨ ਹੋਵੇ।

'ਕਾਠ ਕੀ ਪੁਤਰੀ ਕਿਆ ਕਰੇ ਬਪੁੜੀ ਖਿਲਾਵਨ ਹਾਰੋ ਜਾਨੇ।'

ਸਰੀਰ ਦੇ ਬਿਨਸ ਜਾਣ ਨਾਲ ਮੌਤ ਨਹੀਂ ਹੁੰਦੀ ਕਿਉਂਕਿ ਸਰੀਰ ਨੂੰ ਵਰਤਣ ਵਾਲਾ, ਇਸ ਵਿੱਚ ਵੱਸਣ ਵਾਲਾ ਸਦਾ ਅਸਥਿਰ ਰਹਿੰਦਾ ਹੈ।

ਇਸੇ ਤਰ੍ਹਾਂ ਇਕ ਹੋਰ ਪੱਛਮੀ ਵਿਦਵਾਨ ਕਹਿੰਦਾ ਹੈ ਕਿ ਲੋਕ ਇਸ ਗੱਲ ਦਾ ਸਬੂਤ ਲੋੜਦੇ ਹਨ ਕਿ 'ਰੂਹ' ਹੈ। 'ਰੂਹ' ਇਹਨਾਂ ਅੱਖੀਆਂ ਨਾਲ ਨਹੀਂ ਦਿਸ ਸਕਦੀ। ਸਾਇੰਸ ਵਾਲੇ ਆਖਦੇ ਹਨ ਕਿ ਮਾਣੂ ਹੁੰਦੇ ਹਨ, ਪ੍ਰਮਾਣੂ ਹੁੰਦੇ ਹਨ, ਪ੍ਰਮਾਣੂਆਂ ਵਿੱਚ ਇਲੈਕਟਰਾਨ (ਪ੍ਰਮਾਣੂਆਂ ਦੀ ਬਣਾਵਟ) ਹੁੰਦੇ ਹਨ। ਕੀ ਕਿਸੇ ਨੇ ਇਹ ਪ੍ਰਮਾਣੂ ਤੇ ਇਲੈਕਟਰਾਨ ਅੱਖੀਂ ਡਿੱਠੇ ਹਨ? ਸਾਇੰਸਦਾਨਾਂ ਭਾਣੇ ਪ੍ਰਮਾਣੂ ਅਟੁੱਟ ਤੇ ਅਮਰ ਹਨ। ਇਸੇ ਤਰ੍ਹਾਂ ਮੇਰੇ ਭਾਣੇ ਰੂਹ (ਆਤਮਾ) ਸਦੀਵੀ ਤੇ ਅਮਰ ਹੈ। ਉਹ ਕਹਿੰਦਾ ਹੈ ਮੈਂ ਤੁਹਾਨੂੰ ਦਲੀਲਾਂ ਨਾਲ ਨਿਸ਼ਚਾ ਨਹੀਂ ਦਿਵਾ ਸਕਦਾ। ਆਪਣੇ ਆਪ ਵਿੱਚ ਵੇਖੋ ਤੇ ਪਹਿਲਾਂ ਮਹਿਸੂਸ ਕਰੋ ਕਿ 'ਆਤਮਾ ਕੋਈ ਵਸਤੂ ਹੈ, ਅਸਥਿਰ ਹੈ ਇਸ ਦਾ ਨਾ ਆਦਿ ਹੈ ਨਾ ਅੰਤ।' ਫੇਰ ਲੋਕ ਪੁਛਦੇ ਹਨ ਕਿ ਜੇਕਰ ਆਤਮਾ ਸਰੀਰਾਂ ਵਿੱਚ ਭਰਮਣ ਕਰ ਰਹੀ ਹੈ ਸਾਨੂੰ ਕਿਉਂ ਪਿੱਛਾ ਯਾਦ ਨਹੀਂ ਆਉਂਦਾ। ਇਸ ਦਾ ਜਵਾਬ ਬੜਾ ਸਿੱਧਾ ਹੈ। ਸਾਨੂੰ ਆਪਣਾ ਨਿੱਕਾ ਜਿਹਾ ਜੀਵਨ ਯਾਦ ਨਹੀਂ ਰਹਿੰਦਾ, ਜਨਮਾਂ ਜਨਮਾਂਤਰਾਂ ਦੀਆਂ ਗੱਲਾਂ ਕਿਵੇਂ ਯਾਦ ਰਹਿਣ। ਸਾਨੂੰ ਆਪਣੇ ਬਾਲਪਨ ਦੀਆਂ ਗੱਲਾਂ ਯਾਦ ਨਹੀਂ। ਹੋਰ ਤਾਂ ਦੂਰ ਰਿਹਾ, ਕੱਲ ਜਾਂ ਪਰਸੋਂ ਕੀ ਖਾਧਾ ਸੀ ਯਾਦ ਨਹੀਂ ਰਹਿੰਦਾ। ਅਸਲ ਵਿੱਚ ਮਾੜੀ ਮੋਟੀ ਯਾਦ ਭੀ ਰਹਿੰਦੀ ਹੈ। ਯੂਨਾਨ ਦਾ ਵੱਡਾ ਸਿਆਣਾ ਅਫ਼ਲਾਤੂ ਅਪਣੇ ਜੀਵਨ ਵਿੱਚ

ਅਨੁਭਵ ਕਰਿਆ ਕਰਦਾ ਸੀ ਕਿ ਜਦ ਉਹ ਕਿਸੇ ਪੁਸਤਕ ਨੂੰ ਪੜ੍ਹਦਾ ਜਾਂ ਕਿਸੇ ਥਾਂ ਲੰਘਦਾ ਤਾਂ ਉਸ ਨੂੰ ਇਹ ਜਾਪਦਾ ਸੀ ਕਿ ਇਹ ਮੈਂ ਕਦੇ ਪਹਿਲਾਂ ਵੀ ਪੜ੍ਹ ਜਾਂ ਵੇਖ ਚੁੱਕਾ ਹਾਂ। ਬਹੁਤ ਸਾਰੇ ਲੋਕਾਂ ਨੂੰ ਇਸੇ ਤਰ੍ਹਾਂ ਦੇ ਪੁਰਾਣੀ ਯਾਦ ਦੇ ਭੁਲੇਖੇ ਇਸ ਜਨਮ ਵਿੱਚ ਪੈਂਦੇ ਰਹਿੰਦੇ ਹਨ। ਉਂਞ ਅੱਜਕੱਲ੍ਹ ਕਈ ਬੱਚੇ ਐਸੇ ਪੈਦਾ ਹੋਏ ਹਨ ਜੋ ਆਪਣੇ ਪੂਰਬ ਜਨਮ ਦੀਆਂ ਤਾਜ਼ਾ ਗੱਲਾਂ ਦਸਦੇ ਹਨ। ਕਈ ਬੱਚੇ ਕਈ ਮਜ਼ਮੂਨ ਝੱਟ ਪੜ੍ਹ ਜਾਂਦੇ ਹਨ ਹੋਰ ਬੱਚੇ ਓਨਾ ਛੇਤੀ ਨਹੀਂ ਪੜ੍ਹਦੇ। ਪਿਛਲੀ ਯਾਦ ਦੇ ਭੁਲੇਖੇ ਜਿਹੇ ਜ਼ਰੂਰ ਲੱਗਦੇ ਹਨ ਤੇ ਭੁੱਲਾ ਪੈਂਦਾ ਹੈ ਪਰ ਨਿਸ਼ਚਿਤ ਤੌਰ ਤੇ ਕੁਝ ਨਹੀਂ ਆਖਿਆ ਜਾ ਸਕਦਾ। ਉਹ ਪੱਛਮੀ ਲਿਖਾਰੀ ਆਖਦਾ ਹੈ ਕਿ ਯਾਦ ਭੁੱਲਣ ਤੋਂ ਕੁਝ ਸਿੱਧ ਨਹੀਂ ਹੁੰਦਾ। ਮੈਂ ਘਰ ਦੇ ਇਕ ਕਮਰੇ ਤੋਂ ਦੂਜੇ ਵਿੱਚ ਜਾਂਦਾ ਹਾਂ ਕਿ ਫ਼ਲਾਣੀ ਪੁਸਤਕ ਲਿਆਵਾਂ। ਉਥੇ ਜਾ ਕੇ ਭੁੱਲ ਜਾਂਦਾ ਹਾਂ ਕਿ ਮੈਂ ਕੀ ਲੈਣ ਆਇਆ ਸਾਂ। ਖ਼ਬਰੇ ਸਾਡਾ ਜੀਵਨ ਇਸੇ ਤਰ੍ਹਾਂ ਦਾ ਹੀ ਆਵਣਾ ਹੈ। ਅਸੀਂ ਚਲੇ ਸਾਂ ਏਥੇ ਆਵਣ ਨੂੰ ਕਿਸੇ ਕੰਮ ਪਰ ਏਥੇ ਆ ਕੇ ਭੁੱਲ ਗਏ ਹਾਂ।

"ਪ੍ਰਾਣੀ ਤੂੰ ਆਇਆ ਲਾਹਾ ਲੈਣ
ਲਗਾ ਕਿਤੁ ਕੁਫਕੜੇ ਸਭ ਮੁਕਦੀ ਚੱਲੀ ਰੈਣ"

ਇਥੇ ਆ ਕੇ ਪਿੱਛਾ ਭੁੱਲ ਗਿਆ ਹੈ ਤੇ ਅਸੀਂ ਕੁਝ ਭੁਲੇਖੇ ਜਿਹੇ ਵਿੱਚ ਪੈ ਗਏ ਹਾਂ। "ਲਿਵ ਛੁੜਕੀ ਲੱਗੀ ਤ੍ਰਿਸ਼ਨਾ ਮਾਯਾ ਅਮਰ ਵਰਤਾਇਆ।" ਜਿਸ ਜੀਵਨ ਤੇ ਮਰਨ ਨੂੰ ਅਸੀਂ ਇਕ ਬੜੀ ਭਾਰੀ ਲੰਮੀ ਦੁੱਖ ਕਹਾਣੀ ਸਮਝੀ ਬੈਠੇ ਹਾਂ ਖ਼ਬਰੇ ਇਕ ਕਮਰੇ ਤੋਂ ਦੂਜੇ ਵਿੱਚ ਜਾ ਕੇ ਚੇਤਾ ਭੁੱਲ ਜਾਣ ਵਾਂਗ ਹੀ ਹੋਵੇ। ਤੇ ਏਦੂੰ ਵੱਧ ਜਾਪਦੀ ਵੀ ਕੁਝ ਨਹੀਂ ਕਿਉਂਕਿ ਪਿਛਲਾ ਸਾਰਾ ਇਤਿਹਾਸ ਬਾਦਸ਼ਾਹੀਆਂ ਦੇ ਬਨਣ ਢਾਹਣ ਦੇ ਕਿੱਸੇ ਸਾਰੇ ਇਕ ਰਾਮ ਕਹਾਣੀ ਵਾਂਗ ਸੁਪਨੇ ਵਾਂਗ ਬੱਚੇ ਦੇ ਪ੍ਰਚਾਵੇ ਦੀਆਂ ਬਾਤਾਂ ਵਾਂਗ ਹਨ। ਅਸਲੀਅਤ ਹੁੰਦੀ ਤਾਂ ਜਾਂਦੀ ਕਿਥੇ? ਮਦਾਰੀ ਦੇ ਖੇਲ ਵਾਂਗ ਦੁਨੀਆਂ ਚੱਲ ਰਹੀ ਹੈ, ਭਰਮ ਇਹ ਹੁੰਦਾ ਹੈ ਕਿ ਅਸੀਂ ਆਏ ਹਾਂ ਤੇ ਅਸੀਂ ਮਰਾਂਗੇ। ਅਸਲ ਵਿੱਚ ਨਾ ਕਦੇ ਆਏ ਨਾ ਕਦੇ ਗਏ, ਜੇ ਕੇਵਲ ਤਮਾਸ਼ਬੀਨਾਂ ਵਾਲੀ ਦਿਲ ਵਿੱਚ ਧਾਰ ਰਖੀਏ ਕੋਈ ਦੁੱਖ ਨਹੀਂ।

ਇਕ ਪ੍ਰਸਿੱਧ ਪੱਛਮੀ ਸਿਆਣਾ ਲੀਬਨਿਟਜ਼ ਆਖਦਾ ਹੈ ਕਿ ਮਾਦਾ ਜਾਂ ਪਦਾਰਥ ਕੋਈ ਚੀਜ਼ ਨਹੀਂ, "ਸਭ ਵਸਤੂਆਂ ਰੂਹਾਂ ਹਨ।" ਅਰਥਾਤ ਅਸਲੀਅਤ ਹੀ ਰੂਹ ਹੈ ਹੋਰ ਕੋਈ ਅਸਲੀਅਤ ਨਹੀਂ।

"ਸਭ ਗੋਬਿੰਦ ਹੈ ਸਭ ਗੋਬਿੰਦ ਹੈ
ਗੋਬਿੰਦ ਬਿਨ ਨਹੀਂ ਕੋਇ।"
"ਸਭੈ ਘਟ ਰਾਮ ਬੋਲੇ ਰਾਮ ਬੋਲੇ
ਰਾਮ ਬਿਨਾ ਕੋ ਬੋਲੇ ਰੇ।"

ਲੀਬਨਿਟਜ਼ ਕਹਿੰਦਾ ਹੈ ਕਿ ਅਮਰਪੁਣਾ ਵੀ ਰੂਹ ਦਾ ਹੈ। ਬਾਰੰਬਾਰ ਮਨ ਵਿੱਚ ਰਟਨ ਨਾਲ ਹੀ ਕਿ ਅਸੀਂ ਅਮਰ ਹਾਂ, ਇਹ ਨਿਸ਼ਚਾ ਦਿਲ ਵਿੱਚ ਘਰ ਕਰਕੇ ਬੈਠ ਸਕਦਾ ਹੈ। ਅਮਰ ਹੋਣ ਦਾ ਵਿਸ਼ਵਾਸ਼ ਹੋਰ ਹੈ, ਅਮਰ ਹੋਣ ਦਾ ਗਿਆਨ ਹੋਣਾ ਹੋਰ ਹੈ। ਵਿਸ਼ਵਾਸ ਨੂੰ ਦ੍ਰਿੜ੍ਹ ਕਰਕੇ ਮਨ ਅੰਦਰ ਵਸਾਉਣ ਨਾਲ ਇਹ ਖ਼ਿਆਲ ਨਿਸ਼ਚਾ ਬਣ ਜਾਂਦਾ ਹੈ। ਅਰਥਾਤ ਪੱਛਮੀ ਸਾਇੰਸ ਵਾਲੇ ਕੋਈ ਸਬੂਤ ਨਹੀਂ ਦੇ ਸਕਦੇ ਕਿ ਇਨਸਾਨ ਅਮਰ ਹੈ ਸਗੋਂ ਇਹ ਸਿੱਖਿਆ ਦੇਂਦੇ ਹਨ ਕਿ ਸਦਾ ਵਿਸ਼ਵਾਸ ਰਖੋ, ਸਦਾ ਮਨ ਵਿੱਚ ਰਟੋ ਤਦ ਆਪੇ ਹੀ ਨਿਸ਼ਚਿਤ ਗਿਆਨ ਹੋ ਜਾਵੇਗਾ ਕਿ ਅਸੀਂ ਅਮਰ ਹਾਂ।

"ਜਾਕੈ ਰਿਦੈ ਬਿਸਵਾਸ ਪ੍ਰਭ ਆਇਆ।
ਤਤ ਗਿਆਨ ਤਿਸ ਮਨ ਪ੍ਰਗਟਾਇਆ।"

ਅਜਿਹੇ ਇਕ ਨਿਸ਼ਚੇ ਦੀ ਸੱਚੀ ਕਹਾਣੀ ਸਰ ਆਲੀਵਰ ਲਾਜ ਨੇ ਇਕ ਹੋਰ ਪੁਸਤਕ ਵਿੱਚ ਲਿਖੀ ਹੈ ਜੋ ਕਿ ਹਦ ਦਰਜੇ ਦੀ ਹਿਰਦੇ ਵੇਧਕ ਤੇ ਸਿੱਖਿਆਦਾਇਕ ਹੈ। ਪਾਠਕਾਂ ਨੂੰ ਸਹਿਜੇ ਹੀ ਪ੍ਰਤੀਤ ਆ ਜਾਵੇਗੀ ਕਿ ਹਿਰਦਿਆਂ ਦਾ ਪਿਆਰ ਤੇ ਦ੍ਰਿੜ੍ਹ ਨਿਸ਼ਚਾ ਜਗਤ ਦੇ ਦੁੱਖਾਂ ਤੇ ਵਿਛੋੜਿਆਂ ਨੂੰ ਕਿਵੇਂ ਆਪਣੇ ਆਪ ਵਿੱਚ ਲੀਨ ਕਰਕੇ ਉਨ੍ਹਾਂ ਨੂੰ ਆਪਣਾ ਹੀ ਰੂਪ ਬਣਾ ਲੈਂਦੇ ਹਨ।

ਇਹ ਕਿੱਸਾ ਇਕ ਮਾਂ ਦੀ ਗੋਦ ਦਾ ਉਸ ਦੇ ਜਿਗਰੀ ਟੋਟਿਆਂ ਦਾ ਕਿੱਸਾ ਹੈ। ਮਾਂ ਦੀ ਗੋਦ ਹਰੀ ਹੋਈ ਇਕ ਚੰਨ ਵਰਗੀ ਪੁੱਤਰੀ ਨੇ ਜਗਤ ਵਿੱਚ ਪੈਰ ਪਾਇਆ, ਮਾਂ ਵੇਖ ਕੇ ਨਿਹਾਲ ਹੋ ਗਈ। ਮਾਂ ਨੇ ਇਸ ਬੱਚੀ ਨੂੰ ਡਾਢੇ ਪ੍ਰੇਮ ਪਿਆਰ, ਸੰਜਮ ਮਿਹਨਤ ਤੇ ਉਮੇਦਾਂ ਨਾਲ ਪਾਲਿਆ। ਅੱਜ ਹੋਰ, ਕੱਲ੍ਹ ਹੋਰ, ਬੱਚੀ ਦਿਨੋ-ਦਿਨ ਸੁੰਦਰ, ਦਿਨੋ ਦਿਨ ਮਿੱਠੀ, ਦਿਨੋ ਦਿਨ ਘਰ ਬੂਹੇ ਦੀ ਰੌਣਕ ਵਧਾਣ ਵਾਲੀ ਬਣ ਗਈ ਤੇ ਮਾਂ ਲਈ ਜੀਵਨ ਸੰਸਾਰ ਦਾ ਕੇਂਦਰ ਬਣ ਗਈ। ਮੁਟਿਆਰ ਹੋਈ, ਸਕੂਲੇ ਪੜ੍ਹੀ ਤੇ ਮਾਂ ਦੇ ਹਿਰਦੇ ਦੀਆਂ ਸਾਰੀਆਂ ਉਮੰਗਾਂ, ਸਾਰੇ ਮਾਣ, ਸਾਰੇ ਪ੍ਰੇਮ, ਸਾਰੇ ਫ਼ਿਕਰਾਂ ਦਾ ਖਜ਼ਾਨਾ ਓਹੀ ਇਕ ਮੁਟਿਆਰ ਧੀ ਸੀ। ਉਂਜ ਤਾਂ ਸਾਰੀਆਂ ਮਾਵਾਂ ਨੂੰ ਆਪਣੀਆਂ ਧੀਆਂ

ਤੋਂ ਵਧੇਰੇ ਰੂਪਵੰਤ ਤੇ ਗੁਣਵੰਤੀ ਕੋਈ ਨਹੀਂ ਹੁੰਦੀ ਪਰ ਇਸ ਵਿੱਚ ਸ਼ੱਕ ਨਹੀਂ ਕਿ ਇਸ ਮਾਂ ਦੀ ਬੱਚੀ ਜਿਸ ਦਾ ਨਾਉਂ 'ਡਾਫਿਨ' ਸੀ ਪਰ ਘਰ ਵਿੱਚ 'ਡਾਰਲਿੰਗ' 'ਪ੍ਰੀਤਮ' ਆਖਦੇ ਸਨ, ਹਰ ਤਰ੍ਹਾਂ ਵਿਰਲੀਆਂ ਵਿਚੋਂ ਸੀ। ਮਾਂ ਨੇ ਉਸ ਦੀ ਪਾਲਣਾ ਲਈ, ਉਸ ਦੀ ਵਿਦਿਆ ਲਈ ਧਨ ਦੌਲਤ ਖੁਣੋਂ ਕਸਰ ਨਾ ਰੱਖੀ। ਇਹ ਯੁਵਤੀ ਨਾ ਕੇਵਲ ਆਪਣੀ ਮਾਂ ਦੇ ਘਰ ਦਾ ਚਾਨਣਾ ਸੀ ਬਲਕਿ ਉਦਾਲੇ ਦੇ ਜਗਤ ਦਾ ਭੂਸ਼ਣ ਬਣ ਗਈ।

ਕਰਣੀ ਪਰਮੇਸ਼ਰ ਦੀ ਅਜਿਹੀ ਹੋਈ ਕਿ ਸੁੰਦਰ ਸੁਸ਼ੀਲ 'ਡਾਰਲਿੰਗ' ਇਕ ਦਿਨ ਧਕਾ-ਧਕ ਭਰ ਜਵਾਨੀ ਵਿੱਚ ਚਲਾਣਾ ਕਰ ਗਈ ਤੇ ਮਾਂ ਨੂੰ ਸਦਾ ਲਈ ਵਿਛੋੜਾ ਦੇ ਗਈ। ਮਾਂ ਦਾ ਪ੍ਰੇਮਮਈ ਸੀਨਾ ਗ਼ਮ ਤੇ ਦੁੱਖ ਨਾਲ ਭੱਜ ਗਿਆ। ਮਾਂ ਦਾ ਵਿਸ਼ਵਾਸ ਕਿ ਰੱਬ ਹੈ। ਡੋਲ ਗਿਆ। ਮਾਂ ਬਾਵਰੀ ਹੋ ਗਈ। ਆਪਣੀ ਪਿਆਰੀ ਡਾਰਲਿੰਗ ਦੀ ਯਾਦ ਵਿੱਚ ਇਵ ਹੋ ਗਈ ਜਿਵੇਂ ਕਿਸੇ ਘਰ ਦੇ ਥੰਮ੍ਹ ਢਹਿ ਪੈਣ ਤੇ ਘਰ ਨਿਰ-ਆਸਰੇ ਹੋ ਕੇ ਜ਼ਮੀਨ ਦੇ ਬਰਾਬਰ ਹੋ ਜਾਵੇ। ਡਾਰਲਿੰਗ ਦੇ ਵਿਛੋੜੇ ਦੀ ਸੱਟ ਨੇ ਮਾਂ ਦਾ ਜੀਵਨ ਹਾਉਕਿਆ ਤੇ ਹੰਝੂਆਂ ਦਾ ਵਾਰਤਾਲਾਪ ਬਣਾ ਦਿੱਤਾ। ਦਿੱਸਣ ਵਿੱਚ ਜੀਊਂਦੀ ਸੀ ਪਰ ਅਸਲ ਵਿੱਚ ਜਿੰਦ ਜਾਨ ਧੀ ਦੀ ਯਾਦ ਵਿੱਚ ਰੋਲ ਬੈਠੀ ਸੀ। ਦਿਨ ਰਾਤ ਇਹੋ ਲਗਨ ਲੱਗੀ ਰਹਿੰਦੀ ਕਿ 'ਡਾਰਲਿੰਗ' ਕਿੱਧਰ ਗਈ?

ਸੱਟ ਕਾਰੀ ਵੱਜੀ ਸੀ ਪਰ ਮਾਂ ਸਹਿ ਗਈ। ਹੌਲੀ-ਹੌਲੀ ਡਾਰਲਿੰਗ ਦੇ ਵਿਛੋੜੇ ਦਾ ਦੁੱਖ ਘੱਟ ਗਿਆ। ਮਾਂ ਭਾਣਾ ਮੰਨ ਕੇ ਚੁੱਪ ਹੋ ਗਈ। ਏਨੇ ਨੂੰ ਮਾਂ ਦੀ ਗੋਦ ਫੇਰ ਹਰੀ ਹੋਈ ਤੇ ਡਾਰਲਿੰਗ ਨਵਾਂ ਰੂਪ ਧਾਰ ਕੇ ਮਾਂ ਦੇ ਘਰ ਪੁੱਤਰ ਬਣਕੇ ਆ ਗਈ। ਮਾਂ ਨੇ ਪੁੱਤਰ ਦਾ ਮੂੰਹ ਵੇਖ ਕੇ ਆਖਿਆ ਇਹ ਤਾਂ ਇਨ ਬਿਨ ਡਾਫ਼ਿਨ ਵਰਗਾ ਹੈ। ਮਾਂ ਦੇ ਘਰ ਫੇਰ ਚਾਨਣਾ ਹੋ ਗਿਆ, ਮਾਂ ਨੂੰ ਆਹਰ ਲੱਭ ਪਿਆ, ਨਵੀਆਂ ਆਸਾਂ ਹਰੀਆਂ, ਨਵੀਂ ਜਿੰਦ ਮਾਂ ਦੇ ਸਰੀਰ ਵਿੱਚ ਆ ਗਈ। ਪੁੱਤਰ ਦਾ ਨਾਉਂ ਕ੍ਰਿਸਟੋਫ਼ਰ ਰੱਖਿਆ। ਪਾਲਿਆ ਪਲੋਸਿਆ, ਵੱਡਾ ਕੀਤਾ, ਸਕੂਲੇ ਟੋਰਿਆ ਤੇ ਕਾਲਜ ਵਿੱਚ ਆਪਣੇ ਹਮਜੋਲੀਆਂ ਦਾ ਰੁਕਨ ਬਣ ਗਿਆ। ਅਜਿਹੀ ਮਾਂ ਵਿਚਾਰਵਾਨ, ਕੋਮਲ ਤੇ ਡੂੰਘੇ ਭਾਵਾਂ ਵਾਲੀ ਸੀ ਉਸ ਤੋਂ ਵੱਧ ਪੁੱਤਰ ਸਿਆਣਾ ਸੁਘੜ ਅਸੀਲਾਂ ਦਾ ਅਸੀਲ-ਵਿਰਲਿਆਂ ਵਿਚੋਂ ਵਿਰਲਾ, ਸੁੰਦਰ ਗੱਭਰੂ ਸਿੱਧਾ ਸਤੋਲ ਸਰੂ ਵਾਂਗ ਜੁਆਨ ਨਿਕਲਿਆ।

ਮਾਂ ਨੂੰ 'ਡਾਰਲਿੰਗ' ਭੁੱਲੀ ਨਹੀਂ, ਭੁੱਲ ਸਕਦੀ ਨਹੀਂ ਸੀ। ਮਾਂ ਦੀ ਯਾਦ ਵਿੱਚ ਕਦੇ ਕਦੇ 'ਡਾਰਲਿੰਗ' ਦਾ ਜੀਵਨ ਨਾਟਕ ਹੋਣ ਲੱਗ ਪੈਂਦਾ। ਉਸ ਨੂੰ

ਨਾਟਕ ਦੀ ਅੰਤ ਝਾਕੀ ਦੀ ਯਾਦ ਨਾਲ ਯਾਦ ਆ ਜਾਂਦਾ ਕਿ ਵਿਛੋੜਾ ਭੀ ਹੁੰਦਾ ਹੈ ਪਰ ਸਾਹਮਣੇ ਫਿਰ ਰਹੀ ਸਦਾ ਅੱਖੀਆਂ ਵਿੱਚ ਵਸ ਰਹੀ ਜਿੰਦ ਦਾ ਖੇਲ ਤਮਾਸ਼ਾ ਐਡਾ ਬਲੀ ਸੀ ਕਿ 'ਡਾਰਲਿੰਗ' ਦੇ ਵਿਛੋੜੇ ਦੀ ਯਾਦ ਮਾਂਦ ਪੈ ਜਾਂਦੀ ਸੀ। ਮਾਂ ਉਨ੍ਹਾਂ ਵਿਰਲਿਆਂ ਸਿਆਣਿਆਂ ਵਿਚੋਂ ਸੀ ਜੋ ਸਰ ਆਲੀਵਰ ਵਰਗੇ ਸਾਇੰਸਦਾਨਾਂ ਦੀਆਂ ਖੋਜਾਂ ਤੋਂ ਲਾਭ ਹਾਸਲ ਕਰਕੇ ਲੰਘ ਗਈਆਂ ਰੂਹਾਂ ਨਾਲ ਗੱਲਾਂ ਬਾਤਾਂ ਦੀ ਤਾਰ ਜੋੜਨ ਦਾ ਯਤਨ ਕਰਦੇ ਹਨ ਅਤੇ ਮੌਤ ਦੇ ਪਰਦੇ ਨੂੰ ਪਾੜ ਕੇ ਅਸਲੀਅਤ ਤੱਕ ਪਹੁੰਚਣ ਦਾ ਉਪਰਾਲਾ ਕਰਦੇ ਹਨ। ਮਾਂ ਨੇ ਆਪਣੀ 'ਡਾਰਲਿੰਗ' ਨਾਲ ਤੇ ਇਕ ਹੋਰ ਆਪਣੇ ਨਾਤੇ ਦੇ ਬੰਦੇ ਨਾਲ ਗੱਲ-ਬਾਤ ਕਰਨ ਵਿੱਚ ਸਫਲਤਾ ਪ੍ਰਾਪਤ ਕਰ ਲਈ ਸੀ ਜਿਸ ਦਾ ਨਾਮ 'ਕ੍ਰੁੱਫ' ਸੀ ਅਤੇ ਇਹ ਮਾਤਾ ਪ੍ਰਸਿੱਧ ਖੋਜੀ ਫਰੈਡਰਿਕ ਮਾਇਰਜ਼ ਨੂੰ ਭੀ ਜਾਣਦੀ ਸੀ ਅਤੇ ਉਸ ਨਾਲ ਭੀ ਗੱਲਾਂ ਕਰ ਚੁੱਕੀ ਸੀ।

ਮਾਂ ਨੂੰ ਫਿਕਰ ਜ਼ਰੂਰ ਰਹਿੰਦਾ ਸੀ ਮਤੇ ਉਸ ਦੇ 'ਕ੍ਰਿਸਟੋਫ਼ਰ' ਨਾਲ ਭੀ 'ਡਾਰਲਿੰਗ' ਵਾਂਗ ਨਾ ਹੋਵੇ। ਜਦ ਇਹ ਖ਼ਿਆਲ ਆਉਂਦਾ ਉਸ ਨੂੰ ਡਾਢਾ ਫ਼ਿਕਰ ਲੱਗ ਜਾਂਦਾ ਕਿ ਅਗ਼ਲੀ ਸੱਟ ਸਹਿ ਕੇ ਮੈਂ ਬਚ ਗਈ ਹਾਂ ਪਰ ਜੇਕਰ ਅਜਿਹੀ ਹੋਰ ਸੱਟ ਵੱਜੀ, ਸਰੀਰ ਦਾ ਤਾਂ ਕੋਈ ਨਹੀਂ ਮੇਰਾ ਦੀਨ ਈਮਾਨ ਵੀ ਟੁਕੜੇ ਹੋ ਜਾਵੇਗਾ। ਆਪਣੇ ਦਿਲ ਵਿਚੋਂ ਮੌਤ ਦਾ ਭੈਅ ਤਾਂ ਕੱਢ ਚੁੱਕੀ ਸੀ ਤੇ ਨਿਸ਼ਚਾ ਕਰ ਚੁੱਕੀ ਸੀ ਪਰ ਇਹ ਨਹੀਂ ਸੀ ਸੁਝਦਾ ਕਿ ਪੁੱਤਰ ਨੂੰ ਕਿਵੇਂ ਉਸ ਨਿਸ਼ਚੇ ਦਾ ਸਾਂਝੀਵਾਲ ਬਣਾਵੇ ਤੇ ਉਸ ਦੇ ਦਿਲ ਵਿਚੋਂ ਵੀ ਮਰਨ ਦਾ ਡਰ ਕੰਡੇ ਵਾਂਗ ਕੱਢ ਕੇ ਬਾਹਰ ਰੱਖ ਦੇਵੇ। ਸੰਸਾਰ ਸਾਗਰ ਵਿੱਚ ਜਵਾਨ ਪੁੱਤਰ ਦੇ ਭਰ ਜੋਬਨ ਲਹਿਰੀਂ ਲੈਂਦੇ ਜੀਵਨ ਬੇੜੇ ਨੂੰ ਆਪਣੇ ਪੂਰਨ ਨਿਸ਼ਚੇ ਦਾ ਅਸਥਿਰ ਤੇ ਨਾ ਡੋਲਣ ਵਾਲਾ ਲੰਗਰ ਲਾ ਕੇ ਟਿਕਾ ਦੇਣ ਦਾ ਫ਼ਿਕਰ ਸਦਾ ਲੱਗਾ ਰਹਿੰਦਾ ਸੀ। ਪੁੱਤਰ ਵੀ ਪੁਸਤਕਾਂ ਤੇ ਲੇਖ ਏਸ ਵਿਸ਼ੇ ਤੇ ਬਹੁਤ ਪੜ੍ਹ ਚੁੱਕਾ ਸੀ ਪਰ ਮਾਂ ਵਾਲਾ ਨਿਸ਼ਚਾ ਨਹੀਂ ਸੀ ਆਇਆ। ਵਿਛੋੜੇ ਦੀ ਸੱਟ ਤੋਂ ਪਹਿਲਾਂ ਆਪੋ ਵਿੱਚ ਸਮਝ ਬੁਝ ਕੇ ਅੱਗੇ ਦੀ ਤਿਆਰੀ ਜ਼ਰੂਰੀ ਸੀ।

ਏਨੇ ਨੂੰ ਯੂਰਪ ਦਾ ਜੰਗ ਛਿੜ ਪਿਆ ਤੇ ਲੈਫ਼ਟੀਨੈਂਟ ਰੇਮੰਡ ਲਾਜ ਦੇ ਕੁਝ ਚਿਰ ਪਿੱਛੋਂ ਇਸ ਛੈਲ ਬਾਂਕੇ ਹਰ ਤਰ੍ਹਾਂ ਸੰਪੂਰਨ ਮੁੰਡੇ ਕ੍ਰਿਸਟੋਫ਼ਰ ਦੀ ਵਾਰੀ ਆ ਗਈ। ਕ੍ਰਿਸਟੋਫ਼ਰ ਦੀ ਫ਼ੌਜੀ ਸਿਖਲਾਈ ਹੋ ਗਈ ਤੇ ਉਸ ਨੂੰ ਵੀ ਲੈਫ਼ਟੀਨੈਂਟੀ ਔਹਦਾ ਮਿਲ ਗਿਆ। ਮਾਂ ਵਿਚਾਰੀ ਦੇ ਨਵੇਂ ਜੀਵਨ ਦਾ ਸਹਾਰਾ ਵੀ ਜੰਗ ਯੂਰਪ ਦੇ ਗੋਲਿਆ ਨਾਲ ਭੱਜਦਾ ਦਿਸਣ ਲੱਗ ਪਿਆ।

ਮਾਂ ਨੇ ਪੁੱਤਰ ਨੂੰ ਕੈਂਪ ਵਿੱਚ ਚਿੱਠੀ ਪਾਈ ਕਿ ਮੋਰਚਿਆਂ ਵਿੱਚ ਜਾਣ ਤੋਂ ਪਹਿਲੋਂ ਹਫ਼ਤੇ ਦੀ ਛੁੱਟੀ ਲੈ ਕੇ ਮੇਰੀ ਜ਼ਰੂਰੀ ਗੱਲਬਾਤ ਸਮਝ ਜਾਣੀ। ਕ੍ਰਿਸਟੋਫ਼ਰ ਆਇਆ, ਆ ਕੇ ਚਲਿਆ ਗਿਆ।

ਇਕ ਮਹੀਨੇ ਪਿਛੋਂ ਮਾਂ ਨੂੰ ਖ਼ਬਰ ਆ ਗਈ ਕਿ ਲੈਫ਼ਟੀਨੈਂਟ ਕ੍ਰਿਸਟੋਫ਼ਰ ਫਲਾਣੇ ਮੋਰਚੇ ਵਿੱਚ ਮਾਰਿਆ ਗਿਆ ਹੈ।

ਪੁਸਤਕ ਦੀ ਸਾਰੀ ਵਾਰਤਾ ਦਾ ਜ਼ਰੂਰੀ ਅੰਗ ਓਹੀ ਹਿੱਸਾ ਹੈ ਜਿਸ ਵਿੱਚ ਕ੍ਰਿਸਟੋਫ਼ਰ ਦੀ ਮਾਂ ਵਰਣਨ ਕਰਦੀ ਹੈ ਕਿ ਉਸ ਨੇ ਕ੍ਰਿਸਟੋਫ਼ਰ ਨੂੰ ਕਿਨ੍ਹਾਂ ਖ਼ਿਆਲਾਂ ਵਿੱਚ ਪਾਲਿਆ ਸੀ, ਮੈਦਾਨ ਜੰਗ ਵਿੱਚ ਭੇਜਣ ਤੋਂ ਪਹਿਲਾਂ ਆਪੋ ਵਿੱਚ ਕੀ ਜ਼ਰੂਰੀ ਗੱਲਾਂ ਹੋਈਆਂ ਤੇ ਕ੍ਰਿਸਟੋਫ਼ਰ ਦੇ ਮਾਰੇ ਜਾਣ ਪਿਛੋਂ ਉਸ ਦੀ ਮਾਂ ਕਿਨ੍ਹਾਂ ਖਿਆਲਾਂ ਦੀ ਟੋਹਣੀ ਲੈ ਕੇ ਆਪਣੇ ਜੀਵਨ ਦੇ ਬਾਕੀ ਦਿਨ ਬਿਤਾ ਰਹੀ ਸੀ।

ਸਰ ਆਲੀਵਰ ਲਾਜ ਨੂੰ ਇਹ ਮਾਤਾ ਆਪਣੀ ਹੱਡ ਬੀਤੀ ਲਿਖਦੀ ਹੋਈ ਲਿਖਦੀ ਹੈ ਕਿ ਮੈਂ ਪੁੱਤਰ ਕ੍ਰਿਸਟੋਫ਼ਰ ਨੂੰ ਐਵੇਂ ਬੇ-ਟਿਕਾਣੇ ਤੇ ਬਿਨਾਂ ਟੀਚੇ ਤੋਂ ਨਹੀਂ ਸੀ ਪਾਲਿਆ। ਮੈਨੂੰ ਮੇਰੀ ਧੀ ਦੇ ਮਰਨ ਨੇ ਇਕ ਨਵਾਂ ਸਬਕ ਸਿਖਾਇਆ ਸੀ ਤੇ ਮੈਨੂੰ ਆਖ਼ਰ ਨਿਸ਼ਚਾ ਹੋ ਗਿਆ ਸੀ ਕਿ ਮਰਨਾ ਵੀ ਇਕ ਨਵਾਂ ਜੀਵਨ ਹੈ। ਮੈਂ ਮੌਤ ਨੂੰ ਕੋਈ ਡਰਾਉਣੀ ਚੀਜ਼ ਨਹੀਂ ਸਮਝਦੀ ਅਤੇ ਮੈਂ ਚਾਹੁੰਦੀ ਸੀ ਕਿ ਕ੍ਰਿਸਟੋਫ਼ਰ ਨੂੰ ਵੀ ਮੌਤ ਸੰਬੰਧੀ ਸੱਚੇ ਖ਼ਿਆਲ ਆ ਜਾਣ ਤਾਂ ਜੋ ਵੇਲੇ ਸਿਰ ਜਦ ਮੌਤ ਸਾਹਮਣੇ ਆਵੇ, ਉਹ ਉਸ ਨੂੰ ਖਿੜੇ ਮੱਥੇ ਵਰਣ ਲਈ ਤਿਆਰ ਹੋ ਜਾਵੇ।

ਮੈਂ ਸਮਝਦੀ ਸੀ ਕਿ ਕ੍ਰਿਸਟੋਫ਼ਰ ਨੂੰ ਇਹ ਖ਼ਿਆਲ ਦੇਣੇ ਮੇਰਾ ਧਰਮ ਹੈ, ਕਿ ਮੇਰਾ ਪਿਆਰ ਵੀ ਏਸੇ ਵਿੱਚ ਹੈ ਤੇ ਜੀਵਨ ਦੀ ਇਹ ਇਕ ਜ਼ਰੂਰੀ ਸੱਿਖਿਆ ਹੈ। ਮੈਂ ਆਪਣੀ ਧੀ ਦੇ ਮਰਨ ਤੋਂ ਸਬਕ ਸਿੱਖਿਆ ਸੀ ਕਿ ਅੱਗੇ ਨੂੰ ਅਜਿਹੀ ਸੱਟ ਮੈਨੂੰ ਭੰਨ ਨਾ ਸਕੇ।

ਮਰਨ ਤੋਂ ਇਕ ਮਹੀਨਾ ਪਹਿਲੋਂ ਕ੍ਰਿਸਟੋਫ਼ਰ ਘਰ ਆਇਆ, ਮੈਂ ਉਸ ਨੂੰ ਪਿਆਰ ਦਿੱਤਾ। ਮਾਮੂਲੀ ਇਧਰ ਉਧਰ ਦੀਆਂ ਗੱਲਾਂ ਤੋਂ ਪਿੱਛੋਂ ਅਸੀਂ ਕੱਠੇ ਬੈਠ ਗਏ। ਸਾਨੂੰ ਦੋਹਾਂ ਨੂੰ ਦਿੱਸ ਰਿਹਾ ਸੀ ਕਿ ਫਰਾਂਸ ਦੇ ਮੋਰਚਿਆਂ ਵਿਚੋਂ ਖ਼ਬਰੇ ਉਹ ਮੁੜੇਗਾ ਕਿ ਨਹੀਂ ਪਰ ਅਸੀਂ ਏਸ ਹੋਣੀ ਅਣਹੋਣੀ ਦੀ ਗੱਲ ਕਰਨੋਂ ਡਰਦੇ ਸਾਂ। ਸਾਡੇ ਦਿਲਾਂ ਵਿੱਚ ਅੱਗੇ ਦੇ ਖ਼ਿਆਲ ਬੜੀ ਤੇਜ਼ੀ ਨਾਲ ਆ ਜਾ ਰਹੇ ਸਨ ਪਰ ਮੂੰਹੋਂ ਬੋਲਣ ਲਈ ਮਜ਼ਮੂਨ ਡਾਢਾ ਭਿਆਨਕ, ਬੜਾ ਨਾਜ਼ਕ ਤੇ ਅਤਿਅੰਤ

ਕਲੇਸ਼ ਦਾਇਕ ਸੀ। ਖੈਰ ਮੈਂ ਕ੍ਰਿਸਟੋਫ਼ਰ ਦਾ ਹੱਥ ਆਪਣੇ ਹੱਥ ਵਿੱਚ ਲੈ ਕੇ ਉਸ ਨੂੰ 'ਡਾਰਲਿੰਗ' ਦੀ ਸਾਰੀ ਦਰਦ ਭਰੀ ਵਿਥਿਆ ਸੁਣਾਈ। ਚਿਰ ਤੋੜੀ ਗੱਲਾਂ ਕਰਦੇ ਰਹੇ, ਵੱਡੀ ਰਾਤ ਗੁਜ਼ਰ ਗਈ। ਮੇਰੇ ਅੱਥਰੂ ਵੱਗ ਪੈਂਦੇ ਸਨ ਪਰ ਮੈਂ ਚਾਹੁੰਦੀ ਸਾਂ ਕਿ ਜੋ ਮੈਂ ਆਪਣੇ ਪੁੱਤਰ ਨੂੰ ਨਿਸ਼ਚਾ ਦਿਵਾਉਣਾ ਹੈ ਕਿਵੇਂ ਨਾ ਕਿਵੇਂ ਉਸ ਦੇ ਹਿਰਦੇ ਵਿੱਚ ਵੱਸ ਜਾਵੇ। ਸਾਰੀ ਗੱਲ ਬਾਤ ਉਸ ਨੂੰ ਸਮਝਾਈ ਤੇ ਦਸਿਆ ਕਿ ਮੈਂ ਚਾਹੁੰਦੀ ਹਾਂ ਜਦ ਮੌਤ ਆਵੇ ਤੂੰ ਅੱਗੇ ਜਾਣ ਲਈ ਤਿਆਰ ਹੋਵੇਂ, ਤੇਰਾ ਰਾਹਾ ਸਾਫ਼ ਹੋਵੇ, ਤੈਨੂੰ ਕੋਈ ਅੰਦਰੋਂ ਜਾਂ ਬਾਹਰੋਂ ਅਟਕਾਰ ਨਾ ਪਵੇ। ਅੱਗੇ ਦੀ ਗੱਲਬਾਤ ਕਰਦਿਆਂ ਮੈਂ ਉਸ ਨੂੰ ਸਮਝਾਇਆ ਕਿ ਜਦ ਮੌਤ ਆਵੇ। ਉਹ ਕੀ ਕਰੇ, ਕਿਵੇਂ ਸੋਚੇ ਤੇ ਕੀ ਧਾਰਨਾ ਧਾਰੇ ਤੇ ਏਧਰੋਂ ਮੈਂ ਕੀ ਕਰਾਂਗੀ, ਕੀ ਸੋਚਾਂਗੀ ਤੇ ਕੀ ਆਸ਼ਾ ਰੱਖਾਂਗੀ। ਅਸਾਂ ਫੈਸਲਾ ਕੀਤਾ ਕਿ ਅਚਨਚੇਤ ਮੌਤ ਨਾਲ ਇਕ ਵਾਰ ਸੱਟ ਜਿਹੀ ਵੱਜਦੀ ਹੈ, ਜੇਕਰ ਤੈਨੂੰ ਅਗਲੇ ਪਾਸੇ 'ਕਰੱਫ' ਮਿਲੇ ਤਾਂ ਉਸ ਤੋਂ ਉਮੈਦ ਰੱਖੀਂ ਕਿ ਉਹ ਤੈਨੂੰ 'ਡਾਰਲਿੰਗ' ਅਤੇ 'ਫਰੈਡ' (ਮਾਇਅਰਜ਼) ਨੂੰ ਮਿਲਾਵੇ। ਜੇਕਰ "ਕਰੱਫ" ਨਾ ਮਿਲੇ ਤਾਂ ਤੂੰ ਪੁੱਛ ਗਿਛ ਕਰੀਂ, ਆਪਣੇ ਆਪ ਦਾ ਟਿਕਾਣਾ ਲੱਭੀਂ। ਇਹ ਨਿਸ਼ਚੇ ਚੇਤੇ ਰਖੀਂ ਕਿ ਇਧਰ ਮੈਨੂੰ ਹਰ ਤਰ੍ਹਾਂ ਸੁੱਖ ਹੈ ਤੇ ਮੈਂ ਇਹ ਨਿਸ਼ਚਾ ਮੰਨਾਂਗੀ ਕਿ ਤੈਨੂੰ ਭੀ ਹਰ ਪ੍ਰਕਾਰ ਸੁੱਖ ਹੈ ਤੇ ਤੂੰ ਸਹੀ ਸਲਾਮਤ ਆਪੇ ਵਿੱਚ ਹੈਂ ਤੇ ਤੇਰਾ ਕੁਝ ਨਹੀਂ ਬਦਲਿਆ। ਮੈਂ ਤੈਨੂੰ ਸਹਾਰਾ ਦਿਆਂਗੀ ਕਿ ਤੂੰ ਡਿਗੋਂ ਡੋਲੇਂ ਨਾ ਅਤੇ ਆਪਣੇ ਖ਼ਿਆਲਾਂ ਦੁਆਰਾ ਤੇਰੀ ਸਹਾਇਤਾ ਕਰਾਂਗੀ। ਅਸਾਂ ਆਪੋ ਵਿੱਚ ਮਿਥ ਲਿਆ ਕਿ ਜਦ ਇਧਰੋਂ ਅਸਥੂਲ (ਸਰੀਰਕ) ਸੰਬੰਧ ਟੁੱਟੇਗਾ, ਸੱਚਾ ਅਸਲੀ ਤੇ ਡੂੰਘਾ ਸੰਬੰਧ ਜੁੜਨ ਲੱਗ ਪਵੇਗਾ। ਮੈਂ ਆਪਣਾ ਕੰਮ ਇਹ ਸਮਝਾਂਗੀ ਕਿ ਜਤਨ ਕਰਾਂ ਤੇ ਸਮਝਾਂ ਕਿ ਤੂੰ ਮੈਨੂੰ ਕੀ ਸੁਨੇਹਾ ਭੇਜਣਾ ਚਾਹੁੰਦਾ ਹੈਂ, ਤੇਰੇ ਨੇੜ ਨੂੰ ਦਿਲੋਂ ਅਨੁਭਵ ਕਰਾਂਗੀ ਤੇ ਇਸ ਵਿੱਚ ਪ੍ਰਸੰਨ ਹੋਵਾਂਗੀ ਤੇ ਚੇਤੇ ਰਖਾਂਗੀ ਕਿ ਸਾਡੇ ਆਪੋ ਵਿੱਚ ਨੇੜੇ ਰਹਿਣ ਵਿੱਚ ਤਬਦੀਲੀ ਨਹੀਂ ਹੋਈ। ਮੈਂ ਸੋਗ ਨੂੰ ਇਹ ਜਾਣ ਕੇ ਕਿ ਵਿਘਨ ਪਾਉਣ ਵਾਲਾ ਹੈ, ਤਜ ਦਿਆਂਗੀ ਤੇ ਘਰ ਨੂੰ ਸਦਾ ਵਾਂਗ ਤੇਰਾ ਘਰ ਸਮਝ ਕੇ ਉਸੇ ਤਰ੍ਹਾਂ ਖੁਸ਼ੀ ਵਾਲਾ ਤੇ ਤੈਨੂੰ ਜੀ ਆਇਆਂ ਆਖਣ ਵਾਲਾ ਘਰ ਬਣਾਈ ਰੱਖਾਂਗੀ ਜਿਸ ਤਰ੍ਹਾਂ ਆਪਾਂ ਦੋਵੇਂ ਏਸ ਘਰ ਨੂੰ 'ਡਾਰਲਿੰਗ' ਲਈ ਸਮਝਦੇ ਰਹੇ ਹਾਂ। ਅਸਾਂ ਆਪੋ ਵਿੱਚ ਫੈਸਲਾ ਕਰ ਲਿਆ ਕਿ 'ਲੰਘ ਗਿਆ ਸਮਾਂ' ਕੁਝ ਨਹੀਂ, ਮੌਤ ਇਕ ਦਰਵਾਜ਼ਾ ਹੈ ਜਿਸ ਰਾਹੀਂ ਵੱਡੀ ਤੇ ਸੁਤੰਤਰ ਜ਼ਿੰਦਗੀ ਨੂੰ ਅਪੜੀਦਾ ਹੈ।

ਇਹ ਕੌਲ ਤੇ ਇਕਰਾਰ ਮੇਰੇ ਤੇ ਮੇਰੇ ਪੁੱਤਰ ਕ੍ਰਿਸਟੋਫ਼ਰ ਦੇ ਆਪੋ ਵਿੱਚ ਹੋਏ। ਮੈਂ ਇਹਨਾਂ ਕੀਤਿਆਂ ਬਚਨਾਂ ਨੂੰ ਆਪਣੀ ਜਾਨ ਨਾਲ ਨਿਭਾਵਾਂਗੀ। ਜਦ ਉਸਦੇ ਮਰਨ ਦੀ ਖ਼ਬਰ ਆਈ ਮੈਂ ਇਕਾਂਤ ਵਿਚ ਬਹਿ ਗਈ। ਅੱਗੇ ਮੈਂ ਜਾਣਦੀ ਸਾਂ ਉਹ ਮੋਰਚਿਆਂ ਵਿੱਚ ਹੈ ਹੁਣ ਮੈਂ ਜਾਣਦੀ ਹਾਂ ਉਹ ਮੇਰੇ ਕੋਲ ਹੈ। ਮੈਂ ਉਸ ਦਾ ਹੱਥ ਘੁੱਟ ਕੇ ਫੜ ਲੈਂਦੀ ਹਾਂ ਤੇ ਆਪਣੇ ਕੀਤੇ ਕੌਲ ਕਰਾਰਾਂ ਨੂੰ ਪਾਲਦੀ ਹਾਂ। ਮੌਤ ਹੋਵੇ ਅਜਿਹੀ ਹੀ ਹੋਵੇ, ਅਚਨਚੇਤ ਸੌਣਾ, ਦੂਜੇ ਪਾਸੇ ਅਚਨਚੇਤ ਜਾਗਣਾ, ਤੇ ਭੁੱਲਣ ਨੂੰ ਕੁਛ ਭੀ ਨਹੀਂ। ਮੈਂ ਇਹ ਲੰਮੀਆਂ ਰਾਤਾਂ ਇਸ ਤਰ੍ਹਾਂ ਬਿਤਾ ਰਹੀ ਹਾਂ ਜਿਵੇਂ ਉਸ ਦਾ ਹੱਥ ਫੜਕੇ ਉਸ ਨੂੰ ਜਗਾ ਰਹੀ ਹਾਂ ਤੇ ਉਹ ਸੁੰਘਣ ਵਾਲੀ ਦਵਾਈ ਦੀ ਬੇਹੋਸ਼ੀ ਵਿੱਚੋਂ ਹੋਸ਼ ਵਿੱਚ ਆ ਰਿਹਾ ਹੈ ਅਤੇ ਉਸਨੂੰ ਛੁੱਟ ਮੇਰੇ ਚੁੱਪ ਕੀਤੇ ਚੇਹਰੇ ਤੋਂ ਹੋਰ ਕਿਸੇ ਚੀਜ਼ ਦੀ ਲੋੜ ਨਹੀਂ। ਅਸੀਂ ਦੋਵੇਂ ਅਸਲੀਅਤ ਨੂੰ ਜਾਣਦੇ ਹਾਂ। ਕ੍ਰਿਸਟੋਫ਼ਰ ਮੈਥੋਂ ਪ੍ਰੇਮ ਅਤੇ ਤਾਕਤ ਦੀ ਝਾਕ ਰੱਖਦਾ ਸੀ ਮੈਂ ਉਸਦੀ ਇਸ ਝਾਕ ਨੂੰ ਪੂਰਾ ਕਰਾਂਗੀ। ਹੁਣ ਲੋੜ ਵੇਲੇ ਉਸ ਦੀ ਬਹੁੜੀ ਕਰਾਂਗੀ।

ਲੋਕ ਇਹ ਨਾ ਸਮਝਣ ਕਿ ਮੇਰੇ ਸੀਨੇ ਵਿਚੋਂ ਵਿਛੋੜੇ ਨਾਲ ਦੁੱਖ ਦੀਆਂ ਘ੍ਰਾਲਾਂ ਨਹੀਂ ਵਗਦੀਆਂ। ਨਹੀਂ, ਪਰ ਇਸ ਤੋਂ ਇਕ ਹੋਰ ਡੂੰਘਾ ਪਾਸਾ ਭੀ ਹੈ। ਇਹੀ ਕਾਰਨ ਹੈ ਕਿ ਮੈਂ ਬੈਠੀ ਦਿਨ ਰਾਤ ਕੋਸ਼ਿਸ਼ ਕਰ ਰਹੀ ਹਾਂ ਕਿ ਉਸ ਨੂੰ ਏਸ ਘਰ ਵਿੱਚ ਛੁੱਟ ਪਿਆਰ ਤੇ ਸੋਝੀ ਤੋਂ ਕਿ ਉਸ ਨੂੰ ਕੀ ਵਾਪਰਿਆ ਹੈ ਹੋਰ ਕੁਝ ਨਾ ਭਾਸੇ। ਉਹ ਝੱਬੇ ਹੀ ਦੂਜੇ ਪਾਸੇ ਆਪਣੇ ਆਪ ਵਿੱਚ ਆਕੇ ਸੋਝੀ ਪਾ ਲਵੇਗਾ, ਅਤੇ ਇਹ ਸੋਝੀ ਉਸਨੂੰ ਕੇਡੀ ਛੇਤੀ ਤੇ ਸੁਖੈਨ ਆਉਂਦੀ ਹੈ ਇਹ ਸਾਡੇ ਆਪਣੇ ਖ਼ਿਆਲਾਂ ਦੇ ਸਹਾਰੇ ਉੱਤੇ ਹੈ ਖਾਸ ਕਰਕੇ ਮੇਰੇ ਆਪਣੇ ਖ਼ਿਆਲਾਂ ਤੇ।

ਭਾਰ ਅਸਾਂ ਚੁੱਕਣਾ ਹੈ ਲਾਭ ਜਾਣ ਵਾਲੇ ਨੂੰ ਪਹੁੰਚੇਗਾ। ਕੇਡੀ ਖੁਸ਼ੀ ਦੀ ਗੱਲ ਹੈ ਕਿ ਮੈਂ ਭੀ ਛੇਤੀ ਹੀ ਉਸ ਕੋਲ ਅਪੜਾਂਗੀ ਤੇ ਫੇਰ ਅਸੀਂ ਕਦੇ ਵੱਖ ਨਹੀਂ ਹੋਵਾਂਗੇ। ਜ਼ਿੰਦਗੀ ਉਸ ਨੂੰ ਮੈਥੋਂ ਸਦਾ ਹੀ ਵਿਛੋੜਦੀ ਰਹੀ, ਪਹਿਲਾਂ ਸਕੂਲ ਫੇਰ ਸੈਂਡਰਸਟ (ਫ਼ੌਜੀ ਕਾਲਜ) ਫੇਰ ਜੰਗ। ਇਹ ਸਭ ਝਗੜੇ ਮਿਟ ਜਾਣਗੇ, ਇਕ ਵਾਰ ਲੱਭ ਕੇ ਉਸ ਨੂੰ ਫੇਰ ਪਰੇ ਨਹੀਂ ਹੋਣ ਦਿਆਂਗੀ। ਏਸ ਨੂੰ ਕੀ ਚਿਰ ਲੱਗਣਾ ਏ। ਜੁਗਾਂ ਜੁਗਾਂਤਰਾਂ ਦੇ ਮੁਕਾਬਲੇ ਵਿੱਚ ਇਹ ਸਮਾਂ ਕੀ ਹੈ। ਪਿਆਰ ਸਭ ਕੁਝ ਹੈ, ਮੌਤ ਕੁਛ ਭੀ ਨਹੀਂ।

੬

'ਜੋ ਕਹੂੰ ਕਾਲ ਤੇ ਭਾਜ ਕੇ ਬਾਚੀਅਤ...'

ਮੌਤ ਨਾਲੋਂ ਵਧੇਰੇ ਗੁੱਝਿ ਭੇਤ ਵਾਲਾ ਅਸਲ ਵਿੱਚ ਵਕਤ ਤੇ ਵਕਤ ਦਾ ਲੰਘਣਾ ਹੈ ਜਿਸ ਨੂੰ 'ਕਾਲ' (Time) ਆਖਦੇ ਹਨ। ਸਵੇਰੇ ਜਾਗਣ ਪਰ ਘੜੀ ਟਿਕ ਟਿਕ ਕਰਦੀ ਸੁਣੀਦੀ ਹੈ, ਸੂਈਆਂ ਚਲਦੀਆਂ ਹਨ, ਘੰਟੇ ਖੜਕਦੇ ਹਨ, ਰਾਤ ਪੈ ਜਾਂਦੀ ਹੈ ਤੇ ਜਦ ਮੁੜ ਨੀਂਦ ਆ ਜਾਂਦੀ ਹੈ ਤਾਂ ਆਖੀਦਾ ਹੈ ਅੱਜ ਦਾ ਦਿਨ ਲੰਘ ਗਿਆ, ਹੁਣ ਰਾਤ ਲੰਘੇਗੀ, ਕੱਲ ਫੇਰ ਦਿਨ ਚੜ੍ਹੇਗਾ। ਇਸੇ ਤਰ੍ਹਾਂ ਉਮਰਾਂ ਬਤੀਤ ਹੋ ਜਾਂਦੀਆਂ ਹਨ।

"ਸੁਬਹ ਹੋਤੀ ਹੈ ਸ਼ਾਮ ਹੋਤੀ ਹੈ,
ਉਮਰ ਯੂੰਹੀ ਤਮਾਮ ਹੋਤੀ ਹੈ।"

ਜੀਵਨ ਕੀ ਹੈ ਦਿਨ ਰਾਤ ਬਤੀਤ ਹੋਣ ਦਾ ਨਾਮ ਹੈ। ਜਨਮ ਹੋਇਆ ਤੇ ਇਨ੍ਹਾਂ ਘੜਿਆਲਾਂ ਦੀ ਟਨ ਟਨ ਆਰੰਭ ਹੋਈ, ਆਯੂ ਵਧੀ ਤੇ ਸੁਝ ਆ ਗਈ, ਜਵਾਨ ਹੋਏ, ਅਨੇਕਾਂ ਤਮਾਸ਼ੇ ਦੇਖੇ, ਅਨੇਕਾਂ ਦਿਨ ਤੇ ਰਾਤ ਬਿਤਾਏ, ਬੁਢੇ ਹੋਏ ਤੇ ਏਸੇ ਤਰ੍ਹਾਂ ਇਕ ਦਿਨ ਵੱਡੀ ਰਾਤ ਵਿੱਚ ਜਾ ਸਮਾਏ।

"ਦਿਨ ਤੇ ਪਹਰ, ਪਹਰ ਤੇ ਘੜੀਆਂ
ਆਵ ਘਟੈ ਤਨ ਛੀਜੈ।
ਕਾਲ ਹਨੇਰੀ ਫਿਰੈ ਬਧਕ ਜਿਉਂ
ਕਹੋ ਕਵਨ ਬਿਧ ਕੀਜੈ।"

ਸਭ ਕੁਝ ਹੋ ਸਕਦਾ ਹੈ ਪਰ ਜਨਮ ਪਾ ਕੇ ਏਸ ਦਿਨ ਰਾਤ ਦੇ ਸੱਚੇ ਵਿੱਚੋਂ ਏਸ ਕਾਲ ਰਾਜੇ ਦੇ ਘੇਰੇ ਵਿੱਚੋਂ ਨਿਕਲਣਾ ਮੁਸ਼ਕਲ ਹੈ। ਜਦੋਂ ਇਹ ਜਗਤ ਭਾਸਿਆ, ਇਹ ਦੇਸ਼ ਡਿੱਠਾ ਤਦ ਤੋਂ ਹੀ ਸਮਾਂ ਭਾਸਣ ਲੱਗਾ। ਦੇਸ਼ (Space) ਥਾਂ, ਫਾਸਲਾ ਤੇ ਕਾਲ (Time) ਸਮਾਂ, ਚਿਰ, ਕੱਠੇ ਹੀ ਹਨ। ਜਦ ਤੋੜੀ ਕਿਸੇ ਥਾਂ ਦਾ ਖ਼ਿਆਲ ਨਾ ਕਰੀਏ ਵਕਤ ਨਹੀਂ ਨੀਯਤ ਹੁੰਦਾ, ਜਦ ਤੋੜੀ ਸਮੇਂ ਦਾ ਵੇਰਵਾ ਨਾਲ ਨਾ ਹੋਵੇ ਕਿਸੇ ਥਾਂ ਦੀ ਸੋਝੀ ਨਹੀਂ ਹੁੰਦੀ।

ਡੱਡੂ ਨੂੰ ਖੂਹ ਵਿੱਚ ਪਾ ਦੇਈਏ ਉਸ ਲਈ ਖੂਹ ਦਾ ਪਾਣੀ ਜਿਸ ਵਿੱਚ ਉਹ ਹੈ ਤੇ ਅਸਮਾਨ ਜੋ ਉਸ ਨੂੰ ਉਪਰ ਦਿਸਦਾ ਹੈ ਦੋ ਚੀਜ਼ਾਂ ਭਾਸਦੀਆਂ ਹਨ ਤੇ ਜਾਂ ਆਪਣਾ ਆਪ। ਅਸੀਂ ਭੀ ਕੁਝ ਅਜਿਹੀ ਵਿਉਂਤ ਵਾਲੇ ਜਗਤ ਵਿੱਚ ਰੂਪ ਧਾਰਿਆ ਹੈ ਕਿ ਸਾਡਾ ਸਾਰਾ ਜੀਵਨ ਦੇਸ਼ ਤੇ ਕਾਲ ਦੇ ਫੰਦੇ ਤੋਂ ਬਾਹਰ ਨਿਕਲ ਨਹੀਂ ਸਕਦਾ।

ਪਰ ਕਾਲ ਦੀਆਂ ਕਈ ਸ਼ਕਲਾਂ ਹਨ। ਸੁੱਖ ਦੀਆਂ ਘੜੀਆਂ ਲੰਘਦੀਆਂ ਦਾ ਪਤਾ ਨਹੀਂ ਲੱਗਦਾ । ਦੁੱਖ ਦੇ ਮਿੰਟਾਂ ਵਿੱਚ ਘੜੀ ਦੀ ਇਕ ਇਕ ਟਿਕ ਲੁਹਾਰ ਦੇ ਹਥੌੜੇ ਵਾਂਗ ਪੈਂਦੀ ਹੈ। ਜਾਗਰਤ ਵਿੱਚ ਸਮਾਂ ਲੰਘਦਾ ਅੱਖੀਂ ਦਿਸਦਾ ਹੈ। ਸੁਪਨੇ ਵਿੱਚ ਸਾਰੀ ਰਾਤ ਬਾਰਾਂ ਘੰਟਿਆਂ ਦੀ ਲੰਘ ਜਾਂਦੀ ਹੈ ਪਰ ਘੜੀ ਦੀ ਇਕ ਟਿਕ ਜਿੰਨਾ ਭੀ ਸਮਾਂ ਲੰਘਿਆ ਨਹੀਂ ਭਾਸਦਾ। ਜੇਕਰ ਬਿਰਤੀ ਖਿੰਡੀ ਹੋਈ ਹੋਵੇ, ਘੜੀ ਤੇਜ਼ ਹੋ ਜਾਂਦੀ ਹੈ ਤੇ ਬਿਰਤੀ ਟਿਕ ਜਾਵੇ, ਘੜੀ ਵੀ ਬੰਦ ਹੋ ਜਾਂਦੀ ਹੈ। ਮਜਨੂੰ ਨੂੰ ਲੈਲਾ ਦਾ ਵਿਛੋੜਾ ਤੜਪਾ ਰਿਹਾ ਸੀ, ਤੇ ਘੜੀਆਂ ਵਰ੍ਹਿਆਂ ਵਾਂਗ ਲੰਘਦੀਆਂ ਸਨ, ਪਰ ਜਦ ਲੈਲਾ ਵੱਲ ਨੂੰ ਜਾਂਦਾ ਸਾਂਢਣੀ ਸਵਾਰ ਮਿਲਿਆ, ਮਜਨੂੰ ਕਈ ਕੋਹ ਸੁਨੇਹੇ ਦੇਂਦਾ ਲੰਘ ਗਿਆ। ਨਾ ਥਕੇਵਾਂ ਭਾਸਿਆ ਨਾ ਸਮੇਂ ਦਾ ਲੰਮ ਨਾ ਗੱਲਾਂ ਦਾ ਚੜ੍ਹਾਉ।

ਧਰਤੀ ਉੱਤੇ ਬੈਠਿਆਂ ਨੂੰ ਸੂਰਜ ਚੜ੍ਹਨ ਤੋਂ ਲੈ ਕੇ ਇਸਦੇ ਲੁਕ ਜਾਣ ਤੀਕ ਦੁਨੀਆਂ ਏਧਰ ਦੀ ਓਧਰ ਹੋ ਜਾਂਦੀ ਹੈ। ਕਿੰਨੇ ਪਹਿਰ, ਕਿੰਨੇ ਘੰਟੇ, ਘੰਟਿਆਂ ਵਿੱਚ ਕਿੰਨੇ ਪੈਂਤੜੇ, ਹਰ ਪੈਂਤੜੇ ਵਿੱਚ ਕਿੰਨੀਆਂ ਗੱਲਾਂ, ਕਿੰਨੇ ਸੌਦੇ, ਹਰ ਗੱਲ ਵਿੱਚ ਕਿੰਨੇ ਇਕਰਾਰ, ਕਿੰਨੀਆਂ ਆਸਾਂ ਤੇ ਉਮੰਗਾਂ, ਹਰ ਆਸ ਵਿੱਚ ਕਿੰਨੇ ਨਕਸ਼ੇ ਤੇ ਹੀਲੇ, ਹਰ ਨਕਸ਼ੇ ਵਿੱਚ ਕਿੰਨੇ ਰੰਗ। ਦਿਨ ਕੀ ਬੀਤਦਾ ਹੈ ਇਕ ਪਹਾੜ ਟਪੀਦਾ ਹੈ। ਪਰ ਜੇ ਧਰਤੀ ਤੋਂ ਉਡਾਰੀ ਮਾਰਕੇ ਕਿਸੇ ਅਸਮਾਨ ਵਿੱਚ ਤਾਰੇ ਵਾਂਗ ਜਾ ਲਮਕੀਏ ਏਸ ਧਰਤੀ ਦਾ ਦਿਨ ਅਤੇ ਰਾਤ ਇਕ ਬਾਲਕ ਦੀ ਖੁੱਦੋ ਦੇ ਪਾਸਾ ਮਾਰਕੇ ਰਿੜ੍ਹ ਪੈਣ ਨਾਲੋਂ ਕਿਵੇਂ ਵੱਧ ਹੈ ? ਅਸਮਾਨ ਵਿੱਚ ਲਟਕਦੇ ਸਤਾਰੇ ਓਹੀ ਹਨ ਜਿਨ੍ਹਾਂ ਦੀ ਛਾਵੇਂ ਮੇਰੇ ਦਾਦੇ ਦਿਆਂ ਦਾਦਿਆਂ ਨੇ ਹਲ ਵਾਹੇ ਤੇ ਦਾਣੇ ਕੇਰੇ ਸਨ, ਜਿਨ੍ਹਾਂ ਦੀ ਛਾਵੇਂ ਲਹਣੇ ਨੇ ਆਪਣੇ ਨਵੇਂ ਸਹੇੜੇ ਪੀਰ ਦੇ ਨੁਹਾਉਣ ਲਈ ਪਾਣੀ ਦੀਆਂ ਗਾਗਰਾਂ ਭਰੀਆਂ ਸਨ, ਕੌਰਵਾਂ ਪਾਂਡਵਾਂ ਨੇ ਦਰੋਪਦੀ ਦੇ ਸਤ ਨਾਲ ਜੂਆ ਖੇਲਿਆ ਸੀ, ਵੇਦ ਉਚਾਰੇ ਗਏ ਸਨ, ਨਹੀਂ ਨਹੀਂ ਏਸ ਤੋਂ ਢੇਰ ਲੰਮੇ ਚਿਰ

ਪਹਿਲੋਂ ਤੋਂ। ਕੋਈ ਕਹਿੰਦਾ ਹੈ ਫਲਾਣਾ ਸਤਾਰਾ ਐਨੇ ਹਜ਼ਾਰ ਮੀਲ ਦੀ ਰਫ਼ਤਾਰ ਨਾਲ ਭੌਂ ਰਿਹਾ ਹੈ, ਕੋਈ ਆਖਦਾ ਹੈ ਕਿ ਅਮਕਾ ਸਤਾਰਾ ਭਾਪ ਬਣੇ ਲੋਹੇ ਤੋਂ ਕਈ ਗੁਣਾਂ ਵਧ ਗਰਮ ਹੈ, ਮੇਰੇ ਭਾਣੇ ਏਸ ਧਰਤੀ ਤੇ ਬੈਠਿਆਂ ਕੇਵਲ ਏਨੀ ਗੱਲ ਹੈ ਕਿ ਇਹ ਸਤਾਰਾ ਅੱਗੇ ਹੈ ਸੀ ਹੁਣ ਹੈ ਤੇ ਅੱਗੇ ਨੂੰ ਹੋਸੀ। ਇਸੇ ਤਰ੍ਹਾਂ ਮੇਰੀ ਧਰਤੀ ਦਾ ਦਿਨ ਰਾਤ ਵੀ ਕੁਝ ਨਹੀਂ, ਅੱਖ ਦੇ ਫੋਰੇ ਜਿੰਨਾ ਭੀ ਨਹੀਂ ਪਰ ਮੈਨੂੰ ਭਾਸ ਰਿਹਾ ਹੈ ਕਿ ਬੜਾ ਲੰਮਾ ਸਮਾਂ ਹੈ। ਅਸਲ ਵਿੱਚ ਮਲੂਮ ਇਵ ਹੁੰਦਾ ਹੈ ਕਿ ਬਾਹਰ ਵੀ ਕੁਝ ਹੋਵੇਗਾ ਪਰ ਮੇਰੇ ਅੰਦਰਲੇ ਨੇ ਮੈਨੂੰ ਭੁਲੇਖਿਆਂ, ਤਮਾਸ਼ਿਆਂ, ਗੁੰਝਲਾਂ, ਝਮੇਲਿਆਂ ਤੇ ਧੋਖਿਆਂ ਵਿੱਚ ਪਾਇਆ ਹੋਇਆ ਹੈ। ਪਹਿਲਾਂ ਆਪਣੇ ਆਪ ਦਾ ਪਤਾ ਨਹੀਂ, ਬਾਹਰ ਨੂੰ ਕੀ ਸਮਝ ਸਕਦੇ ਹਾਂ।

ਏਹ ਭਾਸਦਾ ਹੈ ਕਿ ਸਮਾਂ ਲੰਘ ਰਿਹਾ ਹੈ, ਲੰਮੀਆਂ ਉਮਰਾਂ ਵਾਲੇ ਭੀ ਲੰਘਦੇ ਹਨ ਛੋਟੀਆਂ ਵਾਲੇ ਭੀ। ਪਰ ਸਭ ਨੂੰ ਆਪੋ ਆਪਣਾ ਜੀਵਨ ਸਾਰੇ ਜਗਤ ਦਾ ਧੁਰਾ ਜਾਪਦਾ ਹੈ। ਘੋੜਾ ਆਪਣੇ ਦਸ ਬਾਰਾਂ ਵਰ੍ਹਿਆਂ ਦੀ ਆਯੂ ਵਿੱਚ ਜਵਾਨੀ ਬੁਢੇਪੇ ਦੇ ਅਲਸੇਟੇ ਮੁਕਾ ਕੇ ਪਾਰ ਹੁੰਦਾ ਹੈ। ਕੁੱਤਾ ਪੰਜਾਂ ਸੱਤਾਂ ਸਾਲਾਂ ਵਿੱਚ ਹੀ ਜਿੰਨੇ ਚਿਰ ਵਿੱਚ ਮਨੁੱਖ ਦਾ ਬਾਲਕ ਮਸਾਂ ਸਕੂਲ ਜਾਣ ਜੋਗਾ ਹੁੰਦਾ ਹੈ ਆਪਣਾ ਸਭ ਲੈਣਾ ਦੇਣਾ ਮੁਕਾ ਲੈਂਦਾ ਹੈ, ਪਰ ਕੌਣ ਆਖ ਸਕਦਾ ਹੈ ਕਿ ਕੁੱਤਾ ਆਪਣੀ ਏਸ ਆਯੂ ਦੇ ਪੂਰੇ ਚੱਕਰ ਵਿੱਚ ਸਰੀਰ ਦੇ ਸਾਰੇ ਭੋਗ ਤੇ ਲਾਲਸਾ ਦੀ ਪੂਰੀ ਪੋਟਲੀ ਨੂੰ ਖਾਲੀ ਕਰਕੇ ਓਨਾ ਹੀ ਸੁਆਹ ਜਾਂ ਸੁਖ ਦੁੱਖ ਦਾ ਤਜਰਬਾ ਜਾਂ ਓਨੀ ਹੀ ਜਗਤ ਰਚਨਾ ਦਾ ਭੰਡਾਰਾ ਜਮਾਂ ਕਰ ਲੈਂਦਾ ਜੋ ਘੋੜਾ ਦਸਾਂ ਵਰ੍ਹਿਆਂ ਵਿੱਚ ਜਾਂ ਆਦਮੀ ਸੱਠਾਂ ਵਿੱਚ ਤੇ ਹਾਥੀ ਸੌ ਵਿੱਚ। ਕਾਂ ਤੇ ਕੱਛੂ ਦੀ ਆਯੂ ਸੌ ਵਰ੍ਹੇ ਦੱਸੀ ਗਈ ਹੈ, ਪਰ ਸੱਪਾਂ ਦੀ ਏਸ ਤੋਂ ਭੀ ਲੰਮੀ, ਪਰ ਜੇ ਹਜ਼ਾਰ ਵਰ੍ਹੇ ਦੀ ਆਯੂ ਹੋਵੇ ਤਦ ਤਕ ਕੀ, "ਜੇ ਸੌ ਵਰ੍ਹਿਆ ਜੀਵਣਾ ਭੀ ਤਨ ਹੋਸੀ ਖੇਹ"। ਵੇਖੋ ਗ਼ਰੀਬ ਪਤੰਗੇ ਦੀ ਦੀਰਘ ਆਯੂ, ਤ੍ਰਕਾਲਾਂ ਪਈਆਂ ਤਾਂ ਪਤੰਗੇ ਨੇ ਇਕ ਨਿੱਕੀ ਜਿਹੀ ਖੁੱਡ ਵਿੱਚੋਂ ਨਿਕਲ ਕੇ ਸਿੱਲ੍ਹੀ ਧਰਤੀ ਤੇ ਆ ਡੇਰੇ ਲਾਏ। ਓਧਰ ਜੋਤ ਜਗੀ ਏਧਰ ਪਤੰਗਾ ਜਵਾਨ ਹੋ ਗਿਆ। ਜਦ ਜੋਤ ਵੱਲ ਅੱਖੀਆਂ ਕੀਤੀਆਂ ਹੁਸਨ ਤੇ ਜਮਾਲ ਨੇ ਪਤੰਗੇ ਨੂੰ ਤੜਫਾਟ ਪਾ ਦਿੱਤਾ। ਉਸ ਦੇ ਅੰਗ ਫੜਕੇ ਤੇ ਉਹ ਧਰਤੀ ਤੋਂ ਉੱਡ ਕੇ ਯਾਰ ਦੀਆਂ ਪਰਕਰਮਾਂ ਲੈਣ ਲਗ ਪਿਆ। ਨੇੜੇ ਹੋਇਆ

ਤਾਂ ਸੇਕ ਲੱਗਾ ਪਰ ਜ਼ਿੰਦਗੀ ਕੀ ਤੇ ਪਿਆਰੇ ਦੇ ਸਕ ਤੋਂ ਝਿਜਕਣਾ ਕੀ? ਪੂਰਾ ਇਕ ਲੰਮਾ ਪਹਿਰ ਪਤੰਗੇ ਨੇ ਜੋਤ ਦੇ ਉਦਾਲੇ ਖ਼ਬਰੇ ਕਿੰਨੀਆਂ ਉਡਾਰੀਆਂ ਲਈਆਂ, ਕਿੰਨੇ ਵਾਰੀ ਵਿੱਚ ਵੱਜਾ, ਕਿੰਨੇ ਵਲਵਲੇ ਉਠੇ, ਕਿਸ ਤਰ੍ਹਾਂ ਬੁਝੇ, ਕਿੰਨੀਆਂ ਹਾਵਾਂ ਲਈਆਂ, ਕਿੰਨੀ ਤਪਸ਼ ਵਿੱਚ ਅੱਖੀਆਂ ਦੇ ਭਰਵੱਟੇ ਭੁੱਜੇ, ਮੁੜ ਮੁੜ ਭਵਾਟੀਆਂ ਲੈ ਲੈ ਯਾਰ ਦੇ ਹੁਸਨ ਤੋਂ ਸਭ ਕੁਝ ਵਾਰ ਸੁੱਟਿਆ। ਉਦਾਲੇ ਜਗਤ ਵਿੱਚ ਖਾਣ ਪੀਣ ਹੰਢਾਉਣ ਨੂੰ ਸਾਰੇ ਪਦਾਰਥ ਸਨ ਪਰ ਪਤੰਗਾ ਕੀ ਜਿਹੜਾ ਆਪਣੀ ਆਯੂ ਨੂੰ ਇਸ਼ਕ ਦਾ ਨਮੂਨਾ ਨਾ ਬਣਾਵੇ। ਨਾ ਥਕੇਵਾਂ ਨਾ ਅਕੇਵਾਂ, ਨਾ ਗੁੱਸੇ ਨਾ ਗਿੱਲੇ, ਨਾ ਕੋਈ ਸਾਕ ਨਾ ਕਿਸੇ ਦੀ ਸ਼ਾਕ ਕੇਵਲ ਇਕ ਦੀਦਾਰ ਯਾਰ ਤੋਂ ਕੁਰਬਾਨ। ਖੰਭ ਜਲ ਗਏ ਉਡਨੋਂ ਰਹਿ ਗਿਆ ਤੇ ਦੂਜੀ ਸਵੇਰ ਨਾ ਜੋਤ ਸੀ ਨਾ ਪਤੰਗਾ। ਕੌਣ ਆਖ ਸਕਦਾ ਹੈ ਕਿ ਪਤੰਗੇ ਦੀ ਤਿੰਨਾਂ ਘੰਟਿਆਂ ਦੀ ਆਯੂ ਵਿੱਚ ਆਦਮੀ ਦੀ ਅੱਧੀ ਆਯੂ ਨਾਲੋਂ ਪਿਆਰ, ਵਲਵਲੇ, ਆਸਾਂ, ਉਮੰਗਾਂ ਤੇ ਆਪਾਵਾਰੀਆਂ ਘੱਟ ਸਨ ਤੇ ਉਸ ਨੇ ਆਪਣੀ ਇਕ ਪਹਿਰ ਆਯੂ ਵਿੱਚ ਆਦਮੀ ਦੀ ਪੂਰੀ ਆਯੂ ਨਾਲੋਂ ਘੱਟ ਖੱਟੀ ਖੱਟੀ ਹੈ-ਜੇਕਰ ਤ੍ਰਿਸ਼ਨਾ ਦੇ ਬੁੱਝਣ ਦੇ ਰੱਜ ਨੂੰ ਤੇ ਤੇ ਨਾ ਬੁਝਣ ਦੀ ਸੱਧਰਾਂ ਨੂੰ ਖੱਟੀ ਸਮਝ ਲਈਏ। ਜਦ ਆਪਣੀ ਉਮਰ ਵੱਲ ਤੱਕਦੇ ਹਾਂ ਤਾਂ ਆਖਦੇ ਹਾਂ ਉਮਰ ਇਂਜ ਲੰਘ ਗਈ ਹੈ ਜਿਵੇਂ ਕੱਲ ਜੰਮੇ ਸਾਂ। ਜਦ ਸਿਨੇਮਾ ਵੇਖਣ ਜਾਨੇ ਹਾਂ ਤਾਂ ਵਾਰਤਾ ਦੇ ਨਾਲ ਅਸੀਂ ਵੀ ਬਾਲੋਂ ਜੁਆਨ ਤੇ ਜੁਆਨੋਂ ਬਿਰਧ ਹੁੰਦੇ ਹਾਂ, ਸਾਡੀ ਆਪਣੀ ਆਯੂ ਨਾਲੋਂ ਵਧੇਰੇ ਉੱਚੀਆਂ ਸੁਆਦਲੀਆਂ ਜਿੰਦਾਂ ਨੂੰ ਪਰਦੇ ਤੇ ਆਉਂਦੀਆਂ ਜਾਂਦੀਆਂ ਪ੍ਰਫੁੱਲਤ ਹੁੰਦੀਆਂ ਵੇਖਦੇ ਹਾਂ। ਉਨ੍ਹਾਂ ਦੀ ਖੁਸ਼ੀਆਂ ਵਿੱਚ ਖੁਸ਼ੀ ਸੋਗਾਂ ਵਿੱਚ ਸੋਗ, ਹਾਉਕਿਆਂ ਵਿਚ ਹਾਉਕੇ ਤੇ ਮੁਸ਼ਕਲਾਂ ਵਿੱਚ ਮੁਸ਼ਕਲ, ਅਸੀਂ ਵੀ ਨਾਲੋਂ ਨਾਲ ਕਹਾਣੀ ਦੇ ਉਤਾਰ ਚੜ੍ਹਾਉ ਵਿੱਚ ਪ੍ਰਛਾਵੇਂ ਵਾਂਗ ਉਨ੍ਹਾਂ ਦਾ ਹੀ ਰੂਪ ਬਣ ਜਾਂਦੇ ਹਾਂ, ਉਨ੍ਹਾਂ ਦਾ ਜੀਵਨ ਆਪ ਬਤੀਤ ਕਰਦੇ ਹਾਂ। ਓਧਰੋਂ ਤਮਾਸ਼ਾ ਮੁਕਦਾ ਹੈ ਓਧਰ ਅਸੀਂ ਆਪਣੀ ਅਸਲੀ ਦੁਨੀਆਂ ਵਿੱਚ ਆ ਜਾਂਦੇ ਹਾਂ, ਤਦ ਮਾਲੂਮ ਹੁੰਦਾ ਹੈ ਕਿ ਉਨ੍ਹਾਂ ਦੋ ਢਾਈ ਘੰਟਿਆਂ ਵਿੱਚ ਇਕ ਪੂਰੇ ਜੀਵਨ ਦੀ ਵਾਰਤਾ ਦੇ ਕਈ ਪਾਸੇ ਆਪ ਚਖ ਆਏ ਹਾਂ।

ਇਨ੍ਹਾਂ ਸਾਰੀਆਂ ਗੱਲਾਂ ਤੋਂ ਮਾਲੂਮ ਹੁੰਦਾ ਹੈ ਕਿ ਸਮਾਂ ਜਾਂ ਕਾਲ ਅਸਲ ਵਿੱਚ ਕੁਝ ਆਪਣੇ ਮਨ ਦਾ ਅਕਸ ਹੈ। ਮਨੁੱਖ ਦੇ ਮਨ ਨੇ ਹੀ ਇਸ

ਦਾ ਰੂਪ ਬਣਾਇਆ ਹੈ ਅਥਵਾ ਉਸ ਦਸ਼ਾ ਵਿੱਚ ਜਦ ਅਸਲੀਅਤ ਪ੍ਰਗਟ ਹੋਵੇਗੀ (ਜਦ ਇਹ ਸਰੀਰ ਨਹੀਂ ਹੋਵੇਗਾ), ਉਹ ਸਦੀਵੀ ਜੀਵਨ ਦੇਸ਼ ਕਾਲ ਰਹਿਤ ਹੋਵੇਗਾ।

"ਬੇਗਮ ਪੁਰਾ ਸ਼ਹਿਰ ਕੋ ਨਾਉਂ,
ਦੂਖ ਅੰਧੋਹ ਨਹੀਂ ਤਹ ਨਾਉ"

ਸ਼ੇਰ ਦੇ ਬੱਚੇ ਨੂੰ ਛੋਟੇ ਹੁੰਦਿਆਂ ਹੀ ਪਿੰਜਰੇ ਵਿੱਚ ਪਾ ਦਈਏ, ਉਸਨੂੰ ਆਪਣੀ ਜੰਗਲੀ ਬਾਦਸ਼ਾਹੀ ਅਤੇ ਜੰਗਲ ਦੀ ਖੁਲ੍ਹ ਤੇ ਮੌਜ ਦਾ ਖ਼ਿਆਲ ਨਹੀਂ ਆ ਸਕਦਾ। ਇਸੇ ਤਰ੍ਹਾਂ ਸਾਨੂੰ ਇਸ ਦੇਸ਼-ਕਾਲ-ਵਸ ਸਰੀਰ ਦੇ ਪਿੰਜਰੇ ਵਿੱਚ ਪਾਇਆ ਗਿਆ ਹੈ ਜਾਂ ਅਸੀਂ ਆ ਗਏ ਹਾਂ। ਸਾਨੂੰ ਉਸ ਆਜ਼ਾਦੀ ਤੇ ਮੌਜ ਦੀ ਯਾਦ ਭੁੱਲ ਗਈ ਹੈ ਜੋ ਕਿ ਸਰੀਰ ਦੇ ਬਿਨਾਂ ਸਾਨੂੰ ਪ੍ਰਾਪਤ ਹੋ ਸਕਦੇ ਹਨ।

"ਹਰ ਠਗ ਜਗ ਕੌ ਠਗੌਰੀ ਲਾਈ।"

ਆਖਦੇ ਹਨ ਕਾਲ ਦੇ ਤਿੰਨ ਹਿੱਸੇ ਹਨ, ਭੂਤ ਅਥਵਾ ਉਹ ਸਮਾਂ ਜੋ ਲੰਘ ਗਿਆ ਹੈ, ਭਵਿੱਖਤ ਅਥਵਾ ਉਹ ਸਮਾਂ ਜੋ ਆਇਆ ਨਹੀਂ ਆਉਣ ਵਾਲਾ ਹੈ ਤੇ ਵਰਤਮਾਨ ਅਥਵਾ ਉਹ ਸਮਾਂ ਜੋ ਹੁਣ ਲੰਘ ਰਿਹਾ ਹੈ। ਆਖਦੇ ਹਨ ਕਿ ਅਸੀਂ ਕੇਵਲ ਵਰਤਮਾਨ ਵਿੱਚ ਰਹਿੰਦੇ ਹਾਂ ਭੂਤ ਲੰਘ ਗਿਆ ਉਹ ਵੀ ਨਹੀਂ ਤੇ ਭਵਿੱਖਤ ਹਾਲਾਂ ਆਇਆ ਹੀ ਨਹੀਂ। ਲੰਘ ਰਹੇ ਸਮੇਂ ਨੂੰ ਇਕ ਅਜਿਹੇ ਨਾ-ਮੁੱਕਣ ਵਾਲੇ ਪਰਦੇ ਵਾਂਗ ਆਖਿਆ ਜਾ ਸਕਦਾ ਹੈ ਜੋ ਇਕ ਪਾਸਿਓਂ ਇਕ ਗੋਲ ਲੱਠ ਉੱਤੋਂ ਉੱਧੜ ਰਿਹਾ ਹੈ ਤੇ ਵਿਚਕਾਰ ਇਸ ਦਾ ਥੋੜ੍ਹਾ ਜਿਹਾ ਹਿੱਸਾ ਵੇਖਣ ਵਾਲਿਆਂ ਨੂੰ ਨਜ਼ਰ ਆਉਂਦਾ ਰਹਿੰਦਾ ਹੈ। ਸਮਝੋ ਕਿ ਜਿਥੋਂ ਉੱਧੜ ਰਿਹਾ ਹੈ ਉਹ ਭਵਿੱਖਤ ਹੈ ਤੇ ਜਿਥੇ ਵਲਿਆ ਜਾ ਰਿਹਾ ਹੈ ਉਹ ਭੂਤ ਹੈ, ਲੰਘ ਗਿਆ ਹੈ ਤੇ ਮਾੜਾ ਜਿਹਾ ਇਕ ਅੱਖ ਦੇ ਫੋਰੇ ਵਾਂਗ ਸਾਹਮਣੇ ਵਰਤਮਾਨ ਹੈ। ਗਹੁ ਨਾਲ ਵੇਖੀਏ ਤਾਂ ਵਰਤਮਾਨ ਤਾਂ ਹੈ ਹੀ ਨਹੀਂ, ਜਿਸ ਤਰ੍ਹਾਂ ਇਕ ਨੁਕਤਾ ਤੁਛ ਹੈ, ਨਜ਼ਰ ਪਈ ਨਹੀਂ ਤੇ ਭੂਤ ਹੋਇਆ ਨਹੀਂ, ਵਰਤਮਾਨ ਜਦ ਹੋਣ ਲੱਗਦਾ ਹੈ ਝੱਟ ਲੰਘ ਜਾਂਦਾ ਹੈ। ਬਾਕੀ ਰਹਿ ਗਏ ਭੂਤ ਤੇ ਭਵਿੱਖਤ, ਭੂਤ ਜੋ ਲੰਘ ਗਿਆ ਸੀ ਸਦਾ ਲਈ ਗਿਆ, ਤੇ ਭਵਿੱਖਤ ਕਿਸੇ ਡਿੱਠਾ ਨਹੀਂ। ਸਵਾਲ ਉਠਦਾ ਹੈ ਕਿ ਅਸੀਂ ਕਿਸ ਸਮੇਂ ਵਿੱਚ ਹਾਂ। ਇਹ ਇੱਕ ਅੜੌਣੀ ਹੈ ਜਿਸ ਦਾ ਜਵਾਬ ਕਹਿਣ ਵਿੱਚ ਨਹੀਂ ਆ ਸਕਦਾ।

ਇਹ ਆਖਣਾ ਕਿ ਅਸੀਂ ਕੇਵਲ ਵਰਤਮਾਨ (Present) ਵਿੱਚ ਰਹਿ ਰਹੇ ਹਾਂ ਅਥਵਾ ਭੂਤ ਤੇ ਭਵਿੱਖਤ ਕੋਈ ਚੀਜ਼ ਨਹੀਂ, ਠੀਕ ਨਹੀਂ ਜਾਪਦਾ। ਸਗੋਂ ਵਰਤਮਾਨ ਵਿੱਚ ਚਮਤਕਾਰ ਰੂਪੀ ਮ੍ਰਿਗਤ੍ਰਿਸ਼ਨਾ ਜਿਹੀ ਹੈ ਜਿਸ ਨੂੰ ਨਾ ਵੇਖ ਸਕਦੇ ਹਾਂ ਨਾ ਠਲ੍ਹ ਸਕਦੇ ਹਾਂ, ਨਾ ਉਂਗਲੀ ਰੱਖ ਕੇ ਆਖ ਸਕਦੇ ਹਾਂ ਕਿ ਆਹ ਵਰਤਮਾਨ ਹੈ। ਮੋਟਰ ਦੂਰੋਂ ਉੜੀ ਆਉਂਦੀ ਹੈ, ਕੋਲ ਆਉਂਦੀ ਹੀ ਲੰਘ ਜਾਂਦੀ ਹੈ। ਸਮਾਂ ਇਸ ਤੋਂ ਵੀ ਵਧੇਰੇ ਤੇਜ਼ ਹੈ। ਜਦ ਤੇਜ਼ੀ ਮੋਟਰ ਨੂੰ ਖਲਿਆਰੀਏ ਨਾ ਹੱਥ ਨਹੀਂ ਰੱਖ ਸਕਦੇ। ਵਰਤਮਾਨ ਸਮਾਂ ਕੁਝ ਵੀ ਨਹੀਂ, ਨੁਕਤੇ ਦਾ ਸੌਵਾਂ ਹਿੱਸਾ ਜਿੰਨਾ ਵੀ ਸਾਹਮਣੇ ਨਹੀਂ ਆਉਂਦਾ, ਇਕ ਤਰ੍ਹਾਂ ਆਉਂਦਾ ਪਿਛੋਂ ਹੈ ਲੰਘ ਪਹਿਲੋਂ ਜਾਂਦਾ ਹੈ। ਸੋ ਵਰਤਮਾਨ ਵਿੱਚ ਅਸਾਂ ਕੀ ਰਹਿਣਾ ਹੋਇਆ, ਅਸੀਂ ਤਿੰਨਾਂ ਸਮਿਆਂ ਵਿੱਚ ਹਾਂ, ਪਿਛਲੀਆਂ ਯਾਦਾਂ, ਡਿੱਠੇ ਨਜ਼ਾਰੇ ਤੇ ਲੰਘ ਗਏ ਤਜਰਬੇ ਸਾਡੇ ਅੰਗ ਸੰਗ ਹਨ। ਆਉਣ ਵਾਲੀਆਂ ਆਸਾਂ ਉਮੰਗਾਂ ਦਿਲ ਵਿੱਚ ਪੁੰਗਰਦੀਆਂ ਕਰੂੰਬਲਾਂ ਵਾਂਗ ਤਾਂਘ ਰਹੀਆਂ ਹਨ, ਸਗੋਂ ਸਿੱਧ ਹੋ ਰਿਹਾ ਹੈ ਕਿ ਅਸੀਂ ਭੂਤ ਤੇ ਭਵਿੱਖਤ ਦੋਹਾਂ ਵਿੱਚ ਹਾਂ ਅਰਥਾਤ ਅੱਗੇ ਹੈਸਾਂ, ਹੁਣ ਹੋਵਾਂਗੇ। ਅਸੀਂ ਸਦੀਵੀ ਹਾਂ, ਸਮਾਂ ਜਾਂ ਕਾਲ ਸਾਨੂੰ ਗ੍ਰਸ ਕੇ ਕਿਤੇ ਬਾਹਰ ਨਹੀਂ ਕੱਢ ਸਕਦਾ।

ਆਮ ਗੱਲ ਹੈ ਕਿ ਕਈ ਵਾਰ ਸੁਪਨੇ ਵਿਚ ਭਵਿੱਖਤ ਦੀਆਂ ਗੱਲਾਂ ਦਿਸ ਪੈਂਦੀਆਂ ਹਨ। ਜੇਕਰ ਭਵਿੱਖਤ ਉੱਕਾ ਹੀ ਬੇ-ਮਲੂਮ ਹੋਵੇ, ਇਸ ਤਰ੍ਹਾਂ ਉੱਘੜ ਨਾ ਜਾਇਆ ਕਰੇ। ਸੁਪਨਿਆਂ ਨੂੰ ਯਾਦ ਰੱਖਣ ਦਾ ਸਾਧਨ ਘੱਟ ਬੰਦਿਆਂ ਨੂੰ ਹੁੰਦਾ ਹੈ ਨਹੀਂ ਤਾਂ ਆਉਣ ਵਾਲੀਆਂ ਕਈ ਗੱਲਾਂ ਦਾ ਪਤਾ ਸੁਪਨਿਆਂ ਵਿੱਚ ਹੀ ਲੱਗ ਜਾਇਆ ਕਰੇ। ਸਾਈਕਿਕ ਰੀਸਰਚ ਸੋਸਾਇਟੀ (ਜਿਸ ਦਾ ਜ਼ਿਕਰ ਪਹਿਲੇ ਆ ਚੁੱਕਾ ਹੈ) ਦੀ ਖੋਜ ਵਿੱਚ ਵੀ ਕਾਲ ਸੰਬੰਧੀ ਕਈ ਗੱਲਾਂ ਆਈਆਂ ਹਨ ਜਿਨ੍ਹਾਂ ਤੋਂ ਪਤਾ ਪਹਿਲੋਂ ਲੱਗ ਜਾਂਦਾ ਹੈ। ਜਿਸ ਤੋਂ ਸਿੱਧ ਹੋਇਆ ਕਿ ਜਿਸ ਨੂੰ ਅਸੀਂ ਭਵਿੱਖਤ ਆਖਦੇ ਹਾਂ ਉਹ ਐਸ ਵੇਲੇ ਵੀ ਕਿਤੇ ਹੈ ਤੇ ਉਸਦਾ ਪਤਾ ਵੀ ਲੱਗ ਸਕਦਾ ਹੈ। ਸੰਨ ੧੯੦੩ ਦੀ ਦਸ ਜੂਨ ਨੂੰ ਰੂਹਾਂ ਨਾਲ ਗੱਲਾਂ ਕੀਤੀਆਂ ਜਾ ਰਹੀਆਂ ਸਨ ਕਿ ਯਕਾਯਕ ਇਕ ਆਦਮੀ ਦਾ ਨਾਉਂ ਆਇਆ ਕਿ ਉਸ ਨੇ ਕਿਸੇ ਵੱਡੇ ਆਦਮੀ (ਜਾਂ ਇਸਤ੍ਰੀ) ਦਾ ਖ਼ੂਨ ਕਰ ਦਿੱਤਾ ਹੈ। ਇਹ ਰਾਤ ਦੇ ਸਾਢੇ ਦਸ ਵਜੇ ਦੀ ਗੱਲ ਸੀ। ਇਸ ਤੋਂ ਦੋ ਦਿਨ ਉਪਰੰਤ ਮੁਲਕ ਸਰਵੀਆ ਦੀ ਮਲਕਾ ਡਰਾਗਾ ਦੇ ਕਤਲ ਦੀ ਖ਼ਬਰ ਆ ਗਈ। ੨੬ ਅਪ੍ਰੈਲ ਸੰਨ ੧੯੨੫ ਨੂੰ ਸਰ ਆਲੀਵਰ ਲਾਜ ਪੈਰਿਸ ਵਿੱਚ ਕੁਝ ਹੋਰ ਦੋਸਤਾਂ ਸਣੇ

ਰੇਮੰਡ ਦੀ ਰੂਹ ਨਾਲ ਗੱਲਾਂ ਕਰ ਰਹੇ ਸਨ ਕਿ ਯਕਾਯਕ ਉਸ ਨੇ ਆਖਿਆ– 'ਹਿਡਨਬਰਗ ਵਿੱਚ ਆ ਵੜਿਆ ਹੈ ਮੈਂ ਤਮਾਸ਼ਾ ਵੇਖਣ ਚਲਿਆ ਹਾਂ।' ਇਹ ਕਹਿ ਕੇ ਰੂਹ ਚਲੀ ਗਈ। ਦੂਜੇ ਦਿਨ ੨੭ ਤਾਰੀਖ ਨੂੰ ਹਿਡਨਬਰਗ ਦੇ ਜਰਮਨੀ ਦੇ ਪ੍ਰੈਜ਼ੀਡੈਂਟ ਬਣ ਜਾਣ ਦੀ ਖ਼ਬਰ ਆ ਗਈ। ਦਸਦੇ ਹਨ ਕਿ ਇਕ ਅੰਗਰੇਜ਼ ਦੇ ਚਾਰ ਪੁੱਤਰ ਸਨ, ਜਿਨ੍ਹਾਂ ਵਿਚੋਂ ਦੂਜਾ ਪੁੱਤਰ ਅਮਰੀਕਾ ਵਿੱਚ ਚਲਿਆ ਗਿਆ ਸੀ। ਉਸ ਨੇ ਵਸੀਅਤ ਕਰ ਦਿੱਤੀ ਜਿਸ ਨਾਲ ਸਾਰੀ ਜਾਇਦਾਦ ਤਿਨਾਂ ਪੁੱਤਰਾਂ ਨੂੰ ਦੇ ਦਿੱਤੀ। ਅਮਰੀਕਾ ਵਾਲੇ ਪੁੱਤਰ ਨੂੰ ਇਸ ਗੱਲ ਤੋਂ ਬੜੀ ਨਿਰਾਸਤਾ ਹੋਈ ਤੇ ਫਿਕਰ ਹੋਇਆ। ਉਸ ਨੂੰ ਸੁਪਨਾ ਆਇਆ ਕਿ ਖਾਨਦਾਨ ਦੀ ਅੰਜੀਲ ਦਾ ਫਲਾਣਾ ਸਫ਼ਾ ਖੋਲ੍ਹ। ਜਾਗ ਕੇ ਉਸ ਨੇ ਉਹ ਸਫ਼ਾ ਖੋਲ੍ਹਿਆ ਤਾਂ ਵਿਚੋਂ ਇਕ ਬਰੀਕ ਕਾਗਜ਼ ਨਿਕਲਿਆ ਜੋ ਕਿ ਉਸ ਦੇ ਪਿਓ ਦੀ ਦੂਜੀ ਵਸੀਅਤ ਸੀ ਤੇ ਇਸ ਨਾਲ ਉਸਨੂੰ ਹਿੱਸਾ ਜਾਇਦਾਦ ਦਾ ਮਿਲ ਗਿਆ।

ਸਰ ਆਲੀਵਰ ਲਾਜ ਦੇ ਟੱਬਰ ਦੀ ਜ਼ਿੰਦਗੀ ਵਿੱਚ ਭਵਿੱਖਤ ਦੇ ਪਤਾ ਲੱਗਣ ਦਾ ਇਕ ਡਾਢਾ ਅਜਬ ਵਰਤਾਂਤ ਆਇਆ। ਸੰਨ ੧੯੧੩ ਵਿੱਚ ਲੇਡੀ ਲਾਜ (ਸਰ ਆਲੀਵਰ ਲਾਜ ਦੀ ਸੁਪਤਨੀ) ਲੰਡਨ ਵਿੱਚ ਇਕ ਵਿਚੋਲਣ ਮੈਡਮ ਵੀਰਾ ਦੁਆਰਾ ਰੂਹਾਂ ਨਾਲ ਨੋਟ ਲੈ ਰਹੀ ਸੀ। ਮੈਡਮ ਵੀਰਾ ਬੋਲੀ ਕਿ ਉਨ੍ਹਾਂ ਦੇ ਟੱਬਰ ਨੂੰ ਇਕ ਅਜਿਹੇ ਘਰ ਵਿੱਚ ਵੇਖ ਰਹੀ ਹਾਂ ਜੋ ਨੀਵਾਂ ਹੈ, ਪੁਰਾਣੇ ਓਕ (ਲਕੜੀ ਦੀ ਕਿਸਮ) ਦਾ ਬਣਿਆ ਹੋਇਆ ਹੈ। ਇਕ ਦਰਵਾਜ਼ਾ ਗਿਰਜਿਆਂ ਵਰਗਾ ਹੈ, ਕੋਲ ਨਦੀ ਹੈ ਤੇ ਸਾਰਾ ਟੱਬਰ ਖੁਸ਼ ਹੈ। ਸੰਨ ੧੯੧੪ ਵਿੱਚ ਰੇਮੰਡ ਵੱਲੋਂ ਸੁਨੇਹਾ ਆਇਆ ਕਿ ਮਾਂ ਨੂੰ ਆਖੋ ਘਰ ਲੱਭਣਾ ਬੰਦ ਕਰ ਦੇਵੇ ਮੈਂ ਲੱਭ ਲਿਆ ਹੈ। ਟੱਬਰ ਨੂੰ ਘਰ ਦੀ ਤਲਾਸ਼ ਚਿਰ ਤੋਂ ਸੀ। ਇਹ ਗੱਲਾਂ ਭੁੱਲ ਭੁਲਾ ਗਈਆਂ। ਸੰਨ ੧੯੨੦ ਵਿੱਚ ਇਕ ਦੋਸਤ ਨੇ ਇਨ੍ਹਾਂ ਲਈ ਇਕ ਘਰ ਦਾ ਬੰਦੋਬਸਤ ਕਰ ਦਿੱਤਾ ਜਿਸ ਵਿੱਚ ਉਹ ਜਾ ਕੇ ਰਹਿਣ ਲੱਗ ਪਏ। ਹੌਲੀ-ਹੌਲੀ ਪੁਰਾਣੇ ਨੋਟ ਕੀਤੇ ਹੋਏ ਹੱਥ ਲੱਗ ਗਏ ਤਾਂ ਸਾਰੇ ਟੱਬਰ ਨੂੰ ਬੜੀ ਹੈਰਾਨੀ ਹੋਈ ਕਿ ਰੂਹਾਂ ਨੇ ਸਤ ਸਾਲ ਪਹਿਲੋਂ ਇਸ ਘਰ ਵਿੱਚ ਆ ਕੇ ਰਹਿਣ ਦਾ ਪਤਾ ਦਿੱਤਾ ਸੀ ਤੇ ਘਰ ਦੀ ਬਨਾਵਟ ਹੂ-ਬਹੂ ਦਸ ਦਿੱਤੀ ਸੀ ਮਾਨੋਂ ਜਿਸ ਨੂੰ ਅਸੀਂ ਗੁਪਤ ਭਵਿੱਖਤ ਸਮਾਂ ਆਖਦੇ ਹਾਂ ਉਹ ਵੀ ਕਿਤੇ ਪਹਿਲਾਂ ਹੀ ਧਰਿਆ ਧਰਾਇਆ ਪਿਆ ਸੀ ਨਹੀਂ ਤਾਂ ਪਤਾ ਕਿਸ ਤਰ੍ਹਾਂ ਲੱਗ ਸਕਦਾ ਸੀ।

ਹੇਠ ਲਿਖੇ ਚਾਰ ਸਚੇ ਵਿਰਤਾਂਤ ਅਮਰੀਕਾ ਦੇ ਮਸ਼ਹੂਰ ਮਾਸਕ ਰਸਾਲੇ "ਰੀਡਰਜ਼ ਡਾਈਜੇਸਟ" ਜੁਲਾਈ ਸੰਨ ੧੯੩੯ ਦੇ ਪੰਨਾ ੪੦ ਤੋਂ ਲਏ ਹਨ, ਕਿਤਾਬਾਂ ਅਤੇ ਲਿਖਾਰੀਆਂ ਦਾ ਵੇਰਵਾ ਵੀ ਉਥੇ ਦਿੱਤਾ ਹੋਇਆ ਹੈ।

ਫਿਲੈਡਲਫੀਆ ਦਾ ਪ੍ਰਸਿੱਧ ਡਾਕਟਰ ਮਿੱਚਲ ਦਿਮਾਗੀ ਰੋਗਾਂ ਦਾ ਮਾਹਰ ਸਾਰੇ ਦਿਨ ਦਾ ਥਕਿਆ ਮਾਂਦਾ ਹਾਲਾਂ ਸੋਣ ਲਈ ਮੰਜੇ ਉੱਤੇ ਪਿਆ ਹੀ ਸੀ ਕਿ ਉਸਦੀ ਘੰਟੀ ਬੜੇ ਜ਼ੋਰ ਨਾਲ ਵੱਜੀ, ਉਠ ਕੇ ਵੇਖਿਆ ਕਿ ਬੂਹੇ ਵਿੱਚ ਇਕ ਨਿਮਾਣੀ ਜਿਹੀ ਲ਼ਹੁੜੀ ਮਾੜੇ ਜਿਹੇ ਬਸਤਰ ਪਹਿਨੀ ਖਲੋਤੀ ਆਖ ਰਹੀ ਹੈ "ਜੀ ਮੇਰੀ ਮਾਂ ਬੀਮਾਰ ਹੈ, ਚਲੋਗੇ ਨਾ, ਜ਼ਰੂਰ"। ਬਾਹਰ ਬਰਫ਼ ਪੈ ਰਹੀ ਸੀ ਤੇ ਠੱਕਾ ਵਗ ਰਿਹਾ ਸੀ। ਡਾਕਟਰ ਨੇ ਪਹਿਲਾਂ ਜ਼ਰਾ ਕੁੜੀ ਨੂੰ ਤੁਣਕਿਆ। ਪਰ ਉਸ ਦੀ ਤਰਜ਼ ਅਤੇ ਬੋਲ ਵਿੱਚ ਕੁਝ ਅਜਿਹਾ ਬੋਲ ਸੀ ਕਿ ਡਾਕਟਰ ਆਪਣੀ ਤੇਜ਼ੀ ਤੇ ਪਸ਼ੇਮਾਨ ਹੋ ਕੇ ਕੱਪੜੇ ਪਾ ਕੇ ਨਾਲ ਟੁਰ ਪਿਆ। ਜਾ ਕੇ ਡਿੱਠਾ ਕਿ ਮਾਂ ਵਿਚਾਰੀ ਨਮੂਨੀਏ ਨਾਲ ਡਿੱਗੀ ਹੋਈ ਹੈ। ਦਵਾਈ ਤੇ ਟਹਿਲ ਦਾ ਸਾਰਾ ਪ੍ਰਬੰਧ ਹੋ ਚੁੱਕਾ ਤਾਂ ਡਾਕਟਰ ਆਪਣੇ ਜਾਣੇ ਮਾਂ ਦੀ ਸ਼ਲਾਘਾ ਕਰਨ ਲੱਗਾ ਕਿ ਤੇਰੀ ਧੀ ਬੜੀ ਸਿਆਣੀ ਤੇ ਸਿਰੜੀ ਹੈ। ਕਮਜ਼ੋਰ ਜਿਹੀ ਆਵਾਜ਼ ਨਾਲ ਜਵਾਬ ਮਿਲਿਆ "ਮੇਰੀ ਧੀ ? ਮੇਰੀ ਧੀ ਤਾਂ ਮਰੀ ਨੂੰ ਮਹੀਨਾ ਹੋਣ ਲੱਗਾ ਹੈ, ਔਹ ਸਾਹਮਣੇ ਅਲਮਾਰੀ ਵਿੱਚ ਉਸ ਦੀ ਜੁੱਤੀ ਤੇ ਮੋਢੇ ਦਾ ਸ਼ਾਲ ਪਏ ਹਨ।" ਡਾਕਟਰ ਮਿੱਚਲ ਹੈਰਾਨ ਤੇ ਚੌਂਕ੍ਰਿਤ ਹੋਏ ਨੇ ਇਹ ਦੋ ਚੀਜ਼ਾਂ ਕੱਢ ਕੇ ਵੇਖੀਆਂ ਕਿ ਐਨ ਉਹੋ ਚੀਜ਼ਾਂ ਲੜਕੀ ਨੇ ਪਾਈਆਂ ਹੋਈਆਂ ਸਨ ਜੋ ਬੁਲਾਉਣ ਆਈ ਸੀ, ਚੀਜ਼ਾਂ ਨਿੱਘੀਆਂ ਸਨ ਅਰਥਾਤ ਬਾਹਰ ਬਰਫ਼ ਵਿਚੋਂ ਨਹੀਂ ਸਨ ਆਈਆਂ।

ਅਮਰੀਕਾਂ ਦੇ ਪ੍ਰਸਿੱਧ ਮਖੌਲੀਏ ਮਾਰਕ ਟਵੇਨ ਨੂੰ ਸੁਪਨਾ ਆਇਆ ਜਿਸ ਵਿੱਚ ਉਸ ਨੇ ਆਪਣੇ ਛੋਟੇ ਭਾਈ ਹੈਨਰੀ ਨੂੰ ਮਰੇ ਹੋਏ ਇਕ ਧਾਤ ਦੇ ਤਾਬੂਤ ਵਿੱਚ ਪਿਆ ਡਿੱਠਾ, ਉਸਦੀ ਛਾਤੀ ਉੱਤੇ ਚਿੱਟੇ ਫੁੱਲਾਂ ਦਾ ਇਕ ਮੁੱਠਾ ਸੀ ਜਿਸ ਦੇ ਵਿਚਕਾਰ ਇਕ ਸੂਹਾ ਫੁੱਲ ਸੀ। ਸੁਪਨਾ ਅਜਿਹਾ ਸਪੱਸ਼ਟ ਤੇ ਸਾਖਿਆਤ ਸੀ ਕਿ ਪਹਿਲੋਂ ਮਾਰਕ ਟਵੇਨ ਉਠ ਕੇ ਹੈਨਰੀ ਨੂੰ ਦੱਬਣ ਜਾਣ ਦੀ ਤਿਆਰੀ ਵਿੱਚ ਲੱਗ ਗਿਆ, ਪਰ ਕੁਝ ਚਿਰ ਪਿੱਛੋਂ ਸੋਝੀ ਆਈ ਕਿ ਉਹ ਤਾਂ ਸੁਪਨਾ ਸੀ, ਦੋਵੇਂ ਭਾਈ ਇਕੋ ਜਹਾਜ਼ ਉੱਤੇ ਨੌਕਰ ਸਨ। ਕੁਝ ਦਿਨ ਪਿੱਛੋਂ ਮਾਰਕ ਟਵੇਨ ਦੀ ਬਦਲੀ ਜਹਾਜ਼ ਉੱਤੇ ਹੋ ਗਈ ਤੇ ਹੈਨਰੀ ਵਿਚਾਰਾ ਸਖ਼ਤ ਫਟੜ ਹੋ ਕੇ ਮਰ ਗਿਆ। ਸ਼ਹਿਰ ਦੀਆਂ ਇਸਤ੍ਰੀਆਂ ਨੇ

ਹੈਨਰੀ ਦੀ ਜਵਾਨੀ ਤੇ ਸੁਹੱਪਣ ਵੇਖ ਕੇ ਉਸ ਲਈ ਧਾਤ ਦਾ ਤਾਬੂਤ ਖ਼ਰੀਦਿਆ, ਦੂਜਿਆਂ ਲਈ ਕਾਠ ਦੇ ਤਾਬੂਤ ਸਨ। ਮਾਰਕ ਟਵੇਨ ਨੇ ਆਪਣੇ ਯੁਵਕ ਵੀਰ ਨੂੰ ਐਨ ਉਸੇ ਕਮਰੇ ਵਿੱਚ ਵੇਖਿਆ ਜਿਸ ਤਰ੍ਹਾਂ ਸੁਪਨੇ ਵਿੱਚ ਵੇਖਿਆ ਸੀ। ਉਸ ਦੇ ਵੇਂਹਦਿਆਂ ਵੇਂਹਦਿਆਂ ਇਕ ਬੁੱਢੀ ਆਈ, ਉਸ ਨੇ ਚਿੱਟੇ ਫੁੱਲਾਂ ਦਾ ਮੁੱਠਾ ਜਿਸ ਦੇ ਵਿਚਕਾਰ ਇਕ ਸੂਹਾ ਫੁੱਲ ਸੀ, ਉਸ ਦੀ ਛਾਤੀ ਉੱਤੇ ਰੱਖ ਕੇ ਤਸਵੀਰ ਨੂੰ ਸੰਪੂਰਨ ਕਰ ਦਿੱਤਾ।

ਇਕ ਇਸਤ੍ਰੀ ਕਹਿੰਦੀ ਹੈ ਕਿ ਮੇਰਾ ਪਤੀ ਚੀਨ ਵਿੱਚ ਸੀ ਕਿ ਮੈਨੂੰ ਇਕ ਦਿਨ ਮਿਸ਼ੀਗਨ ਬੂਲਵਾਰਡ, ਸ਼ਹਿਰ ਸ਼ਿਕਾਗੋ ਵਿੱਚ ਤੁਰਿਆਂ ਜਾਂਦਿਆਂ ਉਦਾਲੇ ਦੀ ਸੱਭੇ ਸੁਰਤ ਗੁੰਮ ਹੋ ਗਈ। ਕੀ ਵੇਖਦੀ ਹਾਂ ਕਿ ਹਰੇ ਹਰੇ ਘਾਹ ਵਾਲੀ ਥਾਂ ਹੈ, ਉਦਾਲੇ ਲੋਹੇ ਦਾ ਇਕ ਜੰਗਲਾ ਹੈ, ਇਕ ਬੰਨੇ ਤਿੰਨ ਨਵੇਂ ਬ੍ਰਿਛ ਹਨ ਤੇ ਦੂਰ ਦੁਰਾਡੇ ਕਾਰਖ਼ਾਨਿਆਂ ਦੀਆਂ ਚਿਮਨੀਆਂ ਵਿੱਚੋਂ ਧੂੰਏਂ ਦੀਆਂ ਧਾਰਾਂ ਉਠ ਰਹੀਆਂ ਸਨ। ਇਹਨਾਂ ਬ੍ਰਿਛਾਂ ਕੋਲ ਕੁਝ ਲੋਕ ਖਲੋਤੇ ਸਨ ਤੇ ਵਿੱਚ ਇਕ ਕਾਲੇ ਬੁਰਕੇ ਵਾਲੀ ਇਸਤ੍ਰੀ ਸੀ। ਘਾਹ ਵਿੱਚ ਇਕ ਦੋ ਫੁੱਟਾ ਟੋਯਾ ਕੀਤਾ ਹੋਇਆ ਸੀ ਜਿਸ ਵਿੱਚ ਬੜੇ ਹੇਜ ਨਾਲ ਇਕ ਨਿੱਕਾ ਜਿਹਾ ਡੱਬਾ ਲਮਕਾਇਆ ਜਾ ਰਿਹਾ ਸੀ। ਮੈਂ ਉਦਾਲੇ ਆਪਣੇ ਦੇਉਰ ਜੇਠ ਡਿੱਠੇ, ਖਾਲੀ ਉਹ ਨਹੀਂ ਸੀ, ਮੈਨੂੰ ਅਨਭਉ ਹੋ ਗਿਆ ਕਿ ਡੱਬੇ ਵਿੱਚ ਉਸੇ ਦੇ ਫੁੱਲ ਹਨ। ਮੈਨੂੰ ਸੁਰਤ ਆ ਗਈ ਤੇ ਮੈਂ ਇਸ ਸੁਪਨ-ਦ੍ਰਿਸ਼ਯ ਨੂੰ ਆਪਣੇ ਪਤੀ ਦੇ ਵਿਜੋਗ ਕਰਕੇ ਖ਼ਿਆਲੀ ਬਣਾਵਟ ਸਮਝਕੇ ਉਸ ਨੂੰ ਭੁਲਾ ਦਿੱਤਾ। ਆਉਂਦੇ ਫ਼ਰਵਰੀ ਮਹੀਨੇ ਵਿੱਚ ਖ਼ਬਰ ਆਈ ਕਿ ਮੇਰਾ ਪਤੀ ਗੁਜ਼ਰ ਗਿਆ ਹੈ ਤੇ ਫੁੱਲ ਘਰ ਭੇਜੇ ਜਾ ਰਹੇ ਹਨ। 30 ਮਈ ਨੂੰ ਆਪਣੇ ਦੇਵਰ ਜੇਠਾਂ ਨਾਲ ਰੋਜ਼-ਹਿਲ ਨਾਮੀ ਸ਼ਮਸ਼ਾਨ ਭੂਮੀ ਵਿੱਚ ਗਈ ਜਿਸ ਨੂੰ ਮੈਂ ਕਦੇ ਨਹੀਂ ਸੀ ਡਿੱਠਾ। ਪਹੁੰਚ ਕੇ ਕੁਝ ਚਿਰ ਮੇਰੀਆਂ ਅੱਖੀਆਂ ਚੁੱਕੀਆਂ ਨਾ ਗਈਆਂ ਪਰ ਜਦ ਚੁੱਕੀਆਂ ਤਾਂ ਵੇਖਿਆ ਕਿ ਓਹੀ ਹਰਾ ਘਾਹ, ਓਹੀ ਜੰਗਲ ਤੇ ਧੂੰਏਂਦਾਰ ਚਿਮਨੀਆਂ ਤੇ ਓਹੀ ਤਿੰਨ ਬ੍ਰਿਛ ਤੇ ਓਹੀ ਕੋਲ ਦੋ ਫੁਟਾ ਟੋਯਾ ਜਿਸ ਵਿੱਚ ਮੇਰੇ ਪਤੀ ਦੇ ਫੁੱਲਾਂ ਵਾਲਾ ਡੱਬਾ ਲਮਕਾਇਆ ਜਾ ਰਿਹਾ ਸੀ।

ਚੌਥੀ ਵਾਰਤਾ ਅਮਰੀਕਾ ਦੇ ਪ੍ਰਸਿੱਧ ਪ੍ਰਧਾਨ ਤੇ ਸੁਧਾਰਕ ਅਬਰਾਹਮ ਲਿੰਕਨ ਦੇ ਜੀਵਨ ਚਰਿੱਤ੍ਰ ਵਿਚੋਂ ਹੈ। ਲਿੰਕਨ ਦੇ ਮਾਰੇ ਜਾਣ ਤੋਂ ਕੁਝ ਕੁ ਦਿਨ ਅਗੋਂ ਲਿੰਕਨ ਨੇ ਆਪਣਾ ਇਕ ਸੁਪਨਾ ਆਪਣੇ ਮਿੱਤਰ ਵਾਰਡ ਹਿਲ ਲਾਮਨ ਨੂੰ ਦਸਿਆ। ਕਹਿੰਦਾ ਹੈ ਕਿ ਮੈਂ 'ਵਾਈਟ ਹਾਊਸ' (ਅਮਰੀਕਾ ਦੇ ਪ੍ਰਧਾਨ ਦਾ

ਘਰ) ਦੇ ਕਮਰੇ ਵਿੱਚ ਗਿਆ ਪਰ ਮੈਨੂੰ ਕੋਈ ਨਾ ਮਿਲਿਆ, ਹਰ ਥਾਂ ਤੋਂ ਰੋਣ ਦੀ ਆਵਾਜ਼ ਆ ਰਹੀ ਸੀ। ਜਦ ਮੈਂ ਚੜ੍ਹਦੇ ਵੱਲ ਦੇ ਕਮਰੇ ਵਿੱਚ ਪਹੁੰਚਿਆਂ ਮੇਰੇ ਸਾਹਮਣੇ ਇੱਕ ਵੱਡੀ ਅਰਥੀ ਉੱਤੇ ਕੋਈ ਮੋਇਆ ਪਿਆ ਸੀ, ਉਦਾਲੇ ਵਰਦੀ ਵਾਲੇ ਸਿਪਾਹੀ ਪਹਿਰਾ ਦੇ ਰਹੇ ਸਨ। ਲੋਕਾਂ ਦੀ ਭੀੜ ਸੀ—ਕੁਝ ਰੋ ਰਹੇ ਸਨ, ਮਰਨ ਵਾਲੇ ਦਾ ਮੂੰਹ ਢੱਕਿਆ ਹੋਇਆ ਸੀ। ਮੈਂ ਇਕ ਸਿਪਾਹੀ ਨੂੰ ਪੁੱਛਿਆ, ਵਾਈਟ ਹਾਊਸ ਵਿੱਚ ਕੌਣ ਮਰ ਗਿਆ ਹੈ? ਉਸ ਨੇ ਜਵਾਬ ਦਿੱਤਾ, "ਪ੍ਰੈਜ਼ੀਡੈਂਟ, ਉਸ ਨੂੰ ਕਿਸੇ ਕਾਤਲ ਨੇ ਮਾਰ ਦਿੱਤਾ ਹੈ।" ਲੋਕਾਂ ਵਿੱਚ ਰੋਹ ਤੇ ਰੰਜ ਦੀ ਆਵਾਜ਼ ਉਠੀ ਤੇ ਮੇਰੀ ਜਾਗ ਖੁਲ੍ਹ ਗਈ। ਬਾਕੀ ਦੀ ਰਾਤ ਮੈਨੂੰ ਨੀਂਦ ਨਹੀਂ ਆਈ। ਭਾਵੇਂ ਇਹ ਇਕ ਸੁਪਨਾ ਸੀ ਪਰ ਓਦੋਂ ਤੋਂ ਮੇਰੇ ਦਿਲ ਤੋਂ ਲਹਿੰਦਾ ਨਹੀਂ। ਅਬਰਾਹਮ ਲਿੰਕਨ ਇਸ ਸੁਪਨੇ ਤੋਂ ਕੁਝ ਦਿਨ ਪਿਛੋਂ ਤਕਰੀਰ ਕਰਦਾ ਹੋਇਆ ਗੋਲੀ ਨਾਲ ਮਾਰ ਦਿੱਤਾ ਗਿਆ ਸੀ।

(ਮਾਰਚ 1949 ਦੇ ਰਿਸਾਲਾ ਅਮਰੀਕਨ ਵਿਚੋਂ—)

ਅਮਰੀਕਾ ਦੀ ਡਿਊਕ ਯੂਨੀਵਰਸਿਟੀ ਵਿੱਚ ਸਤਾਰਾਂ ਸਾਲਾਂ ਤੋਂ ਮਨੁੱਖ ਦੀਆਂ ਪਰ ਬੁੱਧੀ ਸ਼ਕਤੀਆਂ ਸੰਬੰਧੀ ਖੋਜ ਹੋ ਰਹੀ ਹੈ, ਕਿ ਇਕ ਬੰਦੇ ਦੇ ਦਿਲ ਦਾ ਪ੍ਰਛਾਵਾਂ ਖ਼ਿਆਲ ਆਦਿਕ ਦੂਜੇ ਦਿਲ ਨੂੰ ਮਾਲੂਮ ਹੋ ਸਕਦੇ ਹਨ, ਸਿੱਧ ਹੋ ਚੁੱਕਾ ਹੈ, ਹੁਣ ਉਥੋਂ ਦੇ ਖੋਜੀ ਵਿਦਵਾਨ ਉਨ੍ਹਾਂ ਸ਼ਕਤੀਆਂ ਦੀ ਖੋਜ ਕਰ ਰਹੇ ਹਨ ਜਿਨ੍ਹਾਂ ਨੂੰ ਆਮ ਤੌਰ ਤੇ ਭਰਮ ਤੇ ਵਹਿਮ ਆਖਿਆ ਜਾਂਦਾ ਹੈ। ਲੋਕੀਂ ਆਪਣੀਆਂ ਹੱਡ ਬੀਤੀਆਂ ਉਹਨਾਂ ਨੂੰ ਲਿਖ ਭੇਜਦੇ ਹਨ ਤੇ ਉਹ ਖੋਜ ਕਰਦੇ ਹਨ। ਇਕ ਲੜਕੀ ਨੇ ਸੁਪਨੇ ਵਿੱਚ ਆਪਣੇ ਭਾਈ ਨੂੰ ਵੇਖਿਆ, ਹੱਥ ਵਿੱਚ ਤਾਰ ਸੁਨੇਹਾ ਤੇ ਡੁੱਬਦੇ ਜਹਾਜ਼ ਦੇ ਮੂਹਰਲੇ ਸਿਰੇ ਉੱਤੇ ਖਲੋਤਾ ਹੈ, ਉਦਾਲੇ ਕਈ ਸੰਬੰਧੀ ਖਲੋਤੇ ਰੋ ਰਹੇ ਹਨ ਤੇ ਲੜਕੀ ਨੇ ਜਹਾਜ਼ ਦਾ ਨਾਉਂ ਸਾਫ਼ ਵੇਖਿਆ ਐਂਡਰਸਨ। ਪਿਛੋਂ ਮੁੜਦੀ ਨੂੰ ਖ਼ਬਰ ਮਿਲੀ ਕਿ ਉਸ ਦਾ ਭਾਈ ਤੇਲ-ਲੱਦੂ ਜਹਾਜ਼ 'ਰੀਪਬਲਿਕ' ਦੇ ਤਾਰ ਪੇਡੂ ਨਾਲ ਡੁੱਬਣ ਕਰਕੇ ਜਹਾਜ਼ ਦੇ ਨਾਲ ਹੀ ਡੁਬ ਮੋਇਆ ਹੈ। ਵਧੇਰੇ ਖ਼ਬਰ ਸਾਰ ਮਿਲਣ ਤੇ ਪਤਾ ਲੱਗਿਆ ਕਿ ਜਹਾਜ਼ ਦੇ ਕਪਤਾਨ ਦਾ ਨਾਮ ਐਂਡਰਸਨ ਸੀ। ਅਜਿਹੇ ਸੁਪਨੇ ਆਦਿ ਸੱਤ-ਦਰਸ਼ਕ ਹਨ, ਅਰਥਾਤ ਉਨ੍ਹਾਂ ਵਾਕਿਆਂ ਦੇ ਹਨ ਜੋ ਕਿ ਸੁਪਨੇ ਦੇ ਸਮੇਂ ਦੇ ਨੇੜੇ ਤੇੜੇ ਵਰਤ ਰਹੇ ਹੁੰਦੇ ਹਨ। ਜੇ ਉਹ ਲੜਕੀ ਕਹਾਣੀ ਵਿੱਚ ਕੁਝ ਘਾੜਤ ਪਾ ਦੇਂਦੀ ਤਾਂ ਕਹਿ ਸਕਦੀ ਸੀ ਕਿ ਉਸ ਨੇ ਜਹਾਜ਼ ਦਾ ਨਾਮ 'ਰੀਪਬਲਿਕ' ਪੜ੍ਹਿਆ।

ਇਕ ਆਦਮੀ ਸੂਬਾ ਟੇਕਸਾਸ ਵਿੱਚ ਤ੍ਰਕਾਲਾਂ ਵੇਲੇ ਆਪਣੇ ਕਮਰੇ ਵਿੱਚ ਕਪੜੇ ਲਾਹ ਰਿਹਾ ਸੀ ਕਿ ਉਸ ਦਾ ਪਿਤਾ, ਤੇਲ ਦਾ ਲਿਬੜਿਆ ਕੰਮ ਕਰਨ ਦਾ ਚੋਲਾ ਪਾਇਆ ਹੋਇਆ ਤੇ ਚਿਹਰਾ ਉਦਾਸ, ਆ ਵੜਿਆ। ਵੇਖਦੇ ਸਾਰ ਆਦਮੀ ਦੇ ਮੂੰਹੋਂ ਨਿਕਲਿਆ, "ਬਾਪੂ" ਬਾਪੂ ਨੇ ਪੁੱਤਰ ਨਾਲ ਬੜੇ ਆਦਰ ਨਾਲ ਹੱਥ ਮਿਲਾਏ ਤੇ ਗੁੰਮ ਹੋ ਗਿਆ। ਝੱਟ ਦਰਵਾਜ਼ੇ ਦੀ ਘੰਟੀ ਵੱਜੀ। ਆਦਮੀ ਪ੍ਰੇਸ਼ਾਨੀ ਵਿੱਚ ਹੇਠ ਨੂੰ ਭੱਜਿਆ। ਤਾਰ-ਰਸਾਂ ਨੇ ਤਾਰ ਦਿੱਤੀ ਜਿਸ ਵਿੱਚ ਲਿਖਿਆ ਸੀ ਕਿ ਉਸ ਦਾ ਪਿਤਾ ਕੈਲੇਫ਼ੋਰਨੀਆਂ ਵਿੱਚ ਮੋਟਰ ਤਵੇਲੇ ਵਿੱਚ ਕੰਮ ਕਰਦਾ ਮਰ ਗਿਆ ਹੈ।

ਹੋ ਸਕਦਾ ਹੈ ਕਿ ਦੋਵੇਂ ਗੱਲਾਂ Tele Pathy ਇਕ ਸੁਰਤੀ ਤੋਂ ਦੂਜੀ ਨੂੰ ਸੂਚਨਾ ਕਰਨ ਦਾ ਨਤੀਜਾ ਹੋਵਣ। ਕੁੜੀ ਦੇ ਭਾਈ ਨੇ ਮਰਨ ਲੱਗਿਆਂ ਇਕ ਪ੍ਰਬਲ ਲੋਚਨਾ ਕੀਤੀ ਹੋਵੇ ਤੇ ਉਸ ਦਾ ਇਹ ਖ਼ਿਆਲ ਉਸ ਦੀ ਭੈਣ ਨੂੰ ਪ੍ਰਾਪਤ ਹੋ ਗਿਆ। ਮਰਨ ਲੱਗੇ ਬੁੱਢੇ ਨੂੰ ਖ਼ਿਆਲ ਆਇਆ ਕਿ ਪੁੱਤਰ ਉੱਤੇ ਉਸ ਦੀ ਮੌਤ ਦੀ ਖ਼ਬਰ ਦਾ ਬੜਾ ਅਸਰ ਪਵੇਗਾ। ਉਸ ਨੇ ਵਿਚਾਰਿਆ ਕਿ ਪੁੱਤਰ ਨੂੰ ਪਹਿਲਾਂ ਹੀ ਖ਼ਬਰ ਕਰ ਦੇਣੀ ਲੋੜੀਏ।

ਯੂਨੀਵਰਸਿਟੀ ਦੇ ਵਿਦਵਾਨ ਆਖਦੇ ਹਨ ਕਿ ਅਸੀਂ ਅਜਿਹੇ ਵਿਰਤਾਂਤਾਂ ਤੋਂ ਖਾਸ ਨਤੀਜੇ ਕੱਢਣ ਦੀ ਕਾਹਲ ਨਹੀਂ ਕਰਦੇ। ਆਖਿਆ ਜਾ ਸਕਦਾ ਹੈ ਕਿ ਮਰਨ ਉਪਰੰਤ ਜੀਵ ਕਿਸੇ ਹੋਰਸ ਸ਼ਕਲ ਵਿੱਚ ਰਹਿੰਦਾ ਹੈ, ਇਹ ਅਸੀਂ ਸਾਬਤ ਨਹੀਂ ਕਰ ਸਕਦੇ।

ਇਕ ਇਸਤ੍ਰੀ ਆਪਣੀ ਟਾਈਪ ਮਸ਼ੀਨ ਨਾਲ ਸੁਭਾਵਕ ਖੇਲ ਰਹੀ ਸੀ ਵੇਖਿਆ ਤਾਂ ਲਿਖਿਆ ਸੀ "ਪਾਣੀ ਵੱਲ ਵੇਖੋ"। ਦਿਲ ਵਿੱਚ ਆਇਆ ਕਿ ਪਾਣੀ ਬੰਦ ਦੀ ਸੜਕ ਉੱਤੇ ਜਾ ਕੇ ਸੈਰ ਕਰੇ, ਗਈ ਤੇ ਮੁੜ ਆਈ, ਦੂਜੇ ਦਿਨ ਫੇਰ ਜੀ ਆਇਆ ਕਿ ਫੇਰ ਉੱਥੇ ਜਾਵੇ। ਪਤੀ ਨੂੰ ਨਾਲ ਲੈ ਕੇ ਚਲੀ ਗਈ, ਵੇਖਿਆ ਕਿ ਉਥੇ ਭੀੜ ਹੈ ਤੇ ਲੋਕੀਂ ਇੱਕ ਮੋਟਰ ਦੀ ਭਾਲ ਕਰ ਰਹੇ ਹਨ ਜਿਸ ਦੇ ਪਾਣੀ ਵਿੱਚ ਜਾ ਡਿੱਗਣ ਨਾਲ ਮਾਂ ਤੇ ਪੁੱਤਰ ਡੁੱਬ ਗਏ ਸਨ ਪਰ ਪੁੱਤਰ ਤਰ ਕੇ ਕਿਨਾਰੇ ਆ ਲੱਗਾ, ਇਸਤ੍ਰੀ ਦੀ ਇਸ ਗੱਲ ਦੀ ਬੜੀ ਚਰਚਾ ਹੋਈ। ਕੁਝ ਸਮੇਂ ਪਿਛੋਂ ਓਸ ਗੱਭਰੂ ਵਿਰੁੱਧ ਮਾਂ ਨੂੰ ਬੀਮੇ ਦੀ ਖ਼ਾਤਰ ਮਾਰਨ ਦਾ ਮੁਕੱਦਮਾ ਚਲਿਆ, ਇਹ ਵਿਰਤਾਂਤ ਵਿੱਚ ਕੋਈ ਕਿਸੇ ਦੇ ਖ਼ਿਆਲ ਦਾ ਸੰਬੰਧ ਨਹੀਂ। ਇਕ ਇਸਤ੍ਰੀ ਨੂੰ ਜੋ ਦੂਜੇ ਘਰ ਮਿਲਣ ਗਿਲਣ ਗਈ ਸੀ, ਬੜੀ ਚਾਹ ਹੋਈ ਕਿ ਮੈਂ ਘਰ ਨੂੰ ਚੱਲਾਂ, ਉਹ ਉਠ ਕੇ ਘਰ ਆ

ਗਈ। ਕੀ ਵੇਖਦੀ ਹੈ ਕਿ ਪਤੀ ਧੂੰਏਂਦਾਰ ਕਮਰੇ ਵਿੱਚ ਬੇ-ਸੁਰਤ ਸੁੱਤਾ ਪਿਆ ਹੈ, ਫ਼ਰਸ਼ ਨੂੰ ਚਿੰਗਾੜਿਆਂ ਨਾਲ ਅੱਗ ਲੱਗ ਗਈ ਹੈ ਤੇ ਥੋੜ੍ਹੇ ਹੋਰ ਸਮੇਂ ਵਿੱਚ ਅੱਗ ਪ੍ਰਚੰਡ ਹੋ ਜਾਣੀ ਸੀ। ਇਸ ਵਿਰਤਾਂਤ ਵਿੱਚ ਕਿਸੇ ਮਨੁੱਖ ਖ਼ਿਆਲ ਜਾਂ ਧਰਤੀ ਦਾ ਕੋਈ ਵਾਸਤਾ ਨਹੀਂ ਕਿਉਂਕਿ ਆਦਮੀ ਕਮਰੇ ਵਿੱਚ ਬੇਸੁਰਤ ਪਿਆ ਸੀ।

ਯੂਨੀਵਰਸਿਟੀ ਵਾਲੇ ਦਸਦੇ ਹਨ ਕਿ ਅਜਬ ਵਰਤਾਰੇ ਦੀ ਚਿੱਠੀ ਉਹਨਾਂ ਨੂੰ ਇਕ ਰੂਮਾਨੀ ਪੁਰਸ਼ ਵਲੋਂ ਆਈ ਜਿਸ ਵਿੱਚ ਉਸ ਨੇ ਆਪਣੀ ਦਾਦੀ ਦੇ ਮਰਨ ਸਮੇਂ ਦਾ ਹਾਲ ਲਿਖਿਆ ਸੀ। ਮਰਨ ਤੋਂ ਪਹਿਲੋਂ ਬੁੱਢੀ ਬੇਸੁਰਤੀ ਵਿੱਚ ਬੋਲਣ ਲੱਗ ਪਈ ਜਿਸ ਵਿੱਚ ਉਸ ਨੇ ਆਪਣੀ ਅਰਥੀ ਦੇ ਜਲੂਸ ਦਾ ਨਜ਼ਾਰਾ ਦੱਸਿਆ। ਉਸ ਨੇ ਕਿਹਾ ਕਿ ਇਕ ਕਾਲਾ ਕੁੱਤਾ ਜਲੂਸ ਵਿੱਚ ਆ ਵੜਿਆ ਹੈ ਜੋ ਨਾਲ ਜਾਣ ਵਾਲਿਆਂ ਨੂੰ ਤੰਗ ਕਰਦਾ ਹੈ, ਮੜ੍ਹੀਆਂ ਦੇ ਨੇੜੇ ਇਕ ਬੁਰਜ ਦੀ ਉਸਾਰੀ ਦੀ ਭੀ ਉਸ ਨੇ ਗੱਲ ਕੀਤੀ ਤੇ ਬੋਲੀ 'ਅਜਿਹੇ ਸਮੇਂ ਹੱਸਣਾ ਕੇਡੀ ਸ਼ਰਮ ਦੀ ਗੱਲ ਹੈ।' ਦੋ ਦਿਨ ਪਿਛੋਂ ਜਦ ਉਹ ਮਰੀ ਤਾਂ ਜਲੂਸ ਵਿੱਚ ਇਕ ਕਾਲੇ ਕੁੱਤੇ ਨੇ ਲੋਕਾਂ ਨੂੰ ਪ੍ਰੇਸ਼ਾਨ ਆ ਕੀਤਾ, ਮੜ੍ਹੀਆਂ ਵਿੱਚ ਜਾ ਕੇ ਵੇਖਿਆ ਕਿ ਉਥੋਂ ਇਕ ਬੁਰਜ ਉਸਰਦਾ ਦਿਸ ਰਿਹਾ ਸੀ। ਸਿਖਰ ਇਕ ਮਜ਼ੂਰ ਬੈਠਾ ਸੀ, ਉਹ ਕਿਸੇ ਗੱਲੋਂ ਉੱਚੀ ਦੇ ਕੇ ਹੱਸ ਪਿਆ।

ਹੈਰਾਨੀ ਦੀ ਗੱਲ ਇਹ ਹੈ ਕਿ ਬੇਸੁਰਤੀ ਵਿੱਚ ਆਗਮ ਦੀਆਂ ਗੱਲਾਂ ਕੀਤੀਆਂ ਗਈਆਂ ਜੋ ਸੱਚ ਹੋਈਆਂ।

ਇਹ ਤੇ ਅਜਿਹੇ ਅਨੇਕਾਂ ਬਿਰਤਾਂਤ ਦੱਸਦੇ ਹਨ, ਕਿ ਆਉਣ ਵਾਲੀਆਂ ਗੱਲਾਂ ਪਹਿਲੋਂ ਵੀ ਦਿਸ ਪੈਂਦੀਆਂ ਹਨ ਜਿਸ ਦਾ ਅਰਥ ਇਹ ਵੀ ਹੈ ਕਿ ਭਵਿਸ਼ਤ ਅਥਵਾ ਆਉਣ ਵਾਲਾ ਸਮਾਂ ਅੱਗੇ ਹੀ ਕਿਧਰੇ ਨੀਯਤ ਹੋਇਆ ਧਰਿਆ ਪਿਆ ਹੈ ਅਰਥਾਤ ਭੂਤ, ਭਵਿੱਸ਼ਤ ਕੁਝ ਨਹੀਂ ਇਕੋ ਹਨ। ਜੇ ਭਵਿਸ਼ਤ ਦਾ ਪਤਾ ਹੋ ਸਕਦਾ ਹੈ ਤਦ ਭਵਿਸ਼ਤ ਕਾਸਦਾ ਹੋਇਆ। ਸਾਡੀ ਮਾਣਸੀ ਬੁੱਧੀ ਸਮੇਂ ਨੂੰ ਵੱਖ-ਵੱਖ ਤਿੰਨ ਹਿੱਸਿਆਂ ਵਿੱਚ ਪ੍ਰਤੀਤ ਕਰਵਾ ਰਹੀ ਹੈ, ਪਰ ਅਸਲ ਵਿੱਚ ਤਿੰਨੇ ਹਿੱਸੇ ਕੋਈ ਨਹੀਂ ਸਭ ਇਕ ਦੂਜੇ ਨਾਲ ਰਲੇ ਮਿਲੇ ਹਨ ਬਲਕਿ ਇਕਸੇ ਚੀਜ਼ ਦੇ ਪੱਖ ਜਾਪਦੇ ਹਨ।

ਇਕ ਸਿਆਣੇ ਨੇ ਕਾਲ ਅਥਵਾ ਸਮੇਂ ਨੂੰ ਮਹਾਂ ਸਾਗਰ ਨਾਲ ਰਲਾਇਆ ਹੈ। ਇਸ ਮਹਾਂ ਸਾਗਰ ਵਿੱਚ ਹੋਰ ਸਾਰੇ ਹਨੇਰਾ ਹੈ, ਕੇਵਲ ਇਕ ਥਾਂ ਆਪਣੇ

ਆਪ ਨਾਲ ਬੰਦਾ ਚਾਨਣ ਦਾ ਲਿਸ਼ਕਾਰਾ ਸੁੱਟਦਾ ਹੈ ਤਾਂ ਇਸ ਭਵਜਲ ਦਾ ਓਨਾਂ ਕੁ ਹਿੱਸਾ ਚਾਨਣਾ ਹੋ ਜਾਂਦਾ ਹੈ ਬਾਕੀ ਸਾਰਾ ਭਵਸਾਗਰ ਬੰਦੇ ਤੋਂ ਹਨੇਰੇ ਵਿੱਚ ਰਹਿੰਦਾ ਹੈ। ਬੰਦੇ ਨੂੰ ਉਸ ਦੇ ਸਰੀਰ ਕਰਕੇ ਉਸ ਭਵਜਲ ਵਿੱਚ ਇਕ ਕਿਰਣ ਮਾਤ੍ਰ ਚਾਨਣਾ ਦਿੱਸਦਾ ਹੈ ਜਿਸ ਨੂੰ ਉਹ ਸਮੇਂ ਅਥਵਾ ਕਾਲ ਆਖਦਾ ਹੈ। ਅਸਲ ਵਿੱਚ ਕਾਲ ਨਾਮ ਉਸ ਵੱਡੇ ਮਹਾਨ ਸਾਗਰ ਦਾ ਹੈ ਜਿਸ ਵਿੱਚ ਚੰਦ ਸੂਰਜ ਤਾਰੇ ਤੇ ਆਕਾਸ਼ ਸਾਰੇ ਸਮਾ ਰਹੇ ਹਨ ਤੇ ਜਿਸਦਾ ਅਸਲੀ ਥਹੁ ਸਰੀਰੋਂ ਉਪਰੰਤ ਹੋ ਕੇ ਹੀ ਲੱਗਦਾ ਹੈ। ਮਾਇਆ ਦੀ ਭੁਲੇਖੇ ਵਾਲੀ ਪ੍ਰਧਾਨਗੀ ਵਿੱਚ ਤਾਂ ਇਸ ਜਗਤ ਦਾ ਜੀਵਨ ਹੀ ਸਭ ਕੁਝ ਹੈ, ਜਦ ਕਾਲ ਅਵਧ ਆਈ ਤਾਂ ਸਭ ਕੁਝ ਮੁੱਕ ਗਿਆ। ਪਰ 'ਮਾਇਆ ਜੇਵਡ ਦੁੱਖ ਨਹੀਂ। ਸਰੀਰ ਵਿੱਚ ਆਉਣ ਕਰਕੇ ਸਭ ਭੁਲੇਖੇ ਮੌਤ ਦੂਰ ਕਰੇਗੀ ਜਦ ਅਸੀਂ ਇਸ ਪਿੰਜਰੇ ਵਿੱਚੋਂ ਨਿਕਲ ਕੇ ਸੁਤੰਤਰ ਹੌਲੇ ਫੁੱਲਾਂ ਵਾਂਗ ਹੋ ਜਾਵਾਂਗੇ ਤੇ ਭੂਤ, ਭਵਿਖਤ, ਵਰਤਮਾਨ ਸਭ ਇਕ ਅਡੋਲ ਟਿਕੇ ਹੋਏ ਬੇ-ਓੜਕ ਸਾਗਰ ਵਾਂਗ ਹੋ ਜਾਣਗੇ ਜਿਸ ਵਿੱਚ ਨਾ ਦਿਨ ਹੋਵੇਗਾ, ਨਾ ਰਾਤ ਨਾ ਸਮਾਂ ਬੀਤੇਗਾ ਨਾ ਆਵੇਗਾ।

ਇਸ ਜਹਾਨ ਤੋਂ ਵਿਦਾ ਹੋਣ ਲੱਗੀ ਪਤਨੀ ਨੂੰ ਪਤੀ ਆਖਦਾ ਹੈ ਅੜੀਏ ਕਿੱਥੇ ਚਲੀ ਏਂ, ਮੇਰਾ ਕੀ ਹਾਲ ਹੋਵੇਗਾ। ਉਹ ਜਵਾਬ ਦੇਂਦੀ ਹੈ ਸੱਜਣਾ ਜੇਰਾ ਕਰ। ਕਿੰਨਾ ਚਿਰ ਜੇਰਾ ਕਰਾਂਗਾ ਮੈਨੂੰ ਵਰ੍ਹੇ ਕਿਵੇਂ ਬੀਤਣਗੇ। ਵਰ੍ਹੇ ? ਕਿਹੜੇ ਵਰ੍ਹੇ ? ਰੱਬ ਦੀ ਇਕ ਨਿਮਖ ਅੱਖ ਦਾ ਫੇਰਾ, ਜੇਰਾ ਕਰ ਜਿਸ ਨੂੰ ਐਵਾਣੇ ਵਰ੍ਹੇ ਆਖਦੇ ਹਨ।............ਉਹ ਚਲੀ ਗਈ..........ਵਰ੍ਹੇ ਲੰਘ ਗਏ.......ਉਹ ਉਸ ਪਾਰ, ਇਹ ਇਸ ਪਾਰ..........ਜਦ ਇਸ ਦੀ ਵਾਰੀ ਆਈ ਪਿੱਛਾ ਵੇਖਣ ਲੱਗਾ ਤਾਂ ਉਹ ਇਕਰਾਰ ਉਹ ਨਿਮਖ ਭਰ ਉਡੀਕਣ ਦਾ ਬੋਲ ਯਾਦ ਆਇਆ ਤੇ ਵੇਖਿਆ ਕਿ ਸੱਚ ਮੁੱਚ ਵਰ੍ਹੇ ਕੀ ਸਨ ਐਵੇਂ ਭਰਮ ਸਨ ਪ੍ਰਛਾਵੇਂ ਸਨ। ਜਿਹੜੀ ਚੀਜ਼ ਹੋਵੇ ਉਹ ਅਨਹੋਣੀ ਕਿਵੇਂ ਹੋ ਸਕਦੀ ਹੈ। ਜੇ ਸਮਾਂ ਜਾਂ ਕਾਲ ਕੋਈ ਚੀਜ਼ ਹੋਵੇ ਉਹ ਗੁੰਮ ਕਿਉਂ ਹੋਵੇ ?

ਜੋ ਇਸ ਭਰਮਾਂ ਦੀ ਦੁਨੀਆਂ ਵਿੱਚ ਆਉਂਦਾ ਹੈ ਉਸ ਨੂੰ ਹੀ ਭਰਮ ਚੰਬੜ ਜਾਂਦੇ ਹਨ। ਆਦਮੀ ਨੂੰ ਹੀ ਕਾਲ ਖਾਂਦਾ ਹੈ, ਮਿੱਟੀ ਦੇ ਬੁੱਤ ਨੂੰ ਹਜ਼ਾਰ ਵਰ੍ਹੇ ਰੱਖ ਛੱਡੋ ਉਹ ਉਹੋ ਜਿਹੇ ਦਾ ਉਹੋ ਜਿਹਾ। ਪਾਣੀ ਦਾ ਸੁਭਾਵ ਬਣਾ ਦਿੱਤਾ ਹੇਠਾਂ ਨੂੰ ਰਿੜ੍ਹੀ ਜਾਣਾ। ਆਪੇ ਕਿਧਰੇ ਖਲੋ ਨਹੀਂ ਸਕਦਾ। ਛੁਟਕਾਰਾ ਤਾਂ ਕੇਵਲ ਇਕ ਸੂਰਤ ਵਿੱਚ ਹੈ ਕਿ ਉਹ ਪਾਣੀ ਹੀ ਨਾ ਰਹੇ, ਭਾਪ ਬਣ ਜਾਵੇ।

੧੦

'ਮਰਣ ਮੁਣਸਾਂ ਸੂਰਿਆ ਹੱਕ ਹੈ ਜੇ ਹੋਇ ਮਰਣ ਪਰਵਾਣੋ'

ਕੁਝ ਸਾਲਾਂ ਦਾ ਜ਼ਿਕਰ ਹੈ ਕਿ ਪੰਜਾਬ ਪੁਲੀਸ ਦੇ ਕੁਝ ਵੱਡੇ ਅਫਸਰ ਤੇ ਸਿਪਾਹੀ ਇਕ ਧੰਨਾ ਸਿਘ ਨੂੰ ਹੁਸ਼ਿਆਰਪੁਰ ਤੋਂ ਫੜੀ ਲਿਆ ਰਹੇ ਸਨ। ਇਹ ਅਮਰੀਕਾ ਤੋਂ ਮੁੜੇ ਉਨ੍ਹਾਂ ਦੇਸ਼ ਭਗਤਾਂ ਵਿਚੋਂ ਸਨ ਜੋ ਬੰਬ ਆਦਿਕ ਖ਼ੂਨੀ ਤਾਕਤਾਂ ਤੇ ਹਥਿਆਰਾਂ ਦੇ ਵਿਸ਼ਵਾਸੀ ਸਨ। ਇਹ ਨਿਸ਼ਚਿਤ ਗੱਲ ਸੀ ਕਿ ਧੰਨਾ ਸਿਘ ਨੂੰ ਅੱਵਲ ਤਾਂ ਫਾਂਸੀ ਲੱਗਦੀ ਨਹੀਂ ਤਾਂ ਉਮਰ ਕੈਦ ਜ਼ਰੂਰ ਹੁੰਦੀ। ਮੌਤ ਦੀ ਸੰਭਾਵਨਾ ਸੀ ਪਰ ਯਕੀਨੀ ਨਹੀਂ ਸੀ, ਸੋ ਭੀ ਮੁਕੱਦਮਿਆਂ ਅਪੀਲਾਂ ਤੋਂ ਪਿੱਛੋਂ ਧੰਨਾ ਸਿਘ ਲਈ ਦੋ ਰਾਹ ਸਨ, ਜਾਂ ਤਾਂ ਉਹ ਚੁੱਪ ਕਰ ਰਹੇ ਤੇ ਉਡੀਕੇ ਤਕਦੀਰ ਕੀ ਵਿਖਾਉਂਦੀ ਹੈ ਤੇ ਜਾਂ ਆਪਣਾ ਆਪ ਹੀ ਘਾਤ ਕਰ ਲਵੇ। ਲੰਮੀ ਕੈਦ ਜਾਂ ਲਮਕ ਕੇ ਫਾਂਸੀ ਲੱਗਣ ਨਾਲੋਂ ਉਸ ਨੂੰ ਤੁਰੰਤ ਮਰਨਾ ਚੰਗਾ ਲੱਗਾ। ਉਸ ਨੇ ਛਾਤੀ ਨਾਲ ਬੇੜੀਆਂ ਵਾਲਾ ਦੁਹੱਥੜ ਮਾਰ ਕੇ ਉਹ ਬੰਬ ਚਲਾ ਦਿੱਤੇ ਜੋ ਜੇਬ ਵਿੱਚ ਰੱਖਿਆ ਕਰਦਾ ਸੀ ਜਿਸ ਨਾਲ ਆਪ ਲੀਰਾਂ ਲੀਰਾਂ ਹੋ ਗਿਆ ਪਰ ਨਾਲ ਦੇ ਅਫ਼ਸਰ ਤੇ ਪੁਲਸੀਏ ਵੀ ਦੋ ਤਿੰਨ ਨਾਹਕ ਉਡ ਗਏ । ਮਰਨਾ ਤਾਂ ਹੈ ਹੀ ਕੁਝ ਕਰਕੇ ਕਿਉਂ ਨਾ ਮਰੀਏ। ਮਰਨ ਲੱਗਿਆਂ ਵੀ ਬੰਦੇ ਦੀ ਰੂਹ ਦੀ ਹੌਂ ਪ੍ਰਬਲ ਰਹਿੰਦੀ ਹੈ, ਕਿਉਂਕਿ ਮੌਤ ਨਾਲ ਹੋਰ ਗੱਲਾਂ ਬਹੁਤ ਉੱਚੀਆਂ ਤੇ ਲੋੜੀਂਦੀਆਂ ਹਨ। ਅਰਜਨ ਦੇ ਸਾਹਮਣੇ ਜਦ ਕੌਰਵਾਂ ਦੀ ਫ਼ੌਜ ਆਈ ਉਸ ਦਾ ਦਿਲ ਡੋਲ ਗਿਆ, ਮਨ ਵਿੱਚ ਅਨੇਕਾਂ ਭਰਮ ਸਨ ਉਨ੍ਹਾਂ ਵਿਚੋਂ ਇਕ ਇਹ ਵੀ ਸੀ ਕਿ ਅਜਾਈਂ ਜਾਨ ਕਿਉਂ ਦੇਵਾਂ, ਖ਼ਬਰੇ ਅੱਗੇ ਕੀ ਹੈ ? ਕ੍ਰਿਸ਼ਨ ਆਇਆ ਫ਼ੌਜ ਦੇ ਸਾਹਮਣੇ ਖਲੋਤਿਆਂ ਉਸ ਨੂੰ ਸੁਝਾ ਦਿੱਤਾ ਕਿ ਆਪਣਾ ਬਿਗਾਨਾ ਕੋਈ ਨਹੀਂ, ਜੀਵਨ ਮ੍ਰਿਤੂ ਕੁਛ ਨਹੀਂ, ਮੈਂ ਤੇ ਤੂੰ ਕੁਝ ਨਹੀਂ। ਜਦ ਸਮਝ ਆ ਗਈ ਅਰਜਨ ਸਨਮੁਖ ਹੋ ਕੇ ਯੁੱਧ ਵਿੱਚ ਜਾ

ਧਸਿਆ। ਮੌਤ ਤੇ ਜਿੰਦ ਸਭ ਖ਼ਿਆਲ ਹਨ ਤੇ ਸਭ ਖ਼ਿਆਲ-ਵਸ ਹਨ। ਮੁਲਕ ਸਪਾਰਟਾ ਦੀਆਂ ਮਾਵਾਂ ਆਪਣੇ ਪੁੱਤਰਾਂ ਨੂੰ ਯੁੱਧ ਵੱਲ ਤੋਰਨ ਲਗਿਆਂ ਆਖਿਆ ਕਰਦੀਆਂ ਸਨ ਦੋਹਾਂ ਗੱਲਾਂ ਵਿਚੋਂ ਇਕ ਕਰੀਂ ਜਾਂ ਢਾਲ ਹੱਥ ਵਿੱਚ ਲਈ ਆਵੀਂ (ਅਰਥਾਤ ਜਿਤ ਕੇ) ਤੇ ਜਾਂ ਇਸ ਦੇ ਉੱਪਰ ਆਵੀਂ (ਅਰਥਾਤ ਤੇਰੀ ਲੋਥ ਇਹਦੇ ਉਤੇ ਆਵੇ) ਰਾਜਪੂਤ ਭੈਣਾਂ ਆਪਣੇ ਭਾਈਆਂ ਨੂੰ ਰੱਖੜੀਆਂ ਤੇ ਗਾਨੇ ਬੰਨ੍ਹ ਕੇ ਤੁਰਕਾਨੀ ਫੌਜਾਂ ਨਾਲ ਲੜਨ ਭੇਜਦੀਆਂ ਹਨ। ਜੇ ਮੌਤ ਨਾਲੋਂ ਉੱਪਰ ਇਸ ਜਗਤ ਵਿੱਚ ਕੁਝ ਨਾ ਹੋਵੇ, ਦੁਨੀਆਂ ਸੂਰਮਿਆਂ ਦੀਆਂ ਵਾਰਾਂ ਲਾ ਲਾ ਕੇ ਬਲ ਕਿਉਂ ਖਾਵੇ।

ਜਗਤ ਪ੍ਰਸਿੱਧ ਸਿਆਣੇ ਅਰਸਤੂ ਨੂੰ ਨਵੀਆਂ ਜੁਗ-ਪਲਟਾਊ ਵਿਚਾਰਾਂ ਪ੍ਰਚਾਰਨ ਦੇ ਦੋਸ਼ ਵਿੱਚ ਮੌਤ ਦੀ ਸਜ਼ਾ ਬੋਲ ਦਿੱਤੀ ਗਈ। ਘਰ ਵਾਲੀ ਬੱਚੇ ਨੂੰ ਗੋਦੀ ਵਿੱਚ ਲਈ ਰੋਂਦੀ ਆਈ, ਆਖਿਓਸੁ ਭਲੀਏ ਲੋਕੇ ਕਿਉਂ ਮੇਰਾ ਤੇ ਆਪਣਾ ਵਕਤ ਗਵਾਨੀ ਏਂ, ਜਾ ਕੰਮ ਲੱਗ ਮੈਂ ਸ਼ਾਗਿਰਦਾਂ ਨੂੰ ਆਖਰੀ ਸਿੱਖਿਆ ਦੇਣੀਆਂ ਹਨ। ਸ਼ਾਗਿਰਦ ਆ ਕੇ ਰੋਂਦੇ ਸਨ ਉਹ ਉਨ੍ਹਾਂ ਦੇ ਅਗਿਆਨ ਤੇ ਹੱਸਦਾ ਸੀ। ਜਦ ਸਾਰਿਆਂ ਨੂੰ ਵਾਰੀ ਵਾਰੀ ਅੰਤਮ ਸਿੱਖਿਆ ਤੇ ਸੂਚਨਾ ਦੇ ਚੁੱਕਾ, ਜ਼ਹਿਰ ਦਾ ਪਿਆਲਾ ਮੂੰਹ ਨੂੰ ਲਾ ਕੇ ਪੀ ਗਿਆ।

ਕੋਟੋ ਨਾਮੀ ਰੋਮ ਦੇ ਫੌਜੀ ਦਲਪਤੀ ਨੇ ਸਪੇਨ ਦੇ ਕੁਝ ਸ਼ਹਿਰੀਆਂ ਨੂੰ ਹੁਕਮ ਦੇ ਦਿੱਤਾ ਕਿ ਉਹ ਹਥਿਆਰ ਨਾ ਰੱਖਣ। ਹੁਕਮ ਸੁਣ ਕੇ ਹਜ਼ਾਰਾਂ ਸ਼ਹਿਰੀਆਂ ਨੇ ਆਪਣਾ ਘਾਤ ਕਰ ਲਿਆ। ਜਿਹੜੇ ਆਖਦੇ ਹਨ ਜੀਉਣਾ ਸੁਆਦਲਾ ਹੈ ਤੇ ਮੌਤ ਬੁਰੀ ਉਹ ਜਵਾਬ ਦੇਣ ਕਿ ਇਨ੍ਹਾਂ ਸ਼ਹਿਰੀਆਂ ਨੇ ਮਰਨਾ ਚੰਗਾ ਕਿਉਂ ਸਮਝਿਆ। ਆਖ਼ਰ ਕੋਈ ਚੀਜ਼ ਹੈ ਜਿਹੜੀ ਸਮੇਂ-ਸਮੇਂ ਮਰਨ ਜੀਵਨ ਦੇ ਦੋਰਾਹੇ ਉੱਤੇ ਆ ਕੇ ਮਰਨ ਦੇ ਰਾਹ ਨੂੰ ਉੱਚਾ, ਚੰਗਾ ਸੁਖਦਾਇਕ ਤੇ ਸਿਆਣਪ ਭਰਿਆ ਸਮਝ ਕੇ ਬੰਦਿਆਂ ਨੂੰ ਉਸ ਰਾਹ ਤੋਰ ਦੇਂਦਾ ਹੈ ਤੇ ਇਤਿਹਾਸ ਇਸ ਗੱਲ ਦੀ ਗਵਾਹੀ ਦੇਂਦੇ ਹਨ ਕਿ ਦੁਨੀਆਂ ਇਸ ਰਾਹ ਵਾਲਿਆਂ ਨੂੰ ਹੀ ਮੰਨਣ ਯੋਗ ਤੇ ਪੂਜਣ ਯੋਗ ਸਮਝਦੀ ਚਲੀ ਆਈ ਹੈ।

ਇਕ ਯੂਨਾਨੀ ਅਖਾਵਤ ਹੈ ਕਿ ਦੁਨੀਆਂ ਦੀਆਂ ਗੱਲਾਂ ਕੋਈ ਦੁੱਖ ਨਹੀਂ ਦੇਂਦੀਆਂ, ਉਨ੍ਹਾਂ ਗੱਲਾਂ ਬਾਬਤ ਉਨ੍ਹਾਂ ਦੀਆਂ ਆਪਣੀਆਂ ਵਿਚਾਰਾਂ ਦੁੱਖ ਦੇਂਦੀਆਂ ਹਨ। ਸਾਨੂੰ ਮਰਨ ਵੇਲੇ ਦੇ ਜਾਂ ਹੋਰ ਸਰੀਰਕ ਦੁੱਖਾਂ ਦਾ ਹੀ ਬੜਾ ਡ੍ਰਾਹ ਹੈ ਹਾਲਾਂਕਿ ਵੱਡੀ-ਵੱਡੀ ਸਰੀਰਕ ਪੀੜ ਸਮੇਂ ਸਮੇਂ ਅਨੁਸਾਰ ਖਿੜੇ ਮਥੇ

ਝੱਲ ਲਈਦੀ ਹੈ। ਸਰੀਰਕ ਦੁੱਖ ਜਿੰਨਾ ਤਿੱਖਾ ਹੋਵੇ ਓਨਾ ਹੀ ਥੋੜ੍ਹੇ ਚਿਰ ਦਾ ਹੁੰਦਾ ਹੈ। ਲੰਮੀ ਪੀੜ ਕਦੇ ਤ੍ਰਿਖੀ ਨਹੀਂ ਹੁੰਦੀ ਤੇ ਵੱਡੀ ਤੋਂ ਵੱਡੀ ਪੀੜ ਮੁੱਕ ਜਾਂਦੀ ਹੈ—ਮੌਤ ਨਾਲ।

ਪਿਰੋ ਨਾਮੇ ਯੂਨਾਨੀ ਸਿਆਣਾ ਆਪਣੇ ਸ਼ਾਗਿਰਦਾਂ ਸਣੇ ਇਕ ਕਿਸ਼ਤੀ ਵਿੱਚ ਬੈਠਾ ਸੀ ਜਿਸ ਵਿੱਚ ਇਕ ਸੂਰ ਸੀ। ਸਾਗਰ ਵਿੱਚ ਹਨੇਰੀ ਆ ਗਈ, ਕਿਸ਼ਤੀ ਡੋਲਣ ਲੱਗ ਪਈ। ਬੰਦਿਆਂ ਨੂੰ ਉੱਚੀਆਂ ਲਹਿਰਾਂ ਤੇ ਕਾਲਾ ਬੋਲਾ ਹਨੇਰਾ ਵੇਖ ਕੇ ਡਰ ਲੱਗਣ ਲੱਗ ਪਿਆ। ਸੂਰ ਅਡੋਲ ਬੈਠਾ ਰਿਹਾ, ਨਾ ਉਸ ਨੂੰ ਸੂਝ ਸੀ ਨਾ ਡਰ। ਪਿਰੋ ਆਖਣ ਲੱਗਾ ਵੇਖੋ ਤੁਹਾਡੇ ਨਾਲੋਂ ਤਾਂ ਇਹ ਪਸ਼ੂ ਹੀ ਸਿਆਣਾ ਹੈ, ਮੌਤ ਆਉਂਦੀ ਹੈ ਤਾਂ ਆਵੇ, ਰੋਣ ਪਿੱਟਣ ਨਾਲ ਟਲ ਨਹੀਂ ਚੱਲੀ।

ਲੜਾਈ ਸਮੇਂ ਸੱਟ ਲੱਗ ਜਾਵੇ ਕਈ ਵਾਰ ਪਤਾ ਹੀ ਨਹੀਂ ਲੱਗਦਾ। ਡਾਕਟਰ ਟੀਕਾ ਕਰਨ ਲੱਗੇ ਜਾਂ ਸੂਈ ਨਾਲ ਕੰਡਾ ਕਢਵਾਈਏ ਕਿਵੇਂ ਮੂੰਹ ਵਟੀਦਾ ਹੈ ਪਰ ਜੇ ਹਥੋਪਾਈ ਵਿੱਚ ਚਾਰ ਉਂਗਲ ਚਾਕੂ ਕਿਤੇ ਧੱਸ ਜਾਵੇ, ਲਹੂ ਨਿਕਲਣ ਨਾਲ ਹੀ ਇਸ ਦਾ ਪਤਾ ਲੱਗਦਾ ਹੈ।

ਸਪਾਰਟਾ ਦੀਆਂ ਬਹਾਦਰ ਇਸਤ੍ਰੀਆਂ ਲਈ ਸਰੀਰਕ ਪੀੜ ਕੋਈ ਚੀਜ਼ ਨਹੀਂ ਸੀ। ਸੁਇਟਜ਼ਰਲੈਂਡ ਦੀਆਂ ਮਾਵਾਂ ਇਕ ਦਿਨ ਬੱਚਾ ਜਣ ਕੇ ਦੂਜੇ ਦਿਨ ਆਪਣੇ ਖਸਮਾਂ ਦੇ ਮਗਰ ਕਾਰੇ ਲੱਗ ਪੈਂਦੀਆਂ ਹਨ। ਜਿਪਸੀ ਕੌਮ ਦੀਆਂ ਖਾਨਾਬਦੋਸ਼ ਇਸਤ੍ਰੀਆਂ ਆਪੇ ਬੱਚਾ ਜਣ ਕੇ ਉਸ ਨੂੰ ਨੇੜੇ ਦੀ ਵਗਦੀ ਨਦੀ ਵਿੱਚ ਜਾ ਧੋਂਦੀਆਂ ਹਨ। ਤੇ ਆਪ ਵੀ ਉਸੇ ਵੇਲੇ ਨਹਾਉਣ ਕਰ ਲੈਂਦੀਆਂ ਹਨ। ਸਪਾਰਟਾ ਦੇ ਇਕ ਮੁੰਡੇ ਦੀ ਸੱਚੀ ਵਾਰਤਾ ਹੈ ਕਿ ਉਸ ਨੇ ਇਕ ਲੂਮੜੀ ਚੋਰੀ ਫੜੀ। ਫੜ ਕੇ ਉਸ ਨੂੰ ਆਪਣੇ ਚੋਗੇ ਦੀ ਬੁਕਲ ਵਿੱਚ ਲੁਕੋ ਲਿਆ। ਲੂਮੜੀ ਨੇ ਉਸ ਦਾ ਢਿੱਡ ਚੀਰ ਸੁੱਟਿਆ, ਪਰ ਚੋਰੀ ਦੀ ਹੀਣਤ ਐਨੀ ਹੋਈ ਕਿ ਉਸ ਮੁੰਡੇ ਨੇ ਵਾਜ ਨਾ ਕੱਢੀ। ਇਸੇ ਤਰ੍ਹਾਂ ਇਕ ਹੋਰ ਮੁੰਡਾ ਮੰਦਰ ਵਿੱਚ ਕੁਰਬਾਨੀ ਦੀ ਰਸਮ ਵਿੱਚ ਸ਼ਾਮਲ ਸੀ ਕਿ ਅੱਗ ਦੀ ਚਿੰਗਾੜੀ ਉਸ ਦੇ ਕੁੜਤੇ ਦੇ ਅੰਦਰ ਆ ਪਈ। ਮੁੰਡੇ ਦਾ ਮਾਸ ਹੱਡੀ ਤੀਕ ਸੜ ਗਿਆ ਪਰ ਉਸ ਨੇ ਚੀਕ ਕੇ ਵਿਘਨ ਪਾਉਣਾ ਠੀਕ ਨਾ ਸਮਝਿਆ। ਕਠਨਤਾਈ ਦੇ ਮੁਕਾਬਲੇ ਵਿੱਚ ਯੂਨਾਨ ਦਾ ਇਕ ਸੱਤ ਸਾਲਾ ਬੱਚਾ ਕੋਰੜੇ ਖਾਂਦਾ ਮਰ ਗਿਆ ਪਰ ਚੇਹਰੇ ਤੇ ਵੱਟ ਨਾ ਪੈਣ ਦਿੱਤਾ।

ਕੁਦਰਤ ਬੜੀ ਬੇ-ਅੰਤ ਹੈ, ਡਾਢੀ ਹੈ, ਅਮੋੜ ਹੈ, ਇਸ ਨੂੰ ਕੌਣ ਚਾਹ ਸਕਦਾ ਹੈ। ਪਰ ਸਾਡੇ ਆਪਣੇ ਕਚੇ ਖ਼ਿਆਲਾਂ ਤੇ ਬਹਾਨਿਆਂ ਨੇ, ਸਰੀਰਕ ਆਲਸ ਨੇ ਸਾਨੂੰ ਪੋਲੇ ਤੇ ਦੁਰਬਲ ਬਣਾ ਛੱਡਿਆ ਹੈ।

ਸਕੇਵੋਲਾ ਨਾਮੀ ਇੱਕ ਰੋਮਨ ਦੁਸ਼ਮਣ ਦੇ ਡੇਰੇ ਵਿੱਚ ਜਾ ਵੜਿਆ ਕਿ ਦੁਸ਼ਮਣ ਜਰਨੈਲ ਨੂੰ ਚੋਰੀ ਮਾਰ ਸੁੱਟੇ। ਕੰਮ ਸਿਰੇ ਨਾ ਚੜ੍ਹਿਆ ਤੇ ਗੁੱਸੇ ਵਿੱਚ ਆਪਣੀ ਬਾਂਹ ਅੰਗੀਠੀ ਦੀ ਅੱਗ ਵਿੱਚ ਰੱਖ ਕੇ ਭੁੰਨ ਸੁੱਟੀ। ਸਪੇਨ ਦੇ ਉਹ ਮੱਲ ਜੋ ਜੰਗਲੀ ਜਾਨਵਰਾਂ ਉੱਤੇ ਛੂਹੇ ਹੋਏ ਸਾਨ੍ਹਾਂ ਦਾ ਮੁਕਾਬਲਾ ਕਰਦੇ ਸਨ, ਗਲੈਡੀਏਟਰ ਅਖਵਾਂਦੇ ਸਨ। ਕਈ ਵਾਰ ਹਜ਼ਾਰਾਂ ਤਮਾਸ਼ਬੀਨਾਂ ਦੇ ਸਾਹਮਣੇ ਗਲੈਡੀਏਟਰ ਅਖਾੜੇ ਦੇ ਵਿੱਚ ਹੀ ਮਰ ਜਾਂਦੇ ਸਨ ਪਰ ਕੋਈ ਅਜਿਹਾ ਨਹੀਂ ਸੀ ਜੋ ਕਦੀ ਹਾਇ ਆਖਦਾ ਜਾਂ ਚੇਹਰੇ ਉੱਤੇ ਵੱਟ ਪਾਉਂਦਾ। ਹੋਰ ਤਾਂ ਹੋਰ ਪੈਰਿਸ ਦੀਆਂ ਕਈ ਸ਼ੁਕੀਨਣਾਂ ਫੈਸ਼ਨ ਦੀਆਂ ਮਾਰੀਆਂ ਨੇ ਕੁਦਰਤੀ ਦੰਦ ਮੂੰਹ ਦੇ ਕਢਵਾ ਦਿੱਤੇ, ਮੂੰਹ ਉੱਤੋਂ ਚਮੜੀ ਲੁਹਾਈ।

ਸੋ ਸਰੀਰਕ ਦੁੱਖ ਜਾਂ ਪੀੜ ਅਜਿਹੀ ਚੀਜ਼ ਨਹੀਂ ਜਿਸ ਤੋਂ ਲੋਕ ਡਰਨ ਤੇ ਨਾ ਮੌਤ ਵੇਲੇ ਸਰੀਰ ਨੂੰ ਕੋਈ ਅਜਿਹੀ ਪੀੜ ਹੁੰਦੀ ਹੈ ਜੋ ਝੱਲੀ ਨਾ ਜਾ ਸਕੇ। ਕਈ ਫਿਲਾਸਫਰ (ਸਿਆਣੇ) ਜਾਣ ਬੁਝ ਕੇ ਆਪਣੀ ਮੌਤ ਨੂੰ ਸਹੇੜਦੇ ਸਨ। ਆਪਣੇ ਅੰਤਮ ਵੇਲੇ ਘਰ ਦੇ ਕੰਮਾਂ ਕਾਜਾਂ ਨੂੰ ਸਮੇਟ ਕੇ ਦੋਸਤਾਂ ਯਾਰਾਂ ਨੂੰ ਮਿਲ ਮਿਲਾ ਕੇ, ਉਪਦੇਸ਼ ਦੇਂਦੇ, ਕਰਦੇ–ਕਦੇ ਮਖੌਲ ਕਰਦੇ–ਹੱਸਦੇ ਖੇਡਦੇ ਚਲਾਣੇ ਕਰਦੇ ਸਨ।

ਸੋਲਨ ਨਾਮੇ ਸਿਆਣਾ ਆਖਦਾ ਹੈ "ਆਦਮੀ ਦੀ ਤਕਦੀਰ ਭਾਵੇਂ ਕੇਡੀ ਚੰਗੀ ਜਾਪੇ ਕੋਈ ਆਦਮੀ ਆਪਣੇ ਆਪ ਨੂੰ ਸੁਖੀ ਨਹੀਂ ਆਖ ਸਕਦਾ ਜਦ ਤੱਕ ਉਸ ਦੇ ਜੀਵਨ ਦਾ ਛੇਕੜਲਾ ਦਿਨ ਬੀਤ ਨਾ ਜਾਵੇ। ਕਿਸੇ ਜੀਵਨ ਨੂੰ ਉਦੋਂ ਤੱਕ ਤੋਲਿਆ ਨਹੀਂ ਜਾ ਸਕਦਾ ਜਦ ਤੱਕ ਨਾਟਕ ਦੀ ਅੰਤਮ ਤੇ ਔਖੀ ਝਾਕੀ ਲੰਘ ਨਾ ਜਾਵੇ। ਇਸ ਅੰਤਮ ਝਾਕੀ ਵਿੱਚ ਬਲ ਛਲ ਨਾਲ ਝੱਟ ਨਹੀਂ ਲੰਘ ਸਕਦਾ। ਇਹ ਦਿਹਾੜਾ ਦਿਹਾੜਿਆਂ ਦਾ ਵੱਡਾ ਦਿਹਾੜਾ ਹੈ।"

ਇਕ ਹੋਰ ਸਿਆਣਾ ਆਖਦਾ ਹੈ, "ਮੈਂ ਇਸ ਲਈ ਜੀ ਰਿਹਾ ਹਾਂ ਕਿ ਹਰ ਪ੍ਰਕਾਰ ਦੀ ਮੌਤ ਦਾ ਕਿੱਸਾ ਲਿਖਾਂ।" ਜੀਵਨ ਜੁਗਤ ਓਹੀ ਸਿਖਲਾ ਸਕਦਾ ਹੈ ਜੋ ਮਰਨ ਦੀ ਯੁਕਤੀ ਦੱਸੇ। ਮਰਨਾ ਵਿਰਲਿਆਂ ਨੂੰ ਆਉਂਦਾ ਹੈ। ਜਿਨ੍ਹਾਂ ਨੂੰ ਮਰਨਾ ਆ ਗਿਆ ਉਨ੍ਹਾਂ ਦੇ ਨਾਮ ਰਹਿੰਦੀ ਦੁਨੀਆਂ ਤੱਕ ਸੂਰਜ ਵਾਂਗ

ਚਮਕਦੇ ਰਹਿਣਗੇ। ਬਾਦਸ਼ਾਹ ਔਟੋ ਨੇ ਲੜਾਈ ਵਿੱਚ ਦੇਖ ਲਿਆ ਕਿ ਹੁਣ ਖੇਲ ਮੁੱਕ ਗਈ। ਆਪਣਾ ਘਾਤ ਕਰਨ ਦਾ ਫੈਸਲਾ ਕਰ ਲਿਆ। ਘਰੋਗੀ ਗੱਲ ਬਾਤ ਤਹਿ ਕੀਤੀ, ਨੌਕਰਾਂ ਨੂੰ ਇਨਾਮ ਵਜੋਂ ਮਾਇਆ ਵੰਡ ਦਿੱਤੀ, ਫੇਰ ਆਪਣੀ ਤਲਵਾਰ ਨੂੰ ਸਾਣ ਚੜ੍ਹਾਇਆ। ਉਡੀਕ ਕੇਵਲ ਇਸ ਗੱਲ ਵਲੋਂ ਸੀ ਕਿ ਸਾਥੀ ਸਭ ਪਿੱਛੇ ਹਟ ਕੇ ਬਚ ਜਾਣ। ਜਦ ਇਸ ਗੱਲ ਵਲੋਂ ਤਸੱਲੀ ਹੋ ਗਈ। ਬਾਦਸ਼ਾਹ ਦੁਸ਼ਮਣ ਅਤੇ ਆਪਣੀ ਮੌਤ ਦੀ ਉਡੀਕ ਵਿੱਚ ਤਲਵਾਰ ਲੈ ਕੇ ਘੂਕ ਸੌਂ ਗਿਆ। ਜਦ ਤੁਰਕੀ ਫੌਜਾਂ ਨੇ ਸਿਸਲੀ ਟਾਪੂ ਨੂੰ ਸਰ ਕੀਤਾ, ਉਥੋਂ ਦੇ ਇਕ ਅਣਖੀਲੇ ਟੱਬਰਦਾਰ ਦੀ ਸੱਚੀ ਵਾਰਤਾ ਇਉਂ ਦੱਸਦੇ ਹਨ ਕਿ ਜਦ ਤੁਰਕ ਸਾਹਮਣੇ ਆ ਗਏ ਉਸ ਨੇ ਆਪਣੀਆਂ ਦੋ ਮੁਟਿਆਰ ਧੀਆਂ ਦੀ ਇੱਜ਼ਤ ਬਚਾਉਣ ਲਈ ਪਹਿਲੋਂ ਉਨ੍ਹਾਂ ਦੇ ਆਤਮਘਾਤ ਵਿੱਚ ਮਦਦ ਦਿੱਤੀ ਫੇਰ ਆਪਣੀ ਇਸਤ੍ਰੀ ਨੂੰ ਉਸੇ ਰਾਹ ਵਿਦਾ ਕੀਤਾ ਤੇ ਓੜਕ ਵਿੱਚ ਉਹ ਆਪ ਤਲਵਾਰ ਫੜ ਕੇ ਇਕੱਲਾ ਤੁਰਕਾਂ ਦੇ ਨਾਲ ਜਾ ਟਕਰਿਆ ਅਤੇ ਇੱਜ਼ਤ ਦੀ ਸ਼ਹੀਦੀ ਪਾ ਗਿਆ।

ਕਿੱਥੇ ਤਾਂ ਉਹ ਲੋਕ ਹਨ ਜੋ ਆਪਣੀ ਮੌਤ ਤਾਂ ਕੀ ਦੂਜਿਆਂ ਦੀ ਮੌਤ ਦੇ ਨਾਮ ਤੋਂ ਹੀ ਸੋਗ, ਡਰ ਅਤੇ ਫਿਕਰ ਦੇ ਪਾਣੀਆਂ ਵਿੱਚ ਡੁੱਬੇ ਜਾਂਦੇ ਹਨ ਤੇ ਕਿਥੇ ਉਹ ਜਿਨ੍ਹਾਂ ਨੂੰ ਸੂਲੀ ਦੇ ਤਖਤੇ ਉੱਤੇ ਖਲੋਤਿਆਂ ਨੂੰ ਭੀ ਟਿਚਕਰਾਂ ਸੁਝਦੀਆਂ ਹਨ। ਜ਼ਾਲਮ ਬਾਦਸ਼ਾਹ ਕੈਲੀ ਗੁਲਾ ਨੇ ਜੂਲੀਅਸ ਨਾਮੇ ਬਹਾਦਰ ਨੂੰ ਮੌਤ ਦਾ ਹੁਕਮ ਸੁਣਾ ਦਿੱਤਾ। ਉਸ ਨੇ ਆਪਣੀ ਨਾੜ ਖੁਲ੍ਹਾ ਲਈ ਤੇ ਲਹੂ ਵੱਗਣ ਲੱਗ ਪਿਆ। ਕੁਛ ਚਿਰ ਪਿੱਛੋਂ ਉਸ ਨੂੰ ਕਿਸੇ ਨੇ ਪੁਛਿਆ ਸੁਣਾ ਜੂਲੀਅਸ ਐਸ ਵੇਲੇ ਤੇਰੀ ਰੂਹ ਕਿਥੇ ਕੁ ਹੈ, ਕੀ ਕਰ ਰਹੀ ਹੈ, ਤੈਨੂੰ ਕੀ ਵਿਚਾਰਾਂ ਫੁਰ ਰਹੀਆਂ ਹਨ ? ਜਵਾਬ ਦਿੱਤਾ ਕਿ ਮੈਂ ਉਸ ਨਿਮਖ ਦੀ ਉਡੀਕ ਵਿੱਚ ਬੜੇ ਗਹੁ ਨਾਲ ਲਗਿਆ ਹੋਇਆ ਹਾਂ ਜਦ ਮੇਰੀ ਰੂਹ ਨਿਕਲੇਗੀ ਤਾਂਕਿ ਜੇ ਹੋ ਸਕੇ ਤਾਂ ਮੈਂ ਉਸ ਨੂੰ ਜਾਂਦੀ ਨੂੰ ਵੇਖ ਸਕਾਂ ਅਤੇ ਪਤਾ ਲਾ ਸਕਾਂ ਕਿ ਜਾਣ ਲੱਗੀ ਨੂੰ ਸੁਰਤ ਹੈ ਜਾਂ ਨਹੀਂ, ਜੇਕਰ ਮੈਨੂੰ ਕੁਛ ਗਿਆਨ ਲੱਭੇ ਮੈਂ ਮੁੜ ਆ ਕੇ ਆਪਣੇ ਮਿੱਤਰਾਂ ਨੂੰ ਭੀ ਸਮਝਾ ਸਕਾਂ। ਇਕ ਆਦਮੀ ਨੂੰ ਫਾਂਸੀ ਦਾ ਹੁਕਮ ਹੋਇਆ, ਉਸ ਨੂੰ ਕੈਦਖਾਨੇ ਵਿੱਚੋਂ ਫਾਹੇ ਵਾਲੀ ਥਾਂ ਲਿਜਾਣ ਲੱਗੇ ਤਾਂ ਆਖਦਾ ਹੈ ਭਈ ਮੈਨੂੰ ਫਲਾਨੀ ਗਲੀ ਦੇ ਰਾਹ ਨਾ ਲਿਜਾਣਾ। ਉਸ ਰਾਹ ਇਕ ਆਦਮੀ ਹੈ ਜਿਸ ਦਾ ਮੈਂ ਚਿਰ ਦਾ ਕਰਜ਼ਾ ਦੇਣਾ ਹੈ। ਇਕ ਹੋਰ ਦੀ ਬਾਬਤ ਆਖਦੇ ਹਨ ਕਿ ਜਦ ਜਲਾਦ ਨੇ ਗਲ ਵਿੱਚ ਫਾਹੇ ਦੀ ਸੁੱਬੀ ਪਾਈ

ਉਹ ਆਖਣ ਲੱਗਾ ਭਈ ਮੈਨੂੰ ਇਸ ਨਾਲ ਗਰਦਨ ਵਿੱਚ ਕੁਤਕੁਤੀਆਂ ਨਿਕਲਦੀਆਂ ਹਨ ਤੇ ਹਾਸਾ ਛੁੱਟਦਾ ਹੈ। ਇਕ ਮੌਤ ਦੀ ਸਜ਼ਾ ਵਾਲੇ ਨੂੰ ਆਖਰੀ ਵੇਲੇ ਪਾਦਰੀ ਨੇ ਧਾਰਮਕ ਰੀਤ ਅਨੁਸਾਰ ਉਸ ਦੇ ਅਪਰਾਧਾਂ ਦਾ ਇਕਬਾਲ ਕਰਾਉਣਾ ਸੀ (Confession) ਪਾਦਰੀ ਬੜੇ ਹੇਜ ਨਾਲ ਆਖਣ ਲੱਗਾ ਅੱਜ ਰਾਤ ਨੂੰ ਹਜ਼ਰਤ ਈਸਾ ਨਾਲ ਜਾ ਕੇ ਰੋਟੀ ਖਾਵੇਂਗਾ। ਜਵਾਬ ਮਿਲਿਆ ਪਾਦਰੀ ਜੀ ਤੁਸਾਂ ਜਾਣਾ ਹੈ ਤਾਂ ਜਾ ਖਾਓ ਮੈਂ ਤਾਂ ਹਾਲਾਂ ਵਰਤ ਰੱਖੇ ਹੋਏ ਹਨ।

ਮੋਟੀ ਜਿਹੀ ਗੱਲ ਹੈ ਕਿ ਜੀਉਂਦਿਆਂ ਨੂੰ ਜੀਉਣ ਦੀਆਂ ਗੱਲਾਂ ਨਾਲ ਹੀ ਸੰਬੰਧ ਹੈ, ਮਰ ਗਏ ਤਾਂ ਅਗਲੇ ਪਾਸੇ ਵੇਖੀ ਜਾਊ, ਤੇ ਸੋਚ ਫਿਕਰ ਨਾਲ ਨਾ ਮੌਤ ਰੁਕ ਸਕਦੀ ਹੈ ਨਾ ਅਗਲੇ ਬੰਨੇ ਦਾ ਪਤਾ ਲੱਗ ਸਕਦਾ ਹੈ।

ਫਰਾਂਸ ਦੇ ਮਸ਼ਹੂਰ ਸੂਰਮਾ ਸ਼ਿਵੇਲੀਅਰ ਬੇਯਾਰਡ ਨੂੰ ਕਾਰੀ ਜ਼ਖਮ ਲੱਗਾ ਤਾਂ ਡਾਕਟਰਾਂ ਮੱਤ ਦਿੱਤੀ ਕਿ ਜੰਗ ਵਿਚੋਂ ਨਿਕਲ ਜਾਓ। ਆਖਣ ਲੱਗਾ ਹੁਣ ਐਸ ਓੜਕ ਉਮਰੇ ਵੈਰੀਆਂ ਨੂੰ ਕੰਡ ਵਿਖਾਵਾਂ ? ਲੜਦਾ ਰਿਹਾ, ਜਦ ਖ਼ੂਨ ਦੇ ਵਗ ਜਾਣ ਨਾਲ ਬੇਸੁਰਤ ਹੋ ਕੇ ਜ਼ੀਨ ਤੋਂ ਡਿੱਗਣ ਲੱਗਾਂ ਤਾਂ ਆਪਣੇ ਅਰਦਲੀ ਨੂੰ ਹੁਕਮ ਦਿੱਤਾ ਕਿ ਮੈਨੂੰ ਬ੍ਰਿਛ ਦੀ ਜੜ੍ਹ ਉੱਤੇ ਢੋਹ ਲਾ ਕੇ ਤੇ ਵੈਰੀ ਵੱਲ ਮੂੰਹ ਕਰਕੇ ਬਿਠਾ ਦੇਹ।

ਮਿਸਰ ਦੀ ਮਲਕਾ ਕਲੀਓਪੈਟਰਾ ਆਪਣੇ ਜ਼ਮਾਨੇ ਦੀ ਜਗਤ ਪ੍ਰਸਿੱਧ ਸੁੰਦਰੀ ਸੀ। ਸਾਰਾ ਜੀਵਨ ਬਾਦਸ਼ਾਹੀ ਸ਼ਾਨ ਇਸ਼ਕ ਦੇ ਝੂਟਿਆਂ ਅਤੇ ਦੁਨੀਆਂ ਦੇ ਕੀਰਤ ਦੇ ਸੁਹਾਵਣੇ ਗੀਤਾਂ ਵਿੱਚ ਬਿਤਾਇਆ ਸੀ। ਜਦ ਦਿਨ ਉਲਟੇ, ਹੀਰ ਵਾਂਗ ਗਾਈ ਗਈ ਇਸ ਮਲਕਾ ਨੇ ਉਸੇ ਸ਼ਾਨ ਨਾਲ ਆਪਣੇ ਜੀਵਨ ਨਾਟਕ ਉੱਤੇ ਪਰਦਾ ਪਾ ਦਿੱਤਾ। ਆਪਣੇ ਰਿਸ਼ਤੇਦਾਰਾਂ ਵਜ਼ੀਰਾਂ ਨੂੰ ਘਰ ਸੱਦਿਆ, ਖਾਣ ਪੀਣ ਦਾ ਚੱਕਰ ਜਸ਼ਨ ਦੇ ਦਿਨ ਵਾਂਗ ਮਨਾਇਆ ਅਤੇ ਇਕ ਸੁੰਦਰ ਬੀਸੀਅਰ ਸਪੋਲੀਆਂ ਮੰਗਵਾ ਕੇ ਆਪਣੀ ਵਕੜੀ ਵਿੱਚ ਲੈ ਲਿਆ। ਮਰਦੇ ਤਾਂ ਸਾਰੇ ਹਨ ਪਰ ਜਿਹੜੇ ਮਰਨ ਵਿੱਚ ਭੀ ਆਪਣੀ ਸ਼ਾਨ ਅਣਖ ਤੇ ਮਰਦਊ ਨੂੰ ਮੂਹਰੇ ਰੱਖਣ ਅਜਿਹੇ ਵਿਰਲੇ ਹੈਨ ਹਾਲਾਂਕਿ ਅਜਿਹਾ ਮਰਨਾ ਸਗੋਂ ਅਗਲੀ ਮਸ਼ਹੂਰੀ ਨੂੰ ਭੀ ਚਾਰ ਚੰਦ ਲਾ ਦੇਂਦਾ ਹੈ—

ਈਰੋਸ ਨਾਮੇ ਇਕ ਪ੍ਰਸਿੱਧ ਯੋਧਾ ਆਪਣੇ ਨਾਲ ਸਦਾ ਹੀ ਇਕ ਨੌਕਰ ਰੱਖਿਆ ਕਰਦਾ ਸੀ, ਜਿਸ ਨੇ ਸਾਰੀ ਉਮਰ ਵਿੱਚ ਇਕ ਕੰਮ ਕਰਨਾ ਸੀ ਅਤੇ ਉਹ ਇਹ ਸੀ ਕਿ ਜਦ ਈਰੋਸ ਹੁਕਮ ਦੇਵੇ ਉਸ ਨੂੰ ਮੌਤ ਦੇ ਘਾਟ ਉਤਾਰ

ਦੇਵੇ। ਭਾਰਤ ਵਰਸ਼ ਵਿੱਚ ਤਲਵਾਰ ਜਾਂ ਕਟਾਰ ਨੂੰ ਬੜਾ ਉੱਚਾ ਦਰਜਾ ਦਿੱਤਾ ਗਿਆ ਹੈ ਅਤੇ ਇਹਨਾਂ ਨੂੰ ਮਰਦਾਂ ਦਾ ਨਾ ਕੇਵਲ ਸੁਹਜ ਤੇ ਰੂਪ ਬਲਕਿ ਨਾ ਟਲਣ ਵਾਲੇ ਮਿੱਤਰ ਤੇ ਇਸਤ੍ਰੀ ਜਾਤੀ ਦੇ ਜਤ ਸਤ ਤੇ ਦਾਮਨ ਦੀ ਰੱਖਿਆ ਕਰਨ ਵਾਲੇ ਆਖਿਆ ਗਿਆ ਹੈ। ਗੁਰੂ ਦਸਮ ਪਾਤਸ਼ਾਹ ਜੀ ਨੇ ਇਸ ਅਨੇਕ ਰੂਪ ਬਦੌਲੀ ਦੀ ਉਪਮਾ ਐਵੇਂ ਨਹੀਂ ਕੀਤੀ। ਇਕਨਾ ਭਾਣੇ ਮੌਤ ਇਕ ਮਹਾਨ ਭਿਆਨਕ ਚੀਜ਼ ਹੈ ਪਰ ਦੂਜਿਆਂ ਭਾਣੇ ਜੀਵਨ ਦੇ ਦੁਖੜਿਆਂ ਤੋਂ ਇਕ ਸੁਖੀ ਕੁਟੀਆ, ਕੁਦਰਤ ਦੀ ਸਭ ਤੋਂ ਉੱਤਮ ਔਸ਼ਧੀ, ਆਜ਼ਾਦੀ ਦੀ ਅੰਤਮ ਇਕੋ ਤੇ ਤੁਰਤ ਰਾਹ ਅਤੇ ਸਾਰਿਆਂ ਰੋਗਾਂ ਦਾ ਇਕ ਇਲਾਜ ਹੈ, ਅਤੇ ਇਸ ਮਹਾਕਾਲ ਦੀ ਨਿਸ਼ਾਨੀ ਇਕ ਕ੍ਰਿਪਾਨ ਜਾਂ ਇਕ ਨੀਮਚਾ-ਕ੍ਰਿਪਾਨ ਦੀ ਆਵਸ਼ਯਕਤਾ ਐਨੀ ਦੂਜਿਆਂ ਉੱਤੇ ਵਾਰ ਕਰਨ ਦੀ ਨਹੀਂ ਜਿਨੀ ਆਪਣੇ ਉੱਤੇ ਕੀਤੇ ਵਾਰਾਂ ਤੋਂ ਬਚਣ ਵਿੱਚ ਹੈ ਅਤੇ ਸਰੀਰਕ ਬਚਾਓ ਵਿੱਚ ਨਹੀਂ ਜਿਨੀ ਇੱਜ਼ਤ ਤੇ ਆਬਰੂ ਨੂੰ ਵੱਟਾ ਲੱਗਣ ਤੋਂ ਬਚਾਉਣ ਵਿੱਚ ਹੈ। ਮੁਕਤੀ ਦਾ ਰਾਹ ਮੌਤ ਹੈ ਅਤੇ ਮੌਤ ਦੀ ਕੁੰਜੀ ਕੋਲ ਰੱਖਣ ਲਈ ਜਿਹੜਾ ਧਰਮ ਜ਼ੋਰ ਦੇਂਦਾ ਹੈ, ਉਹ ਮਰਨ ਜੀਵਨ ਦੀ ਸਿੱਖਿਆ ਵਾਲਾ ਧਰਮ ਹੈ।

ਫ਼ੋਸ਼ਿਅਨ ਇਕ ਯੂਨਾਨੀ ਜਰਨੈਲ ਸੀ ਪਰ ਆਤਮ ਵਿਦਿਆ ਵਿੱਚ ਬੜਾ ਸਿਆਣਾ ਸੀ, ਉਸ ਨੂੰ ਮੌਤ ਦਾ ਹੁਕਮ ਹੋ ਗਿਆ। ਯਾਰ ਦੋਸਤ ਆਏ। ਇਕ ਨੇ ਆਖਿਆ ਜ਼ਹਿਰ ਦੀ ਪਿਆਲੀ ਪਹਿਲੋਂ ਮੈਨੂੰ ਦੇਵੋ, ਫ਼ੋਸ਼ਿਅਨ ਨੇ ਆਖਿਆ ਗੱਲ ਤਾਂ ਔਖੀ ਹੈ ਪਰ ਚੰਗਾ ਤੂੰ ਲੈ ਲੈ, ਕੀ ਤੂੰ ਫ਼ੋਸ਼ਿਅਨ ਨਾਲ ਮਰਨਾ ਭੀ ਇਕ ਮਾਣ ਸਮਝਦਾ ਹੈਂ ? ਬੜੇ ਆਦਮੀਆਂ ਦੀ ਮੌਤ ਖਾਸ ਕਰ ਸ਼ਾਨਦਾਰ ਮੌਤ ਵਿੱਚ ਦੁਨੀਆਂ ਨੂੰ ਖਿੱਚ ਹੁੰਦੀ ਹੈ, ਇਸ ਫ਼ੋਸ਼ਿਅਨ ਦੇ ਮਰਨ ਪਿੱਛੋਂ ਯੂਨਾਨੀਆਂ ਨੇ ਉਸ ਆਦਮੀ ਨੂੰ ਭੀ ਮਰਵਾ ਦਿੱਤਾ ਜਿਸ ਨੇ ਉਸ ਉੱਤੇ ਝੂਠੀ ਤੁਹਮਤ ਲਾਈ ਸੀ। ਕੇਟੋ (ਛੋਟਾ) ਇਕ ਪ੍ਰਸਿੱਧ ਰੋਮਨ ਜਰਨੈਲ ਸੀ, ਉਸ ਦੇ ਹਮਾਇਤੀ ਨੂੰ ਹਾਰ ਹੋ ਗਈ ਅਤੇ ਜਦ ਸੁਣਿਆ ਕਿ ਸੀਜ਼ਰ ਉਸ ਦਾ ਦੁਸ਼ਮਣ ਉਸ ਵੱਲ ਆ ਰਿਹਾ ਹੈ, ਅਫਲਾਤੂਨ ਦੀ ਰਚਿਤ ਪੁਸਤਕ ਦਾ ਜਿਸ ਵਿੱਚ ਆਦਮੀ ਅਮਰ ਸਿੱਧ ਕੀਤਾ ਹੈ, ਪਾਠ ਕੀਤਾ ਤੇ ਆਪਣੇ ਸੀਨੇ ਵਿੱਚ ਕਟਾਰ ਖੋਭ ਲਈ। ਦੋਸਤਾਂ ਨੇ ਨੌਕਰਾਂ ਨੇ ਆ ਕੇ ਫੜਕੇ ਫੱਟ ਨੂੰ ਸੀਊਂ ਦਿੱਤਾ ਪਰ ਕੇਟੋ ਨੇ ਨੌਕਰਾਂ ਨੂੰ ਮਾਰ ਭਜਾਇਆ, ਤੋਪੇ ਤੋੜ ਦਿੱਤੇ ਤੇ ਸੀਜ਼ਰ ਹੱਥੋਂ ਖ਼ਰਾਬ ਹੋਣ ਨਾਲੋਂ ਮੌਤ ਚੰਗੀ ਸਮਝੀ।

ਜਰਵਾਣੀ ਮੌਤ ਦਾ ਤੇ ਇਸਤ੍ਰੀ ਦਾ ਆਪੋ ਵਿੱਚ ਘੱਟ ਹੀ ਢੁਕਾਉ ਡਿੱਠਾ ਹੈ ਪਰ ਜਦ ਕਿਸੇ ਇਸਤ੍ਰੀ ਨੇ ਮੌਤ ਨੂੰ ਖਿੜੇ ਮੱਥੇ ਵਰਿਆ ਹੈ, ਉਸ

ਦਾ ਨਾਮ ਇਤਿਹਾਸ ਨੇ ਮੋਟੇ ਅੱਖਰਾਂ ਵਿੱਚ ਉੱਕਰ ਦਿੱਤਾ ਹੈ। ਸਕਾਟਲੈਂਡ ਵਾਲਿਆਂ ਦੀ ਮਲਕਾ ਮੇਰੀ ਬੜੀ ਸੁੰਦਰ ਸੀ ਤੇ ਧਰਮ ਦੀ ਕੈਥੋਲਿਕ ਸੀ। ਬਰਤਾਨੀਆਂ ਵਿੱਚ ਮਲਕਾ ਐਲਿਜ਼ਾਬੈਥ ਦਾ ਰਾਜ ਸੀ ਜਿਸ ਨੂੰ ਮੇਰੀ ਨਾਲ ਉਸ ਦੇ ਸੁਹੱਪਣ ਕਰਕੇ ਭੀ ਖਾਰ ਸੀ। ਮੇਰੀ ਨੇ ਬਗ਼ਾਵਤ ਕੀਤੀ। ਨਾ ਪੁੱਗ ਸਕੀ ਤੇ ਫੜੀ ਗਈ, ਸਿਰ ਵੱਢੇ ਜਾਣ ਦਾ ਹੁਕਮ ਹੋਇਆ ਜੋ ਉਸ ਜ਼ਮਾਨੇ ਵਿੱਚ ਤੇਜ਼ ਕੁਹਾੜੀ ਨਾਲ ਵੱਢਿਆ ਜਾਂਦਾ ਸੀ। ਮਲਕਾ ਮੇਰੀ ਦੀ ਉਮਰ ਕੁਲ ਚਾਲ੍ਹੀ ਸਾਲ ਦੀ ਸੀ ਤੇ ਅਜੇਹੇ ਸੁੰਦਰ ਸਰੀਰ ਦੀ ਮੌਤ ਵੇਖਣ ਲਈ ਚਾਰ ਪੰਜ ਸੌ ਅਮੀਰ ਤੇ ਵਡੇਰੇ ਕੱਠੇ ਹੁਏ ਹੋਏ ਸਨ। ਮੇਰੀ ਨੇ ਆਪਣਾ ਸਭ ਸਾਮਾਨ ਨੌਕਰਾਣੀਆਂ ਤੇ ਗ਼ਰੀਬਾਂ ਨੂੰ ਵੰਡ ਦਿੱਤਾ। ਆਪਣੇ ਲਈ ਕਾਲੀ ਮਖ਼ਮਲ ਦੀ ਪੁਸ਼ਾਕ ਕੱਢ ਕੇ ਪਾ ਲਈ, ਨਾਲ ਕਈ ਨੌਕਰਾਣੀਆਂ ਸਨ, ਹੁਕਮ ਦਿੱਤੇ ਕਿ ਫਲਾਨੀ ਪੁਸ਼ਾਕ ਫ਼ਲਾਨੀ ਨੂੰ ਦੇਣੀ, ਅਮਕਾ ਸਾਮਾਨ ਅਮਕੇ ਘਰ ਪੁਚਾਉਣਾ। ਆਪਣੀਆਂ ਅੱਖੀਆਂ ਉੱਤੇ ਬੰਨ੍ਹਣ ਲਈ ਖ਼ਾਸ ਰੁਮਾਲ ਬੜੀ ਤਲਾਸ਼ ਨਾਲ ਕੱਢਿਆ, ਤਿਆਰ ਹੋ ਕੇ ਰੋਟੀ ਖਾਣ ਲਈ ਬੈਠੀ। ਕਈਆਂ ਨੂੰ ਉਸ ਵੇਲੇ ਰੋਟੀ ਸੰਘੋਂ ਲੰਘਦੀ ਨਹੀਂ ਸੀ, ਹੁਕਮ ਦਿੱਤੋਸੁ "ਰੋਟੀ ਖਾਣੀ ਪਵੇਗੀ", ਮੇਜ਼ੋਂ ਉੱਠ ਕੇ ਆਖਣ ਲੱਗੀ ਮੈਂ ਤਿਆਰ ਹਾਂ।

ਇਸ ਸੁੰਦਰੀ ਨੇ ਇੱਕ ਇਹ ਬੇਨਤੀ ਕੀਤੀ ਕਿ ਆਦਮੀਆਂ ਦੀ ਥਾਂ ਸਾਰਾ ਕੰਮ ਮੇਰੀਆਂ ਸਹੇਲੀਆਂ ਨੌਕਰਾਣੀਆਂ ਤੋਂ ਕਰਾਇਆ ਜਾਵੇ ਪਰ ਕਿਸੇ ਨੇ ਇਹ ਗੱਲ ਨਾ ਮੰਨੀ! ਜਦ ਥੜੇ ਉੱਤੇ ਚੜ੍ਹਣ ਲੱਗੀ ਜਿਸ ਉੱਤੇ ਭੁਗਤਣਾ ਸੀ ਆਖਿਆ ਮੈਨੂੰ ਹੱਥ ਫੜ ਕੇ ਉਪਰ ਚੜ੍ਹਾ ਦਿਓ ਇਹ ਮੇਰੀ ਅੰਤਮ ਮੰਗ ਹੈ। ਉਪਰ ਚੜ੍ਹਕੇ ਆਪਣੇ ਪੁੱਤਰ ਨੂੰ ਸੁਨੇਹਾ ਦਿੱਤਾ ਅਤੇ ਇੰਗਲੈਂਡ ਦੇ ਇਸ ਅਤਿਆਚਾਰ ਵਿਰੁੱਧ ਸੈਂਕੜੇ ਅੰਗਰੇਜ਼ਾਂ ਦੇ ਵੇਖਦਿਆਂ ਤੇ ਸੁਣਦਿਆਂ ਆਪਣੀ ਫ਼ਰਿਆਦ (Protest) ਪੁਕਾਰ ਕੇ ਆਖੀ। ਉਸ ਦੀਆਂ ਨੌਕਰਾਣੀਆਂ ਵਿਚੋਂ ਇੱਕ ਦੀਆਂ ਉੱਚੀ ਭੁਬਾਂ ਨਿਕਲ ਗਈਆਂ। ਉਸਨੂੰ ਤਾੜ ਕੇ ਚੁੱਪ ਕਰਾਇਆ। ਪਾਦਰੀ ਪਰੋਟੈਸਟੈਂਟ ਧਰਮ ਦਾ ਸੀ ਤੇ ਮਲਕਾ ਮੇਰੀ ਕੈਥੋਲਿਕ ਸੀ। ਪਾਦਰੀ ਨੇ ਦੁਆ ਆਰੰਭ ਕਰਨੀ ਚਾਹੀ ਤਾਂ ਮਲਕਾ ਮੇਰੀ ਨੇ ਆਖਿਆ ਪਾਦਰੀ ਜੀ ਆਪ ਖਿਮਾ ਕਰੋ। ਸਰਕਾਰੀ ਹੁਕਮ ਦੀ ਪਾਲਨਾ ਵਜੋਂ ਪਾਦਰੀ ਨੇ ਆਪਣੇ ਮਤ ਅਨੁਸਾਰ ਪ੍ਰਾਰਥਨਾ ਸ਼ੁਰੂ ਕਰ ਦਿੱਤੀ। ਮਲਕਾ ਮੇਰੀ ਨੂੰ ਲੋਕ ਕੋਮਲਤਾ ਅਤੇ ਸੁੰਦਰਤਾ ਦਾ ਇੱਕ ਬੋਲਦਾ ਬੁੱਤ ਸਮਝਦੇ ਸਨ। ਮੌਤ ਦੇ ਤਖ਼ਤੇ ਉੱਤੇ ਖਲੋਤੀ ਜਗਤ ਵਿੱਚ ਹਾਰੀ ਹੋਈ,

ਜੀਵਨ ਤੋਂ ਨਿਰਾਸ ਅਤੇ ਜ਼ਾਲਮਾਂ ਦੇ ਚਿਲਕਦੇ ਕੁਹਾੜੇ ਦੀਆਂ ਲਿਸ਼ਕਾਂ ਸਾਹਮਣੇ ਝੁੱਕਣ ਵਾਲੀ ਕੁਝ ਮਿੰਟਾਂ ਦੀ ਪਰਾਹੁਣੀ ਇਸ ਸੁੰਦਰੀ ਤੋਂ ਇਹ ਧਾਰਮਕ ਅਨਿਆਇ ਜਰਿਆ ਨਾ ਗਿਆ। ਪਾਦਰੀ ਦੀ ਆਵਾਜ਼ ਤੋਂ ਉਤਾਂਹ ਪੈਣ ਲਈ ਉੱਚੀ ਉੱਚੀ ਆਪਣੇ ਕੈਥੋਲਿਕ ਮੱਤ ਦੀ ਪ੍ਰਾਰਥਨਾ ਆਪ ਪੜ੍ਹਨ ਲੱਗ ਪਈ। ਅੰਤ ਵਿੱਚ ਪੁਕਾਰੀ "ਉਸ ਵਿੱਚ ਭਰੋਸਾ" (ਪਰਮਾਤਮਾ)। ਜੱਲਾਦ ਨੇ ਉਸ ਦੇ ਚਿਹਰੇ ਦਾ ਘੁੰਡ ਲਾਂਭੇ ਕਰਨ ਲਈ ਹੱਥ ਚੁੱਕਿਆ। ਬੋਲੀ ਖ਼ਬਰਦਾਰ ਹੱਥ ਨਾ ਲਾਈਂ। ਮੇਰਾ ਬੁਰਕਾ ਛੁੱਟ ਮੇਰੀਆਂ ਔਰਤਾਂ ਤੋਂ ਹੋਰ ਕੋਈ ਨਹੀਂ ਹਟਾਵੇਗਾ। ਜਦ ਬੁਰਕਾ ਮੂੰਹ ਤੋਂ ਚੁੱਕਿਆ ਗਿਆ ਵੇਖਣ ਵਾਲਿਆਂ ਦੀ ਭੀੜ ਵਿੱਚ ਖਲਬਲੀ ਮੱਚ ਗਈ ਅਤੇ ਕਈ ਹਾਲਾਂ ਉਸ ਛੁਪਦੇ ਚੰਦ ਦੇ ਨੂਰ ਦੇ ਝਲਕਾਰੇ ਦੀ ਪਹਿਲੀ ਤੜਪ ਤੋਂ ਸੰਭਲੇ ਨਹੀਂ ਸਨ ਕਿ ਮੇਰੀ ਨੇ ਆਪ ਗੋਡਿਆਂ ਭਾਰ ਹੋ ਕੇ ਗਰਦਨ ਮੂਹਰੇ ਕਰ ਦਿੱਤੀ ਮਾਨੋ ਆਖਿਆ ਕਿ ਬਸ ਆਹੀ ਗੱਲ ਸੀ। ਜੱਲਾਦ ਨੇ ਆਪਣੇ ਕਰਨੇ ਦੀ ਮੁਆਫ਼ੀ ਮੰਗੀ, ਮਲਕਾ ਨੇ ਆਖਿਆ ਦਲੇਰ ਬਣ ਤੇ ਉਸ ਨੇ ਸਿਰ ਧੜ ਤੋਂ ਅਲੱਗ ਕਰ ਦਿੱਤਾ।

ਫ਼ਰਾਂਸ ਵਿੱਚ ਜਦ ਗ਼ਰੀਬਾਂ ਭੁੱਖਿਆਂ ਨੰਗਿਆਂ ਦੇ ਦਿਲਾਂ ਦੇ ਦਰਦ ਅਸਮਾਨੀ ਪਹੁੰਚ ਗਏ ਤੇ ਇਹ ਪਿਸੀ ਹੋਈ ਦੁਨੀਆਂ ਅਮੀਰਾਂ ਵਜ਼ੀਰਾਂ, ਪਾਤਸ਼ਾਹਾਂ, ਸੁੰਦਰ ਰਾਣੀਆਂ, ਨਖਰੀਲੀਆਂ ਦੇ ਭਾਰ ਹੇਠ ਬਹਿ ਚੁੱਕੀ ਦੁਨੀ ਆਖ਼ਰ ਉੱਠੀ ਤੇ ਜੁਆਲਾਮੁੱਖੀ ਪਹਾੜ ਵਾਂਗ ਪਾਟੀ, ਵਿਚੋਂ ਦਿਲਾਂ ਦਾ ਡਕਿਆ ਧੂਆਂ ਅਗਨੀ ਬਣ ਕੇ ਨਿਕਲਿਆ। ਉਸ ਜ਼ਮਾਨੇ ਦੀ ਤਰਥੱਲੀ ਦੇ ਦ੍ਰਿਸ਼ਯ ਕਲਮਾਂ ਤੋਂ ਹਾਲਾਂ ਤੀਕ ਚੰਗ੍ਹੇ ਲਿਖੇ ਨਹੀਂ ਗਏ। ਹਜ਼ਾਰਾਂ ਅਮੀਰ ਤੇ ਸੈਂਕੜੇ ਅਮੀਰ ਜ਼ਾਦੀਆਂ ਨਿਤ ਉਸ ਡਿੱਗਦੇ ਕੁਹਾੜੇ (Guillotinc) ਦੇ ਹੇਠ ਸਿਰ ਰੱਖ ਕੇ ਖਲਕਤ ਦਾ ਤਮਾਸ਼ਾ ਬਣਿਆ ਕਰਦੇ ਸਨ। ਸਬਰ ਦੇ ਅਣਠੱਲੇ ਸਾਗਰ ਦੇ ਕੰਢ ਟੁੱਟ ਗਏ ਤੇ ਜ਼ੁਲਮ ਖ਼ੂਨ ਤੇ ਘ੍ਰਿਣਾ ਦਾ ਹੜ ਵਗ ਟੁਰਿਆ ਸੀ। ਜੋ ਚਿਟਕਪੜੀਆਂ ਯਾ ਬਾਦਸ਼ਾਹੀ ਚਾਟੜਾ ਦਿਸਦਾ ਸੀ ਉਸ ਨੂੰ ਫੜ ਕੇ ਕੁਹਾੜੇ ਦੀ ਭੇਟ ਕਰ ਦਿਆ ਕਰਦੇ ਸਨ। ਇਨਕਲਾਬੀ ਕਚਹਿਰੀਆਂ ਦੇ ਪੈਂਚ ਦੋ-ਹਰਫ਼ੀ ਬਿਆਨ ਲੈ ਕੇ ਇਸ਼ਾਰੇ ਨਾਲ ਹੀ ਫ਼ੈਸਲਾ ਸੁਣਾ ਦੇਂਦੇ ਸਨ। ਵੱਡਾ ਕਸੂਰ.....ਰੱਜੇ ਹੋਏ ਹੋਣਾ। ਬਾਦਸ਼ਾਹੀ ਅਮਲੇ ਦਾ ਖੁਰਾ ਖੋਜ ਨਹੀਂ ਸੀ, ਨਾਲ ਦੇ ਅਮੀਰਾਂ ਵਜ਼ੀਰਾਂ ਨੂੰ ਭਾਜੜਾਂ ਪੈ ਗਈਆਂ ਸਨ। 'ਆਜ਼ਾਦੀ, ਬਰਾਬਰੀ, ਭਾਈਪਣ" ਇਹ ਤਿੰਨੇ ਚੀਜ਼ਾਂ ਦਾ ਰਾਜ ਸੀ ਤੇ ਯਾ "ਮੌਤ" ਦਾ ਰਾਜ ਸੀ। ਇੱਕ ਝੱਖੜ ਸੀ ਜਿਸ ਨੂੰ ਸੱਚ ਝੂਠ ਤੇ ਕਸੂਰ ਬੇ ਕਸੂਰ ਦੀ ਪਛਾਣ

"ਆਜ਼ਾਦੀ ਬਰਾਬਰੀ" ਦੇ ਜੋਸ਼ ਵਿੱਚ ਮਿਟ ਗਈ ਸੀ। ਸੈਂਕੜੇ ਨਿਰਦੋਸ਼ੇ ਭੀ ਘੜਿਆਲਾਂ ਵਾਂਗ ਮਾਰੀਦੇ ਸਨ ਤੇ ਉੱਠੀ ਹੋਈ ਗਰਦੀ ਦੀ ਇਸ ਖ਼ੂਨੀ ਭੁੱਖ ਨੂੰ ਜਿਹੜਾ ਰੱਜ ਕੇ ਦੂਰ ਕਰਦਾ ਉਹੀ ਦੇਸ਼ ਭਗਤ ਸਮਝਿਆ ਜਾਂਦਾ ਸੀ। ਹਰ ਰੋਜ਼ ਪੈਰਿਸ ਦੇ ਵੱਡੇ ਚੌਂਕ ਵਿੱਚ ਗਿਲੋਟੀਨ ਗੱਡੀ ਜਾਂਦੀ ਸੀ। (ਦੋ ਲੋਹੇ ਜਿਨ੍ਹਾਂ ਵਿਚਕਾਰ ਇੱਕ ਭਾਰਾ ਤਿਰਛਾ ਕੁਹਾੜਾ ਫਿਰਦਾ ਸੀ, ਰੱਸੇ ਕੁਹਾੜੇ ਨੂੰ ਖਿੱਚ ਕੇ ਉਪਰ ਚਾੜ੍ਹ ਦੇਂਦੇ ਸਨ, ਜਦ ਛੱਡਦੇ ਸਨ ਤੇਜ਼ ਕੁਹਾੜਾ ਸਿਰਾਂ ਨੂੰ ਗਾਜਰ ਵਾਂਗ ਵੱਢ ਦੇਂਦਾ ਸੀ)। ਖ਼ਲਕਤ, ਓਹੀ ਭੁੱਖੀ ਨੰਗੀ ਚੀਥੜਿਆਂ ਵਾਲੀ ਖ਼ਲਕਤ, ਜਿਸ ਦੀਆਂ ਸਾਰੀਆਂ ਭੁੱਖਾਂ ਦੀ ਇਕ ਭੁੱਖ ਖ਼ੂਨੀ ਭੁੱਖ ਬਣ ਗਈ ਸੀ, ਜਮ੍ਹਾਂ ਹੋ ਜਾਂਦੀ ਤੇ ਮੇਲਾ ਲੱਗ ਜਾਂਦਾ, ਖਲੋਣ ਨੂੰ ਥਾਂ ਨਾ ਲੱਭਦਾ। ਪੰਚੈਤਾਂ ਵਿਚੋਂ ਧੱਕੇ ਹੋਏ ਦੋਸ਼ੀ ਘੋੜੇ ਗੱਡੀਆਂ ਵਿੱਚ ਲੱਦੇ ਹੋਏ ਲਿਆਏ ਜਾਂਦੇ, ਖ਼ਲਕਤ ਇਹਨਾਂ ਨੂੰ ਦੇਖ ਕੇ ਚਾਂਭੜਾਂ ਪਾਉਂਦੀ, ਨਾਅਰੇ ਲਾਉਂਦੀ, ਦੰਦ ਪੀਂਹਦੀ ਤੇ ਜਦ ਸਿਰ ਧੜਾਂ ਨਾਲੋਂ ਵੱਖ ਹੁੰਦੇ ਇਨ੍ਹਾਂ ਸਿਰਾਂ ਦੇ ਜਲੂਸ ਨਿਕਲਦੇ, ਖ਼ਲਕਤ ਇਹਨਾਂ ਦੇ ਉਦਾਲੇ ਨੱਚਦੀ ਗਾਉਂਦੀ ਤੇ "ਆਜ਼ਾਦੀ ਬਰਾਬਰੀ" ਦਾ ਜੱਸ ਕਰਦੀ।

ਦੇਸ਼ ਭਗਤਾਂ ਦੇ ਵਿੱਚੋਂ ਇੱਕ ਮਾਰਾਟ (Marat) ਭੀ ਸੀ। ਸ਼ਕਲ ਦਾ ਬੜਾ ਕੋਝਾ ਭੁੱਖਾ ਬਘਿਆੜ ਈਰਖਾ ਤੇ ਦਵੈਸ਼ ਦਾ ਪੁਤਲਾ, ਹਰ ਸੁਹੱਪਣ ਦਾ ਵੈਰੀ। ਇਹ ਇੱਕ ਅਖ਼ਬਾਰ ਕੱਢਦਾ ਸੀ ਜਿਸ ਦਾ ਨਾਮ ਸੀ 'ਪ੍ਰਜਾ ਮਿਤਰ।' ਜਿਸ ਅਭਾਗੇ ਦਾ ਨਾਮ ਉਸ ਪਰਚੇ ਦੀਆਂ ਪਾਲਾਂ ਵਿੱਚ ਜ਼ਰਾ ਕੁ ਬਿਗਾੜ ਕੇ ਛਪਦਾ ਉਸ ਦੇ ਦੂਰ ਦੁਰੇਡੇ ਯਾਰਾਂ ਦੋਸਤਾਂ ਸੰਬੰਧੀਆਂ ਤੱਕ ਦੀ ਖ਼ੈਰ ਨਹੀਂ ਸੀ ਤੇ ਉਨ੍ਹਾਂ ਸਾਰਿਆਂ ਦਾ ਖੁਰਾ ਖੋਜ ਮਿਟੇ ਬਿਨਾਂ ਖਹਿੜਾ ਨਹੀਂ ਸੀ ਛੁੱਟਦਾ। ਮਾਰਾਟ ਹੀ 'ਪ੍ਰਜਾ ਮਿੱਤਰ' ਕਹਾਉਣ ਲੱਗ ਪਿਆ ਤੇ ਲੋਕ ਇਸਦੇ ਪੈਰਾਂ ਦੀ ਮਿੱਟੀ ਨੂੰ ਮੱਥੇ ਲਾਉਂਦੇ ਸਨ। ਇਸ ਖ਼ੂਨੀ ਦੇਸ਼ ਭਗਤ ਦੀ ਕਲਮ ਨੇ ਸੈਂਕੜੇ ਬੇ-ਕਸੂਰ ਕੁਹਾੜੇ ਦੀ ਨਜ਼ਰ ਕੀਤੇ। ਆਖ਼ਰ ਪ੍ਰਜਾ ਮਿਤਰ ਮਾਰਾਟ ਵੀ ਕਿਹੜਾ ਧੁਰ ਦਰਗਾਹੋਂ ਪਟਾ ਲਿਖਾ ਕੇ ਲਿਆਇਆ ਸੀ। ਇੱਕ ਦਿਨ ਇਹ ਆਪਣੇ ਘਰ ਬੈਠਾ ਮਜ਼ਮੂਨਾਂ ਦੀਆਂ ਲੜੀਆਂ ਪਰੋ ਰਿਹਾ ਸੀ ਕਿ ਉਸ ਦੇ ਦਰਵਾਜ਼ੇ ਇੱਕ ਸੁੰਦਰੀ–ਕਾਲੀ ਟੋਪੀ, ਹਰੇ ਫੀਤੇ, ਹੱਥ ਵਿੱਚ ਪੱਖੀ ੨੨-੨੩ ਵਰ੍ਹਿਆਂ ਦੀ ਅੱਤ ਸੋਹਣੀ ਮੁਟਿਆਰ–ਆਈ ਤੇ ਪ੍ਰਜਾ ਮਿੱਤਰ ਨੂੰ ਮਿਲਣ ਦੀ ਮੰਗ ਕੀਤੀ। ਕੁਝ ਉਡੀਕ ਪਿਛੋਂ ਪ੍ਰਜਾ ਮਿੱਤਰ ਦੇ ਨੌਕਰ ਤੇ ਨੌਕਰਾਣੀ ਨੇ ਗੁੱਸੇ ਗਿੱਲੇ ਨਾਲ ਮੁਟਿਆਰ ਨੂੰ ਹਜ਼ੂਰੀ ਵਿੱਚ ਭੇਜ ਦਿੱਤਾ।

ਸਾਰੀ ਗੱਲ ਬਾਤ ਦਾ ਪਤਾ ਨਹੀਂ ਪਰ ਏਨਾ ਸਿੱਧ ਹੁੰਦਾ ਹੈ ਕਿ ਸੁੰਦਰੀ ਨੇ ਬੈਠਿਆਂ ਬੈਠਿਆਂ ਇੱਕ ਤੇਜ਼ ਕਟਾਰ ਕੱਢ ਕੇ ਪ੍ਰਜਾ ਮਿੱਤਰ ਦੇ ਸੀਨੇ ਵਿੱਚ ਖਭੋ ਦਿੱਤੀ। ਪ੍ਰਜਾ ਮਿੱਤਰ ਜੀ ਸ਼ਹੀਦ ਹੋ ਗਏ। ਲੋਕਾਂ ਨੇ ਬੜੀ ਸ਼ਾਹੀ ਸ਼ਾਨ ਨਾਲ ਜਲੂਸ ਕੱਢਿਆ, ਦੱਬਣ ਵੇਲੇ 'ਆਜ਼ਾਦੀ ਬਰਾਬਰੀ' ਦੇ ਵੈਰੀਆਂ ਵਿਰੁੱਧ ਤੇ ਪ੍ਰਜਾ ਮਿੱਤਰ ਦੀ ਸ਼ਹੀਦੀ ਤੇ ਕੁਰਬਾਨੀ ਦੀ ਸਤੁਤੀ ਵਿੱਚ ਧੂਆਂ ਧਾਰ ਭਾਸ਼ਣ ਹੋਏ।

ਇਸ ਮੁਟਿਆਰ ਦਾ ਨਾਮ ਮੇਰੀ ਡੀ ਕੋਰਡੇ ਸੀ। ਸਿਰ ਦੀਆਂ ਲਿਟਾਂ ਭੂਰੀਆਂ, ਅੱਖੀਆਂ ਗੰਭੀਰ, ਤਿੱਖੀਆਂ ਝਿੰਮਣਾਂ, ਭਰਵੱਟੇ ਗੋਲ, ਚਿਹਰਾ ਸੱਚੇ ਵਿੱਚ ਢਾਲਿਆ ਹੋਇਆ ਗੋਲਾਈਦਾਰ ਸੋਹਣੇ ਸਰੀਰ ਵਿੱਚ ਜੁਆਨੀ ਦੀ ਲਚਕ ਤੇ ਸਟਕ, ਜਿਧਰ ਨਜ਼ਰ ਮਾਰਦੀ ਸੀ ਦੁਨੀਆਂ ਵਿੱਚ ਸਾਵਣ ਦੇ ਬੱਦਲਾਂ ਵਾਂਗ ਸੀਤਲਤਾ ਜਿੰਦ ਤੇ ਸ਼ਾਂਤੀ ਪਾਈ ਜਾਂਦੀ ਸੀ। ਮੂੰਹੋਂ ਸ਼ਬਦ ਨਹੀਂ ਸਨ ਨਿਕਲਦੇ, ਅੰਮ੍ਰਿਤ ਬਰਸਦਾ ਸੀ, ਚਿਹਰਾ ਨੂਰ ਦਾ ਸੋਮਾ ਸੀ ਮਿਠਾਸ ਦਾ ਕੇਂਦਰ ਸੀ। ਸ਼ਹਿਰ ਕੇਇਨ ਦੀ ਵਾਸੀ, ਵਿਦਿਆਵਾਨ, ਨਵੇਂ ਯੁਗ ਦੀ ਚਾਹਵਾਨ ਪਰ ਖ਼ੂਨ ਨਾਲ ਨਹੀਂ ਪਿਆਰ ਨਾਲ। ਇਸ ਛੋਟੀ ਜਿਹੀ ੨੩ ਵਰ੍ਹਿਆਂ ਦੀ ਜਿੰਦ ਦੇ ਕਿੱਸੇ ਇਸ ਦੇ ਲਿਖੇ ਪੱਤਰ ਅੱਜ ਤੀਕ ਲੋਕੀਂ ਪੜ੍ਹਦੇ ਹਨ ਤੇ ਝੂਮਦੇ ਹਨ। ਗ਼ਰੀਬ ਮਾਪਿਆਂ ਦੀ ਧੀ ਸੰਬੰਧੀਆਂ ਦੀ ਪਾਲੀ ਪਰ ਸਮੇਂ ਦੇ ਵਿਦਿਆ ਗੁਣਾਂ ਵਿੱਚ ਪਰਬੀਨ। ਦਿਲ ਵਿੱਚ ਆਈ ਕੁਝ ਕਰਨਾ ਹੈ, ਉਦਾਲੇ ਝਾਤੀ ਮਾਰ ਵੇਖਿਆ ਲੋਕੀਂ 'ਆਜ਼ਾਦੀ ਬਰਾਬਰੀ' ਦੇ ਨਾਮ ਨਾਲ ਲਹੂ ਦੇ ਪਰਨਾਲੇ ਵਗਾ ਰਹੇ ਹਨ। ਜੇ ਇਸ ਲਹੂ ਗਰਦੀ ਦੇ ਮੋਢੀ ਮੁੱਕ ਜਾਣ, ਇਹ ਪਸ਼ੂਪੁਣਾ ਰਾਕਸ਼ਪੁਣਾ ਮੁੱਕ ਜਾਵੇ। ਵੱਡਾ ਮੋਢੀ ਕਿਹੜਾ ਹੈ? ਮਾਰਾਟ, ਪ੍ਰਜਾ ਮਿੱਤਰ, ਇਹ ਮਨੁੱਖੀ ਜਾਮੇ ਵਿੱਚ ਆਪ ਮਹਾਂਰਾਕਸ਼ ਜਿਸ ਨੂੰ ਛੁੱਟ ਲੋਕਾਂ ਨੂੰ ਲਹੂ ਲੁਹਾਨ ਕਰਨ ਤੋਂ ਹੋਰ ਕੋਈ ਲਿਵ ਨਹੀਂ। ਫੈਸਲਾ ਕਰ ਲਿਆ ਇਸ ਨੂੰ ਮੁਕਾਉਣਾ ਹੈ, ਸ਼ਾਂਤੀ ਹੋ ਜਾਵੇਗੀ।

ਬੰਦੀਖ਼ਾਨੇ ਵਿਚੋਂ ਆਪਣੇ ਪਿਉ ਬਾਬਲ ਨੂੰ ਲਿਖਦੀ ਹੈ 'ਪਿਤਾ ਜੀ ਖਿਮਾ ਕਰੋ ਮੈਂ ਆਪਣੀ ਜਿੰਦ ਨੂੰ ਤੁਹਾਡੀ ਆਗਿਆ ਬਿਨਾਂ ਲੇਖੇ ਲਾ ਦਿੱਤਾ ਹੈ, ਮੈਂ ਨਿਰਦੋਸ਼ਿਆਂ ਦਾ ਬਦਲਾ ਲਿਆ ਹੈ।......' ਕਚਿਹਰੀ ਵਿੱਚ ਪੇਸ਼ ਹੋਈ, ਸਿੱਧੇ ਸਾਫ਼ ਜਵਾਬ। ਭੀੜ ਉਸ ਦੀ ਸੁੰਦਰਤਾ ਨਾਲ ਮੋਹਤ, ਜੱਜਾਂ ਦੀ ਪੰਚਾਇਤ ਉਸ ਦੇ ਸਾਹਮਣੇ ਇਓਂ ਜਿਵੇਂ ਜੱਜ ਦੇ ਰੂਬਰੂ ਖ਼ੂਨੀ। "ਮੈਂ ਮਾਰਾਟ ਨੂੰ ਉਸ ਦੇ ਕੁਕਰਮਾਂ ਕਰਕੇ ਮਾਰਿਆ ਹੈ, ਮੇਰੇ ਨਾਲ ਕੋਈ ਸ਼ਾਮਲ ਨਹੀਂ, ਮੈਂ ਆਪੇ

ਆਪਣੇ ਹੱਥ ਨਾਲ ਇਹ ਕੀਤਾ ਹੈ। ਮੈਂ ਇੱਕ ਨੂੰ ਮਾਰਿਆ ਹੈ ਤਾਕਿ ਹਜ਼ਾਰਾਂ ਬੇਦੋਸ਼ ਬਚ ਜਾਣ, ਇੱਕ ਨਿਰਦਈ ਪਸ਼ੂ ਜਿਸਦੇ ਮਰਨ ਨਾਲ ਲੋਕੀਂ ਸ਼ਾਂਤ ਵਸਣਗੇ।''

ਜੱਜ : ਕੁੱਝ ਹੋਰ ਆਖਣਾ ਹੈ ?

ਕੋਰਡੇ : ''ਹਾਂ ਲਿਖੋ ਗਰਦੀ ਦਾ ਮੋਢੀ ਮੁੱਕ ਗਿਆ ਹੈ, ਤੁਸੀਂ ਸ਼ਾਂਤੀ ਪਾਉਗੇ।''

ਪੰਚਾਇਤੀ ਵਕੀਲ ਨੇ ਦੋਸ਼ੀ ਦਾ ਸਿਰ ਮੰਗਿਆ, ਦੋਸ਼ੀ ਦਾ ਅਪਰਾਧ ਹੈ। ਦੋਸ਼ੀ ਵਲੋਂ ਵਕੀਲ ਦੀ ਲੋੜ ਹੈ। ਜੱਜਾਂ ਨੇ ਇਕ ਵਕੀਲ ਓਥੋਂ ਹੀ ਖੜਾ ਕਰ ਦਿੱਤਾ। ਲੋਕਾਂ ਨੂੰ ਆਪਣੀ ਜਾਨ ਪਿਆਰੀ ਸੀ। ਦੋਸ਼ੀ ਦੀ ਵਕਾਲਤ ਖ਼ਾਸ ਕਰ ਸੁੱਚੀ ਵਕਾਲਤ ਵੀ ਵਿਰਲਾ ਹੀ ਕਰ ਸਕਦਾ ਸੀ ਪਰ ਸੁੰਦਰੀ ਦਾ ਦੀਦਾਰ ਕੀ ਸੀ ਸੂਰਜ ਦੀਆਂ ਕਿਰਨਾਂ ਸਨ। ਉਨ੍ਹਾਂ ਦੀਆਂ ਆਪਣੀਆਂ ਆਪਣੀਆਂ ਨਿੱਕੀਆਂ ਗੱਲਾਂ ਓਸ ਦੀਦਾਰ ਦੇ ਰੂਬਰੂ ਇਂਵ ਉੜ ਜਾਂਦੀਆਂ ਸਨ ਜਿਵੇਂ ਸੂਰਜ ਨਾਲ ਭਾਪ। ਜੱਜਾਂ ਨੂੰ ਜਦ ਕਿਸੇ ਪਾਸਿਓਂ ਸਫਲਤਾ ਨਾ ਹੋਈ ਕਿ ਇਸ ਦੇਵੀ ਨੂੰ ਲੋਕਾਂ ਦੀਆਂ ਨਜ਼ਰਾਂ ਵਿੱਚ ਢਾਹ ਦੇਣ, ਓੜਕ ਇਹ ਜੁਗਤ ਸੋਚੀ ਕਿ ਇਸ ਦੇ ਵਕੀਲ ਤੋਂ ਇਸ ਨੂੰ ਸ਼ੁਦੈਣ ਅਖਵਾਓ, ਖ਼ੂਨ ਸ਼ੁੱਦਾ ਵਿੱਚ ਕੀਤਾ ਗਿਆ ਹੈ। ਵਕੀਲ ਉਠਿਆ, ਲੋਕੀਂ ਸਫਾਈ ਸੁਨਣ ਲਈ ਚੁੱਪ ਹੋ ਗਏ। ਜਦ ਸਭ ਕੁਝ ਮੰਨ ਲਿਆ, ਸਫਾਈ ਕਾਸਦੀ। ਵਕੀਲ ਤਾਂ ਪਹਿਲਾਂ ਹੀ ਹੁਸਨ ਦੇ ਜਾਦੂ ਨਾਲ ਸ਼ੀਸ਼ੇ ਵਾਂਗ ਸਾਫ ਹੋ ਚੁੱਕਾ ਸੀ ਤੇ ਆਪਣਾ ਡਰ ਵੀ ਗਵਾ ਚੁੱਕਾ ਸੀ। ਆਖਣ ਲੱਗਾ ''ਦੋਸ਼ੀ ਨੇ ਖ਼ੂਨ ਜਾਣ ਬੁਝ ਕੇ ਕੀਤਾ ਹੈ। ਦੋਸ਼ੀ ਦੀ ਸ਼ਾਂਤੀ ਤੇ ਸੀਤਲਤਾ ਅਦਭੁੱਤ ਹਨ, ਪੁਲੀਟੀਕਲ ਜੋਸ਼ ਦੇ ਕਾਰਨ ਹਨ। ਮੈਂ ਫੈਸਲਾ ਤੁਹਾਡੀ ਆਪਣੀ ਮਰਜ਼ੀ ਤੇ ਛੱਡਦਾ ਹਾਂ।'' ਮੇਰੀ ਕੋਰਡੇ ਦਾ ਚਿਹਰਾ ਖਿੜ ਗਿਆ ਕਿ ਉਸ ਦੇ ਵਕੀਲ ਨੇ ਉਸ ਨੂੰ ਝੂਠੇ ਬਦਨਾਮੀ ਦੇ ਟਿੱਕੇ ਤੋਂ ਬਚਾ ਲਿਆ ਹੈ। ਹੁਕਮ ਸੁਣ ਲਿਆ, ਇੱਕ ਵਾਲ ਭਰ ਭੀ ਨਾ ਝਮਕਿਆ। ਸਿਪਾਹੀਆਂ ਨੂੰ ਆਖਿਆ ਮੈਨੂੰ ਮੇਰੇ ਵਕੀਲ ਕੋਲ ਕਰੋ। ''ਮੈਂ ਤੇਰੀ ਦਲੇਰੀ ਦਾ ਧੰਨਵਾਦ ਕਰਦੀ ਹਾਂ ਜਿਸ ਨਾਲ ਤੂੰ ਮੇਰੀ ਵਕਾਲਤ ਕੀਤੀ ਹੈ, ਤੇਰੀ ਅਤੇ ਮੇਰੀ ਦੋਹਾਂ ਦੀ ਸ਼ਾਨ ਇਸੇ ਵਿੱਚ ਸੀ। ਮਾਲ ਅਸਬਾਬ ਤਾਂ ਸਭ ਮੇਰਾ ਇਹਨਾਂ (ਜੱਜਾਂ) ਨੇ ਜ਼ਬਤ ਕਰ ਲਿਆ ਹੈ, ਦੇਣ ਨੂੰ ਮੇਰੇ ਕੋਲ ਕੁਝ ਨਹੀ ਪਰ ਮੈਂ ਆਪਣੀ ਕ੍ਰਿਤਗਯਾ ਦਾ ਏਦੂੰ ਵਧੀਆ ਸਬੂਤ ਦੇਂਦੀ ਹਾਂ ਲੈ ਤੂੰ ਮੇਰੇ ਜੇਹਲ ਵਿੱਚ ਦੇ ਦੇਣੇ ਅਦਾ ਕਰ ਦਈਂ, ਖ਼ਿਆਲ ਨਾਲ।'' ਮੇਰੀ

ਕੋਰਡੇ ਦਾ ਜੇਹਲ ਦਾ ਦੇਣਾ ਕੀ ਸੀ ਇਕ ਇਤਿਹਾਸਕ ਦੁਰਲੱਭ ਮਾਣ ਸੀ। ਕਿਸੇ ਨੇ ਆਪਣੀ ਧਾਰਮਕ ਰੀਤ ਅਜਿਹੇ ਪਿਆਰ ਨਾਲ ਕਦੇ ਨਹੀਂ ਨਿਭਾਹੀ ਜਿਸ ਤਰ੍ਹਾਂ ਕੌਡੀ ਕੌਡੀ ਉਸ ਵਕੀਲ ਨੇ ਦੇ ਕੇ ਕਰਜ਼ਾ ਲਾਹ ਦਿੱਤਾ।

ਮਾਰਾਟ ਦਾ ਖ਼ੂਨ, ਪੂਜਾ ਮਿੱਤਰ ਦਾ ਖ਼ੂਨ ਕੋਈ ਨਿੱਕੀ ਜਿਹੀ ਗੱਲ ਨਹੀਂ ਸੀ। ਧਾਕ ਪੈ ਗਈ ਸੀ ਖ਼ੂਨ ਕਰਨ ਵਾਲੀ ਦੀ। ਕੋਈ ਕਹਿੰਦਾ ਸੀ ਡੈਣ ਹੈ, ਕੋਈ ਕੁਝ ਕੋਈ ਕੁਝ। ਵੇਖਣ ਲਈ ਖਲਕਤ ਨੇ ਕਚਿਹਰੀ ਦੇ ਬੂਹੇ ਤੋੜ ਦਿੱਤੇ। ਇਨਕਲਾਬੀ ਮਰਦ ਇਸਤ੍ਰੀਆਂ ਰੋਹ ਵਿੱਚ, ਜੋਸ਼ ਵਿੱਚ ਦੰਦ ਪੀਂਹਦੇ ਆਉਂਦੇ ਸਨ ਪਰ ਜਦ ਨਜ਼ਰ ਪੈਂਦੀ ਹੁਸਨ ਵਿੱਚ ਪਤਾ ਨਹੀਂ ਕੀ ਮੰਤਰ ਸੀ ਸਭ ਇੱਕ ਵਾਰ ਚੁੱਪ ਸ਼ਾਂਤ ਤੇ ਉੱਜਲ ਦੀਦਾਰ ਦੇ ਅੱਗੇ ਆਪਣਾ ਆਪ ਤੇ ਆਪਣੇ ਵਲਵਲੇ ਸਭ ਭੁੱਲ ਜਾਂਦੇ ਸਨ। ਓਧਰ ਪੇਸ਼ੀ ਹੋ ਰਹੀ ਸੀ, ਏਧਰ ਲੋਕੀਂ ਉਂਜ ਬੇਬਸੀ ਦੇ ਵੱਸ ਹੋਏ ਬੈਠੇ ਸਨ, ਕਿਸੇ ਨੂੰ ਮਾਰਾਟ ਯਾਦ ਹੀ ਨਹੀਂ ਸੀ ਆਉਂਦਾ। ਦੋਸ਼ੀ ਨੇ ਵੇਖਿਆ ਕਿ ਕੋਈ ਆਦਮੀ ਉਸ ਦੀ ਤਸਵੀਰ ਖਿੱਚ ਰਿਹਾ ਹੈ, ਓਸੇ ਵੱਲ ਮੂੰਹ ਕਰ ਦਿੱਤਾ ਜਿਵੇਂ ਆਖੀਏ–

"ਗੋਲੀ ਕਿਸ ਦੀ ਤੇ ਗਹਿਣੇ ਕਿਸ ਦੇ"

ਫੈਸਲਾ ਹੋ ਚੁੱਕਾ, ਦੋਸ਼ੀ ਨੂੰ ਮੁੜ ਹਵਾਲਾਤ ਲੈ ਆਂਦਾ, ਪਤਾ ਲੱਗਾ ਕਿ ਤਸਵੀਰ ਖਿੱਚਣ ਵਾਲਾ ਨੈਸ਼ਨਲ ਗਾਰਦ ਦਾ ਇੱਕ ਅਫ਼ਸਰ ਹੈ, ਬੁਲਵਾਇਆ ਤੇ ਆਖਿਆ ਜਿਹੜੇ ਮਿੰਟ ਬਾਕੀ ਹਨ ਓਹਨਾਂ ਵਿੱਚ ਤਸਵੀਰ ਨੂੰ ਪੂਰੀ ਕਰੋ ਤੇ ਇੱਕ ਨਕਲ ਮੇਰੇ ਸੰਬੰਧੀਆਂ ਨੂੰ ਦੇਣੀ। ਓਸ ਨੂੰ ਹੋਰ ਕੀ ਚਾਹੀਦਾ ਸੀ, ਉਹ ਆਪਣੇ ਕੰਮ ਲੱਗ ਗਿਆ ਤੇ ਮੇਰੀ ਐਧਰ ਓਧਰ ਦੀਆਂ ਤੇ ਆਪਣੇ ਕਰਤੱਬ ਦੀਆਂ ਗੱਲਾਂ ਕਰਦੀ ਰਹੀ। ਘੰਟਾ ਬੀਤ ਗਿਆ। ਹੋਰ ਅੱਧਾ ਘੰਟਾ। ਦਰਵਾਜ਼ਾ ਖੁਲ੍ਹਿਆ ਤੇ ਗਿਲੋਟੀਨ ਵਾਲਾ ਜੱਲਾਦ ਸੈਨਸਨ ਕੈਂਚੀ ਤੇ ਲਾਲ ਝੱਗੀ ਲੈ ਕੇ ਆ ਖਲੋਤਾ, "ਐਡੀ ਛੇਤੀ ? ਅੱਛਾ।" ਚਿੱਤ੍ਰਕਾਰ ਨੂੰ ਆਪਣੀਆਂ ਸੋਹਣੀਆਂ ਲੰਬੀਆਂ ਲਿਟਾਂ ਵਿਚੋਂ ਕਤਰ ਕੇ ਕੁਝ ਕੇਸ ਦੇ ਦਿੱਤੇ–"ਮੇਰੇ ਕੋਲ ਤੇਰੇ ਦੇਣ ਨੂੰ ਹੋਰ ਕੁਝ ਨਹੀਂ" ਤੇ ਬਾਕੀ ਦੇ ਜੱਲਾਦ ਨੇ ਲਾਹ ਦਿੱਤੇ।

ਬੁਲ੍ਹਾਂ ਦੀ ਲਾਲੀ ਓਸੇ ਤਰ੍ਹਾਂ ਲਹੂ ਵੀਟ ਰਹੀ ਸੀ। ਚੇਹਰੇ ਦੀ ਚਮਕ ਮੌਤ ਦੇ ਰੂਬਰੂ ਸਗੋਂ ਰੋਹ ਵਿੱਚ ਆ ਰਹੀ ਸੀ ਤੇ ਜਦ ਜੱਲਾਦ ਨੇ ਲਾਲ ਝੱਗੀ ਪਵਾਈ ਤਸਵੀਰ ਹੋਰ ਭੀ ਸੀਨਾਂ ਲੂਹ ਬਣ ਗਈ। ਹੱਥਾਂ ਪਰ ਦਸਤਾਨੇ ਪਾਉਣੇ ਚਾਹੇ ਕਿਉਂਕਿ ਜ਼ਾਲਮ ਸਿਪਾਹੀਆਂ ਦੇ ਕੱਸ ਕੇ ਹੱਥ ਜਕੜਨ ਨਾਲ ਗੋਰੀਆਂ ਵੀਣੀਆਂ ਉੱਤੇ ਰਗੜਾਂ ਆ ਗਈਆਂ ਸਨ। ਜੱਲਾਦ ਆਖਣ ਲੱਗਾ

ਫਿਕਰ ਨਾ ਕਰ ਮੈਂ ਦੁੱਖ ਨਹੀਂ ਲੱਗਣ ਦਿਆਂਗਾ। ਹੱਸ ਕੇ ਆਖਿਓਸੁ 'ਠੀਕ ਹੈ ਤੇਰੇ ਨਾਲ ਦੀ ਮਸ਼ਕ ਹੋਰ ਕਿਸੇ ਨੂੰ ਨਹੀਂ।'

ਬਾਹਰ ਗੱਡੀ ਤਿਆਰ ਸੀ। ਭੀੜਾਂ ਉਡੀਕ ਵਿੱਚ ਨਾਹਰੇ ਲਾ ਰਹੀਆਂ ਸਨ ਪਰ ਜਦ ਉਹ ਬਾਹਰ ਨਿਕਲ ਕੇ ਗੱਡੀ ਵਿੱਚ ਜਾ ਚੜ੍ਹੀ, ਲੋਕਾਂ ਦੇ ਮੂੰਹ ਜਿੱਥੇ ਸਨ ਓਥੇ ਹੀ ਪੱਥਰ ਬਣ ਗਏ। ਘੋੜਾ ਆਪਣੇ ਨਿਤ ਦੇ ਰਾਹ ਤੁਰ ਪਿਆ। ਪੈਂਡਾ ਲੰਮਾ ਸੀ ਰਾਹ ਵਿੱਚ ਭੀੜ ਬੜੀ ਸੀ। ਸ਼ਾਂਤ ਤੇ ਅਡੋਲ ਲਬਾਂ ਤੇ ਮੁਸਕੜੀਆਂ। ਪੈਂਡਾ ਮੁੱਕਣ ਵਿੱਚ ਨਾ ਆਵੇ।

ਸੈਨਸਨ–ਰਾਹ ਬੜਾ ਲੰਮਾ ਏ।

ਮੇਰੀ–ਕੀ ਹੋਇਆ ਕਦੇ ਮੁੱਕੇਗਾ ਈ ਨਾ।

ਗਿਲੋਟੀਨ ਸਾਹਮਣੇ ਆਈ ਤਾਂ ਜੱਲਾਦ ਨੇ ਅੱਗੇ ਹੋ ਕੇ ਚਾਹਿਆ ਕਿ ਉਸ ਦੀ ਨਜ਼ਰ ਨਾ ਪਵੇ। ਗਰਦਨ ਅੱਗੇ ਕੱਢ ਕੇ ਆਖਣ ਲੱਗੀ, ਹੁਣ ਤਾਂ ਮੇਰਾ ਹੱਕ ਹੈ ਵੇਖਣ ਦਾ ਅੱਗੇ ਮੈਂ ਕਦੀ ਨਹੀਂ ਵੇਖੀ। ਪੈਰਿਸ ਦੀ ਸੁੰਦਰ ਸੜਕ ਸਾਂਜੈਲੀਜ਼ੇ ਦੇ ਬਿਰਛਾਂ ਵਿਚੋਂ ਛਿਪਦੇ ਸੂਰਜ ਦੀ ਲਾਲੀ ਛਣ ਰਹੀ ਸੀ ਜਦ ਕਿ ਮੇਰੀ ਕੋਰਡੇ ਪੌੜੀਆਂ ਚੜ੍ਹ ਕੇ ਉੱਪਰ ਜਾ ਖਲੋਤੀ। ਗੱਲ੍ਹਾਂ ਦੀ ਲਾਲੀ ਜ਼ਰਾ ਕੁ ਹੋਰ ਸੂਹੀ ਹੋ ਕੇ ਆਖ ਰਹੀ ਸੀ ਮਰਦਾਂ ਦੇ ਮਰਨ ਦੀ ਸੁਰਖ਼ਰੂਈ ਹੈ। ਕੁਹਾੜਾ ਡਿੱਗਿਆ ਤੇ ਆਪਣਾ ਕੰਮ ਕਰ ਗਿਆ। ਇੱਕ ਜਰਮਨ ਡਿਪਟੀ ਐਡਮ ਲਕਸ ਨੂੰ ਮੇਰੀ ਦੇ ਹੁਸਨ ਤੇ ਮੌਤ ਨੇ ਏਨਾ ਬੇਸੁਧ ਕੀਤਾ ਕਿ ਉਸ ਨੂੰ ਮਰਨ ਦਾ ਨਸ਼ਾ ਹੋ ਗਿਆ, ਛਾਪ ਕੇ ਟਰੈਕਟ ਵੰਡਿਆ ਕਿ ਮੇਰੀ ਕੋਰਡੇ ਦੀ ਯਾਦ ਵਿੱਚ ਇੱਕ ਬੁਤ ਖੜਾ ਕੀਤਾ ਜਾਵੇ ਜਿਸ ਦੇ ਉੱਤੇ ਉਕਰਨਾ ਚਾਹੀਦਾ ਹੈ 'ਬਾਰੂਟਸ ਤੋਂ ਭੀ ਵੱਧ' (ਬਾਰੂਟਸ ਰੋਮ ਦੇ ਬਾਦਸ਼ਾਹ ਸੀਜ਼ਰ ਦਾ ਯਾਰ ਸੀ ਪਰ ਦੇਸ਼ ਦੀ ਖ਼ਾਤਰ ਉਸ ਨੇ ਆਪਣੇ ਹੱਥੀਂ ਮਰਵਾਇਆ ਸੀ।) ਐਡਮ ਲਕਸ ਉੱਤੇ ਮੁਕੱਦਮਾ ਚਲਿਆ, ਮੌਤ ਦੀ ਸਜ਼ਾ ਹੋਈ, ਖੁਸ਼ੀ ਨਾਲ ਨਿਹਾਲ ਹੋ ਗਿਆ ਆਖਣ ਲੱਗਾ ਹੁਣ ਤਾਂ ਮੈਂ ਮੇਰੀ ਕੋਰਡੇ ਦੀ ਖ਼ਾਤਰ ਮਰਾਂਗਾ।

ਖ਼ੂਨ ਕਰਨਾ ਭਾਵੇਂ ਕਿਸੇ ਦਾ ਹੋਵੇ ਮਾੜਾ ਕੰਮ ਹੈ ਪਰ ਇਸ ਜਗਤ ਦੇ ਕਰਮ ਕਾਂਡੀ ਤਾਣੇ ਬਾਣੇ ਵਿੱਚ ਅਜਿਹੇ ਧੁਪ ਛਾਉਂ ਦੇ ਚਿੱਟੇ ਕਾਲੇ ਬਹੁਰੰਗੀ ਧਾਗੇ ਹਨ ਜਿਨ੍ਹਾਂ ਬਾਬਤ ਮੁਨਸਫ਼ੀ ਸਾਥੋਂ ਨਹੀਂ ਹੋ ਸਕਦੀ। ਅਸੀਂ ਤਾਂ ਕੇਵਲ ਇਸਮਾਦੀ ਬਨਾਵਟ ਦੇ ਅੱਖੀਆਂ ਚੁੰਧਿਆਉਣ ਵਾਲੇ, ਦਿਲ ਤੜਫਾਉਣ ਵਾਲੇ ਤੇ ਆਪਾ ਵੰਗਾਰਨ ਵਾਲੇ ਗੁਲਜ਼ਾਰਾਂ ਦੇ ਇੱਕੜ-ਦੁੱਕੜ ਫੁੱਲਾਂ ਵੱਲ ਅਚੰਭਤ ਬਾਲਕ ਵਾਂਗ ਕੰਬਦੀ ਜਿਹੀ ਉਂਗਲ ਨਾਲ ਇਸ਼ਾਰੇ ਹੀ ਕਰ ਸਕਦੇ ਹਾਂ।

ਪਿਛਲੀ ਯੂਰਪੀ ਜੰਗ ਸੰਬੰਧੀ 'ਮਾਤਾ ਹਰੀ' ਦਾ ਨਾਮ ਬਹੁਤਿਆਂ ਨੇ ਸੁਣਿਆ ਹੋਵੇਗਾ। ਇਹ ਹਾਲੈਂਡ ਦੀ ਜੰਮੀ ਤੇ ਪੂਰਬੀ ਦੇਸ਼ਾਂ ਜਾਵਾ ਆਦਿਕ ਟਾਪੂਆਂ ਵਿੱਚ ਪਲੀ ਤੇ ਏਸ਼ਿਆਈ ਲੋਕਾਂ ਦੀ ਰਹੁ ਰੀਤ ਤੇ ਨਾਚ ਤੋਂ ਜਾਣੂ ਸੀ। ਜਰਮਨਾਂ ਲਈ ਜਾਸੂਸੀ ਪੈਰਿਸ ਵਿੱਚ ਰਹਿ ਕੇ ਕਰਦੀ ਰਹੀ। ਕੋਈ ਫੌਜੀ ਅਫ਼ਸਰ ਨਹੀਂ ਸੀ ਜੋ ਇਸ ਦੇ ਰੂਪ ਅਤੇ ਚਰਿਤ੍ਰਾਂ ਦੇ ਜਾਲ ਵਿੱਚ ਫਸ ਕੇ ਸਾਜਤ ਰਿਹਾ ਹੋਵੇ। ਮਹਾਂ ਸੁੰਦਰੀ ਮਹਾਂ ਛਲਨੀ ਜਿੱਧਰ ਜਾਂਦੀ ਫੌਜੀ ਕਰਨੈਲਾਂ ਜਰਨੈਲਾਂ ਦੇ ਸੀਨਿਆਂ ਦੇ ਭੇਤ ਇਝ ਕੱਢ ਲੈਂਦੀ ਜਿਵੇਂ ਸਮੁੰਦਰਾਂ ਵਿਚੋਂ ਮੋਤੀ। ਵੱਡੇ-ਵੱਡੇ ਕੌਮਾਂਤਰੀ ਜਾਸੂਸ ਇਸ ਨੇ ਮਾਤ ਕਰ ਛੱਡੇ ਸਨ। ਜਿਸ ਕੰਮ ਦੇ ਪਿੱਛੇ ਪੈ ਜਾਂਦੀ ਜਦ ਤੋੜੀਂ ਸਿਰੇ ਨਾ ਚੜ੍ਹਦਾ ਸਾਹ ਨਹੀਂ ਸੀ ਲੈਂਦੀ। ਅੰਦਾਜ਼ਾ ਲਾਉਂਦੇ ਹਨ ਕਿ ਇਸ ਦੇ ਹੱਥੋਂ ਫਰਾਂਸ ਅਤੇ ਬਰਤਾਨੀਆਂ ਦੀਆਂ ੫੦ ਹਜ਼ਾਰ ਜਾਨਾਂ ਦਾ ਨੁਕਸਾਨ ਹੋਇਆ। ਆਖ਼ਰ ਜਦ ਸੌ ਦਿਨ ਚੋਰ ਦੇ ਪੂਰੇ ਹੋ ਗਏ ਇੱਕ ਦਿਨ ਸਾਧ ਦਾ ਵੀ ਆ ਗਿਆ। ਫੜੀ ਗਈ, ਪੇਸ਼ ਹੋਈ ਫਰਾਂਸੀਸੀ ਕੋਰਟ ਦੇ ਰੂ-ਬ-ਰੂ। ਫਸੇ ਪੰਛੀ ਨੇ ਬਥੇਰੇ ਖੰਭ ਮਾਰੇ ਪਰ ਡਾਢੇ ਹੱਥਾਂ ਵਿੱਚੋਂ ਕਿਵੇਂ ਨਿਕਲਦਾ ? ਮੌਤ ਦੀ ਸਜ਼ਾ ਹੋਈ। ਕੋਰਟ ਦੇ ਜੱਜਾਂ ਵਿਚੋਂ ਇੱਕ ਨੇ ਹੁਕਮ ਹੇਠ ਦਸਤਖਤ ਕਰ ਕੇ ਕਲਮ ਭੰਨ ਦਿੱਤੀ ਤੇ ਆਖਣ ਲੱਗਾ "ਅਜਿਹੀ ਸੁੰਦਰ ਜਾਦੂ ਭਰੀ ਛਲਨੀ ਨੂੰ ਜੋ ਲੋਹੜੇ ਦੀ ਨੀਤੀ ਨਿਪੁੰਨ ਤੇ ਮੋਹਤ ਕਰਨ ਵਾਲੀ ਹੈ, ਮੌਤ ਦੀ ਸਜ਼ਾ ਦੇਣਾ ਬੜਾ ਦੁੱਖ ਹੈ। ਪਰ ਇਸ ਦੇ ਫ਼ਰੇਬਾਂ ਤੇ ਧੋਖਿਆਂ ਨੇ ਏਨੇ ਜੀਵਾਂ ਨੂੰ ਰੋੜ੍ਹਿਆ ਹੈ ਕਿ ਜੇ ਮੇਰਾ ਵਸ ਹੁੰਦਾ ਮੈਂ ਇਸ ਨੂੰ ਦਰਜਨ ਵਾਰ ਗੋਲੀ ਦਾ ਨਿਸ਼ਾਨਾ ਬਣਾਉਂਦਾ।"

ਮਾਤਾ ਹਰੀ ਦਾ ਜੀਵਨ ਇੱਕ ਲਗਾਤਾਰ ਨਾਟਕ ਸੀ। ਇੱਕ ਅੱਖੀਆਂ ਨੂੰ ਚੁੰਧਿਆਉਣ ਵਾਲੀ ਜੋਤ ਸੀ, ਜਿਹੜਾ ਨੇੜੇ ਆਉਂਦਾ ਅੰਨ੍ਹਾ ਹੋ ਜਾਂਦਾ ਸੀ, ਲੂਹੇ ਬਿਨਾਂ ਨਹੀਂ ਸੀ ਬਚਦਾ। ਪੁਸ਼ਾਕ ਪਾਉਂਦੀ ਤਾਂ ਪੈਰਿਸ ਦੇ ਬਜ਼ਾਜ਼ਾਂ ਨੂੰ ਰਾਹ ਪਾ ਦੇਂਦੀ ਤੇ ਜੇ ਨਾ ਪਾਉਂਦੀ ਤਾਂ ਆਪਣੇ ਚੰਨਣ-ਰੰਗੇ ਪਿੰਡੇ ਦੀ ਕੁਦਰਤੀ ਜਾਮੇ ਨਾਲ ਹੀ ਲੋਕਾਂ ਨੂੰ ਤੜਫਾਟ ਪਾ ਛੱਡਦੀ। ਖਾਣਾ ਪੀਣਾ ਤੇ ਨਚਣਾ ਤੇ ਨਾਲ ਦਿਆਂ ਨੂੰ ਇੱਕ ਅਨਹੋਣੀ ਜਿਹੀ ਸੁਰਗ ਵਾਸ਼ਨਾ ਦੇ ਨਸ਼ੇ ਵਿੱਚ ਰੱਖਣਾ। ਇੱਕ ਸਾਗਰ ਦੀ ਘੁਮੇਰ ਸੀ ਜਿਸ ਦੇ ਨੇੜੇ ਆ ਕੇ ਕੋਈ ਸਾਬਤ ਨਾ ਰਿਹਾ। ਰੂਸ ਜਰਮਨੀ ਫ਼ਰਾਂਸ ਸਪੇਨ ਸਾਰੇ ਦੇਸ਼ਾਂ ਦੇ ਵੱਡੇ ਅਮੀਰ ਤੇ ਰਾਜ ਬੰਸੀ ਵਾਰੀ ਵਾਰੀ ਇਸ ਦਾ ਪਾਣੀ ਭਰ ਚੁੱਕੇ ਸਨ। ਮਕੜੀ ਦੇ

ਜਾਲ ਵਿੱਚ ਫੱਸਣ ਵਾਲਿਆਂ ਦਾ ਮਾਤਾ ਹਰੀ ਦੇ ਫਲਿਆਂ ਹੋਇਆਂ ਨਾਲ ਕੋਈ ਮੁਕਾਬਲਾ ਨਹੀਂ ਸੀ ਕਿਉਂਕਿ ਇਹ ਤਾਂ ਦੀਨ ਈਮਾਨ ਜ਼ਮੀਰ ਦੇਸ਼ ਸਭ ਦਾ ਖੁਰਾ ਖੋਜ ਮਿਟਾ ਦੇਂਦੀ।

ਜਿੰਨਾ ਚਿਰ ਬੰਦੀਖਾਨੇ ਵਿੱਚ ਰਹੀ ਸਰਕਾਰ ਫਰਾਂਸ ਦਾ ਸਾਰਾ ਧਿਆਨ ਇਸ ਗੱਲ ਵੱਲ ਰਿਹਾ ਕਿ ਇਥੋਂ ਨਿਕਲ ਨਾ ਜਾਵੇ। ਨਾਲ ਰਹਿਣ ਲਈ ਦੋ ਪਾਦਰਣੀਆਂ ਮਿਲੀਆਂ ਹੋਈਆਂ ਸਨ ਜਿਨ੍ਹਾਂ ਗਰੀਬਣੀਆਂ ਨੂੰ ਨੱਕ ਹੇਠ ਹੀ ਨਹੀਂ ਸੀ ਲਿਆਉਂਦੀ। ਨ੍ਹਾਉਣ ਲਈ ਦੁੱਧ ਦਾ ਕੜਾਹਾ ਮੰਗਦੀ ਸੀ। ਜੇਹਲ ਦਾ ਡਾਕਟਰ ਗਭਰੂ ਸੀ, ਉਸ ਨਾਲ ਗੱਲਾਂ ਕਰਕੇ ਖੁਸ਼ ਸੀ। ਜਦ ਆਖਰੀ ਦਿਨ ਆ ਗਿਆ ਸਿਪਾਹੀ ਸਾਹਜਰੇ ਹੀ ਉਸਦੇ ਕਮਰੇ ਨੂੰ ਆਏ, ਪਤਾ ਲੱਗਾ ਕਿ ਘੂਕ ਸੌਂ ਰਹੀ ਹੈ। ਅਫਸਰ ਨੇ ਹੁਕਮ ਦਿੱਤਾ ਕਿ ਪੈਰਾਂ ਨਾਲ ਖੜਾਕ ਕਰੋ ਤਾਕਿ ਜਾਗ ਪਵੇ। ਪਾਦਰਣੀਆਂ ਨੇ ਹਲੂਣ ਕੇ ਜਗਾਈ। ਡਾਕਟਰ ਭੀ ਆ ਗਿਆ, ਕਪੜੇ ਪਾਈ ਜਾਂਦੀ ਸੀ ਨਾਲੇ ਡਾਕਟਰ ਨਾਲ ਗੱਲਾਂ ਕਰੀ ਜਾਂਦੀ ਸੀ।

ਮਾਤਾ ਹਰੀ : ਸੁਣਿਆ ਜੇ ? ਮੈਨੂੰ ਤਕੜੀ ਹੋਣ ਨੂੰ ਆਖਦੀਆਂ ਹਨ (ਹੱਸ ਪਈ) ਬੜੀ ਸੋਹਣੀ ਨੀਂਦ ਆਈ ਹੋਈ ਸੀ। ਐਡੇ ਸਾਹਜਰੇ ਮਾਰਨ ਦਾ ਕੀ ਮਤਲਬ ਹੈ ? ਇੰਡੀਆ ਵਿੱਚ ਤਾਂ ਵੱਡੇ ਦਿਨ ਭਰੇ ਮੇਲੇ ਵਿੱਚ ਫਾਹੇ ਲਾਇਆ ਕਰਦੇ ਹਨ..........ਤੇ ਸਵੇਰੇ ਸਾਹਜਰੇ ਨਿਰਣੇ ਕਾਲਜੇ.........।

ਡਾਕਟਰ : ਨਹੀਂ ਜ਼ਰੂਰ ਕੁਛ ਖਾਣਾ ਪੀਣਾ ਚਾਹੀਦਾ ਹੈ, ਕੀ ਮੰਗਾਵਾਂ ਮਿੱਠਾ ਜਿਹਾ ਨਸ਼ਾ.......।

ਮਾਤਾ ਹਰੀ : ਹਾਂ, ਪਿਲਾਓ ਕੁਝ ਨਸ਼ਾ, ਬਾਹਰ ਦਿਨ ਕੇਹੋ ਜਿਹਾ ਹੈ ?

ਜਵਾਬ ਮਿਲਿਆ : ਦਿਨ ਚੰਗਾ ਸਾਫ ਹੈ।

ਮਾਤਾ ਹਰੀ : ਤਦ ਤਾਂ ਬੈਂਗਨੀ ਰੰਗ ਦਾ ਕੋਟ ਦਿਓ ਜਿਹੜਾ ਮੈਂ ਪਾ ਕੇ ਆਈ ਸਾਂ.......।

ਬੂਟਾਂ ਦੇ ਤਸਮੇ ਪਾਦਰਣੀਆਂ ਨੇ ਬੰਨ੍ਹੇ ? ਵੇਖ ਕੇ ਆਖਣ ਲੱਗੀ ਇਹਨਾਂ ਨੂੰ ਬੂਟ ਬੰਨ੍ਹਣੇ ਭੀ ਨਹੀਂ ਆਉਂਦੇ, ਖੋਹਲ ਕੇ ਠੀਕ ਕਰ ਲਏ।

ਸਿਪਾਹੀਆਂ ਆਖਿਆ ਆਓ ਚੱਲੀਏ—ਤੁਰ ਪਈ। ਇੱਕ ਸਿਪਾਹੀ ਨੇ ਪੁੱਛਿਆ ਤੈਂ ਕੋਈ ਬਿਆਨ ਦੇਣਾ ਹੈ ?

ਮਾਤਾ ਹਰੀ : ਕੋਈ ਨਹੀਂ, ਪਰ ਜੇ ਦੇਣਾ ਭੀ ਹੋਵੇ ਤੇਰੇ ਵਰਗੇ ਨੂੰ ਤਦ ਭੀ ਨਾ ਦਿਆਂ।

ਸਿਪਾਹੀ ਵਿਚਾਰਾ ਠੱਪਿਆ ਗਿਆ।

ਕੋਈ ਹੋਰ ਖਾਹਸ਼ ਹੈ ? "ਹਾਂ, ਚਿੱਠੀਆਂ ਲਿਖਣੀਆਂ ਹਨ।"

ਜੇਹਲ ਦੇ ਦਫਤਰ ਵਿੱਚ ਬੈਠ ਕੇ ਤਿੰਨ ਲੰਮੀਆਂ ਚਿੱਠੀਆਂ ਲਿਖ ਦਿੱਤੀਆਂ। ਇੱਕ ਆਪਣੀ ਧੀ ਨੂੰ, ਇੱਕ ਆਪਣੇ ਫ਼ਰਾਂਸੀਸੀ ਆਸ਼ਕ ਨੂੰ, ਇੱਕ ਰੂਸੀ ਆਸ਼ਕ ਸ਼ਹਿਜ਼ਾਦੇ ਮਾਰੋਵ ਨੂੰ। ਤਾੜਨਾ ਕੀਤੀ ਖ਼ਬਰਦਾਰ ਮੇਰੀਆਂ ਚਿੱਠੀਆਂ ਰੁਲ ਨਾ ਜਾਣ, ਚੇਤਾ ਰੱਖਣਾ ਚਿੱਠੀਆਂ ਬੱਦਲ ਕੇ ਲੜਕੀ ਨੂੰ ਦੂਜੀ ਚਿੱਠੀ ਨਾ ਚਲੀ ਜਾਵੇ।

ਤੁਰੇ ਜਾਂਦੇ ਪਾਦਰਣੀਆਂ ਨੇ ਆਪਣੇ ਵਲੋਂ ਧੀਰਜ ਦੇਣ ਦੀ ਕੀਤੀ, ਆਖਣ ਲੱਗੀ–"ਮੌਤ, ਮੌਤ ਕੋਈ ਚੀਜ਼ ਨਹੀਂ.........–ਤੇ ਨਾ ਜੀਵਨ। ਭਲਾ ਜੇ ਸਾਰਾ ਵਿਚਾਰੀਏ-ਮਰਣਾ, ਸੌਂ ਜਾਣਾ, ਅਣਹੋਂਦ ਵਿੱਚ ਗੁਮ ਹੋ ਜਾਣਾ ਕੀ ਗੱਲ ਹੈ, ਸਭ ਭਰਮ ਹੈ।"

ਜਿੱਥੇ ਗੋਲੀ ਮਾਰਨੀ ਸੀ ਫ਼ੌਜ ਦੇ ਸਿਪਾਹੀਆਂ ਦੀਆਂ ਪਾਲਾਂ ਸਨ। ਇੱਕ ਬਿਰਛ ਦੇ ਟਾਹਣੀਆਂ ਪੱਤੇ ਸਾਫ ਕੀਤੇ ਹੋਏ ਸਨ। ਨਾਲ ਦੀ ਪਾਦਰਣੀ ਨਜ਼ਾਰਾ ਵੇਖ ਕੇ ਠਿਠੰਬਰ ਗਈ, ਰੰਗ ਉਡ ਗਿਆ।

ਮਾਤਾ ਹਰੀ : ਆ ਸਿਸਟਰ ਮੇਰਾ ਹੱਥ ਘੁੱਟ ਕੇ ਫੜ ਲੈ।

ਸਿਸਟਰ ਨੂੰ ਉਂਗਲੀ ਲਾਈ ਮਾਤਾ ਹਰੀ ਰਾਤ ਦੇ ਮੀਂਹ ਨਾਲ ਪਾਣੀ ਭਰੇ ਨਿਵਾਣਾਂ ਉਪਰ ਦੀ ਟੱਪਦੀ ਇਵ ਜਾ ਰਹੀ ਸੀ ਜਿਵੇਂ ਵਿਆਹ ਜਾਈਦਾ ਹੈ।

ਨੰਗੇ ਕੀਤੇ ਬਿਰਛ ਨਾਲ ਬੰਨ੍ਹ ਦਿੱਤੀ ਗਈ। ਸਿਪਾਹੀਆਂ ਨੇ ਆਪਣੇ ਥਾਂ ਮਲ ਲਏ, ਬੰਦੂਕਾਂ ਸਿੰਨ੍ਹ ਲਈਆਂ, ਕਿਸੇ ਨੇ ਅੱਖੀਆਂ ਬੰਨਣ ਨੂੰ ਪੱਟੀ ਦਿੱਤੀ ਪਰ 'ਨਹੀਂ ਮੈਨੂੰ ਪੱਟੀ ਦੀ ਕੋਈ ਲੋੜ ਨਹੀਂ।'

ਇੱਕ ਪਾਸੇ ੭੫ ਸਾਲ ਦਾ ਬੁੱਢਾ ਚਿੱਟੇ ਦਾਹੜੇ ਵਾਲਾ ਵਕੀਲ, ਮਾਤਾ ਹਰੀ ਦਾ ਪਹਿਲੀਆਂ ਦਾ ਯਾਰ ਜਿਸ ਨੇ ਉਸ ਦੀ ਵਕਾਲਤ ਕੀਤੀ ਤੇ ਫੇਰ ਦੂਰ ਦੂਰ ਤੋੜੀਂ ਆਪਣੇ ਦੋਸਤ ਫਰਾਂਸ ਦੇ ਪ੍ਰੈਜ਼ੀਡੈਂਟ ਤੀਕ ਅਪੜਿਆ ਆਪਣੀ ਮਸ਼ੂਕਾ ਦੀ ਜਾਨ ਬਖਸ਼ੀ ਲਈ ਤੇ ਓੜਕ ਨੂੰ ਏਥੋਂ ਤੀਕ ਕਾਨੂੰਨੀ ਆੜ ਲਈ ਕਿ ਉਸ ਦੇ ਪੇਟ ਵਿੱਚ ਬੱਚਾ ਹੈ, ਬੱਚਾ ਕਿਸ ਦਾ ? ਮੇਰਾ, ਮੈਂ ਉਸ ਨੂੰ ਜੇਹਲ ਵਿੱਚ ਮਿਲਦਾ ਰਿਹਾ ਹਾਂ–ਏਹ ੭੫ ਸਾਲਾ ਜਵਾਨ-ਦਿਲ ਬੁੱਢਾ ਉੱਚੀ ਉੱਚੀ ਰੋ ਰਿਹਾ ਸੀ। (ਮਾਤਾ ਹਰੀ ਨੂੰ ਉਸੇ ਸਵੇਰ ਦਸਿਆ ਗਿਆ ਕਿ ਤੇਰਾ ਵਕੀਲ ਇਵ ਆਖਦਾ ਹੈ ਤੈਨੂੰ ਬਚਾਉਣ ਲਈ-ਕਹਿਣ ਲੱਗੀ ਬੁੱਢੇ ਦੀ ਮੱਤ ਮਾਰੀ ਗਈ ਹੈ)।

ਜਦ ਸਭ ਕੁਝ ਤਿਆਰ ਹੋ ਗਿਆ ਅਫ਼ਸਰ ਨੇ ਹੁਕਮ ਦੇਣ ਲਈ ਹੱਥ ਚੁੱਕ ਲਿਆ, ਮਾਤਾ ਹਰੀ ਨੇ ਓਸੇ ਸੁਰੀਲੀ ਟੱਲੀ ਵਰਗੀ ਆਵਾਜ਼ ਨਾਲ ਜਿਸ ਨਾਲ ਏਹਨਾਂ ਸਿਪਾਹੀਆਂ ਦੇ ਸੈਂਕੜੇ ਅਫ਼ਸਰਾਂ ਨੂੰ ਛਲ ਕੇ ਹਜ਼ਾਰਾਂ ਦੇ ਖ਼ੂਨ ਕਰਵਾਏ ਸਨ, ਅਫਸਰ ਵੱਲ ਓਸੇ ਅਡੋਲ ਮੁਸਕਰਾਉਂਦੇ ਮੂੰਹ ਨਾਲ ਬੋਲੀ—

"ਥੈਂਕ ਯੂ ਮਸੀਅਰ"

ਗੋਲੀਆਂ ਦੇ ਨਿਸ਼ਾਨੇ ਠਿਕਾਣੇ ਸਿਰ ਲੱਗੇ ਤੇ ਮਾਤਾ ਹਰੀ ਦੇ ਡਰਾਮੇ ਦੀ ਅੰਤਮ ਝਾਕੀ ਸਮਾਪਤ ਹੋ ਗਈ।

ਪਾਠਕ ਪੁਛਣਗੇ ਜਦ ਮਰਨ ਸਾਹਮਣੇ ਸੀ ਐਡੇ ਨਖਰਿਆਂ ਵਿਖਾਵੇ ਤੇ ਗੱਲਾਂ ਦੀ ਕੀ ਲੋੜ ਸੀ ?

ਜਿੰਦ ਸਭ ਕੁਛ ਹੈ, ਮਰਨ ਕੁਛ ਵੀ ਨਹੀਂ। ਜਿੰਦ ਹੈ ਤਾਂ ਜਿੰਦ ਦੇ ਨਾਲ ਸਭ ਸਾਮਾਨ ਹਾਸਾ ਖ਼ੁਸ਼ੀ ਮੇਲਾ ਰੂਪ ਸ਼ਿਗਾਰ। ਭਾਵੇਂ ਇੱਕ ਘੰਟਾ ਹੈ ਭਾਵੇਂ ਇੱਕ ਸਦੀ। ਕਈਆਂ ਦੀ ਸਦੀ ਮਿੰਟ ਵਾਂਗ ਸੱਖਣੀ ਬੇਰੰਗ ਬੇ ਸੁਆਦ ਪੱਧਰ ਵਰਾਨ ਬੀਆਬਾਨ ਵਾਂਗ ਲੰਘ ਜਾਂਦੀ ਹੈ ਤੇ ਇਕਨਾਂ ਦੇ ਇੱਕੜ ਦੁੱਕੜ ਘੰਟੇ ਭੀ ਹਿਮਾਲਾ ਪਹਾੜ ਦੀਆਂ ਦੂਨਾਂ ਵਾਂਗ ਫੁੱਲਾਂ ਨਾਲ ਹਰੇ ਘਾਹ ਨਾਲ ਵਗਦੀਆਂ ਕੂਲਾਂ ਨਾਲ ਬੇਰਸ ਦੁਨੀਆਂ ਲਈ ਅੰਮ੍ਰਿਤ ਦੇ ਸੋਮੇ ਬਣ ਜਾਂਦੇ ਹਨ। ਜੀਵਨ ਓਹੀ ਜੀਵਨ ਹੈ ਜਿਸ ਉੱਤੇ ਅਖੀਰਲੀ ਨਿਮਖ ਤੋੜੀ ਮੌਤ ਦਾ ਪਰਛਾਵਾਂ ਛੋਹ ਨਾ ਸਕੇ। ਮਾਤਾ ਹਰੀ ਬੂਟਾਂ ਦੇ ਤਸਮੇ ਸਵਾਰ ਕੇ ਬੰਨ੍ਹਣ ਵਿੱਚ ਏਹੀ ਸਭ ਕੁਝ ਤੇ ਹੋਰ ਅਣਆਖੀਆਂ ਗੱਲਾਂ ਆਖ ਰਹੀ ਸੀ। ਤਸਮਿਆਂ ਦੀਆਂ ਨੋਕਾਂ ਤੋਂ ਵਾਰ ਦਿੱਤੇ ਮਰਨੇ ਤੇ ਮਰਨ ਦੇ ਵਿਰਥੇ ਕਿੱਸੇ। ਧੁਪ ਆਪ ਸੂਰਜ ਹੈ ਛਾਉਂ ਕੀ ਹੈ, ਧੁਪ ਦਾ ਨਾ ਹੋਣਾ। ਤਮਾਸ਼ਾ ਹੀ ਚਾਨਣ ਦਾ ਹੈ ਹਨੇਰੇ ਵਿੱਚ ਝਾਕਣਾ ਕੀ ਅੱਖੀਆਂ ਹੀ ਨਿਰਾਰਥ ਹਨ। ਜੀਵਨ ਦਾ ਹੀ ਚਾਨਣਾ ਹੈ, ਉਸ ਹਾਲਤ ਦਾ ਜਦ ਆਪ ਹੀ ਨਹੀਂ ਰਹਿਣਾ ਸੋਚਣਾ ਹੀ ਕੀ। ਤੇ ਨਾਲੇ ਸੁਆਦ ਹੀ ਨਖਰਿਆਂ ਦਾ ਉਦੋਂ ਹੈ ਜਦ ਹੋਰ ਨਵੇਂ ਨਖਰੇ ਸਭ ਮਾਂਦ ਪੈ ਜਾਣ। ਭਲਾ ਸਾਰੀ ਉਮਰ ਬੰਦਾ ਦੁਨੀਆਂ ਨੂੰ ਮੰਡੂਏ ਦੇ ਥੜ੍ਹੇ ਉੱਤੋਂ ਤਮਾਸ਼ਾ ਵਿਖਾਈ ਚੱਲੇ ਤੇ ਜਦ ਪਰਦਾ ਡਿੱਗਣ ਵਾਲਾ ਹੋਵੇ ਉਦੋਂ ਆਪਣਾ ਸੁਆਂਗ ਹੀ ਭੁੱਲ ਜਾਵੇ, ਇਹ ਭੀ ਕੋਈ ਸਿਆਣਪ ਹੈ ? ਉਹਨਾਂ ਤਸਮਿਆਂ ਦੇ ਮੁੜ ਬੰਨ੍ਹ 'ਚ ਸ਼ਿਵ ਜੀ ਦੀ ਸਾਰੀ ਸਿੱਖਿਆ ਤੇ ਸ਼੍ਰੀ ਕ੍ਰਿਸ਼ਨ ਜੀ ਦੀ ਸ਼੍ਰੀ ਮਦ ਭਾਗਵਤ ਦਾ ਸਾਰਾ ਸ਼ਾਸਤਰਾਰਥ ਇੱਕ ਇਸ਼ਾਰੇ ਨਾਲ ਭਰ ਦਿੱਤਾ ਸੀ।

ਇੱਕ ਪਾਸੇ ਮੌਤ ਖਲੋਤੀ ਹੋਵੇ ਤੇ ਬੰਦਾ ਆਪਣੀ ਆਯੂ ਦੀਆਂ ਅੰਤਲੀਆਂ ਘੜੀਆਂ ਵਿੱਚ ਆਪਣੇ ਬਚਨ ਤੇ ਕੌਲ ਪੂਰੇ ਕਰਨ ਦਾ ਸੁਚੱਜੇ ਬੰਦਿਆਂ ਵਾਂਗ, ਧੀਰਜ ਪਕਿਆਈ ਤੇ ਦ੍ਰਿੜ੍ਹਤਾ ਨਾਲ-ਉਪਰਾਲਾ ਕਰਦਾ ਕੇਡਾ ਸੋਹਣਾ ਲੱਗਦਾ ਹੈ। ਮਾਨੋ ਉਮਰ ਭਰ ਦੇ ਜੀਵਨ ਨੂੰ ਉਸ ਵੇਲੇ ਸੁਗੰਧੀ ਭਰੇ ਰੂਪ ਵਾਲੇ ਫੁੱਲ ਲੱਗ ਰਹੇ ਹੁੰਦੇ ਹਨ।

ਹਿਟਲਰ ਸਾਰੀ ਉਮਰ ਕੁਆਰਾ ਰਿਹਾ, ਮਲੂਮ ਹੁੰਦਾ ਹੈ ਉਸ ਨੇ ਵਿਆਹ ਨਾ ਕਰਨ ਦਾ ਪ੍ਰਣ ਕੀਤਾ ਹੋਇਆ ਸੀ, ਚਾਹਣ ਵਾਲੀਆਂ ਬੜੀਆਂ ਸਨ ਪਰ ਉਸ ਨੂੰ ਇੱਕੋ ਲਗਨ ਸੀ ਆਪਣੇ ਦੇਸ਼ ਜਰਮਨੀ ਨੂੰ ਯੂਰਪ ਦਾ ਤਾਜ ਬਨਾਉਣ ਦੀ। ਇਸਤ੍ਰੀਆਂ ਤਾਂ ਹੋਰ ਭੀ ਹੋਣੀਆਂ ਹਨ ਪਰ ਇੱਕ ਸੀ ਜਿਸ ਨੇ ਉਸ ਦਾ ਸਾਥ ਮੌਤ ਤਕ ਨਿਭਾਹਿਆ। ਈਵਾ ਬਰਾਉਣ ਸੰਬੰਧੀ ਦਸਿਆ ਗਿਆ ਹੈ ਕਿ ਉਹ ਸੁੱਚੀ ਆਰੀਅਨ ਨਸਲ ਦੀ ਸੋਹਣੀ ਕੱਦ ਆਵਰ ਸੁਅੱਛ ਤੇ ਵਿਦਿਆ ਪ੍ਰਬੀਨ ਜਰਮਨ ਇਸਤ੍ਰੀ ਸੀ। ਲੋਕੀਂ ਇਸ ਨੂੰ ਹਿਟਲਰ ਦੀ ਯਾਰ ਆਖਦੇ ਸਨ ਪਰ ਉਸ ਨੇ ਇਸ ਲੋਕ ਚਰਚਾ ਦੀ ਹੀਨਤਾ ਨੂੰ ਸਹਿੰਦਿਆਂ ਤੇ ਪਰਵਾਹ ਨਾ ਕਰਦਿਆਂ ਹਿਟਲਰ ਦਾ ਸਾਥ ਦਿੱਤਾ। ਹਿਟਲਰ ਦੇ ਘਰ ਵਿੱਚ ਉਸ ਦੀ ਇੱਜ਼ਤ ਤੇ ਬੜਾ ਮਾਣ ਸੀ ਪਰ ਇਹ ਮਾਣ ਤੇ ਆਦਰ ਉਸ ਟਿਕਾਣੇ ਦੇ ਦਰਜੇ ਦੇ ਸਾਮ੍ਹਣੇ ਕੁਛ ਨਹੀਂ ਸੀ ਜੋ ਕਿ ਨਿਯਮਾਂ ਅਨੁਸਾਰ ਵਿਆਹੀ ਵਰੀ ਇਸਤ੍ਰੀ ਦਾ ਹੁੰਦਾ ਹੈ। ੧੯੪੫ ਵਿੱਚ ਜਦ ਹਿਟਲਰ ਬਰਲਿਨ ਸ਼ਹਿਰ ਦੀ ਚਾਂਸਲਰੀ (ਵਜ਼ਾਰਤ ਖਾਨਾ) ਵਿੱਚ ਅਖੀਰਲੇ ਦਿਨ ਕੱਟ ਰਿਹਾ ਸੀ ਤੇ ਵੈਰੀ ਦਲ, ਪੱਛਮ ਵਲੋਂ ਅੰਗ੍ਰੇਜ਼ ਤੇ ਅਮਰੀਕਨ, ਪੂਰਬ ਵਲੋਂ ਰੂਸੀ ਚੜ੍ਹੇ ਆ ਰਹੇ ਸਨ, ਉਸ ਵੇਲੇ ਹਿਟਲਰ ਦੀ ਮਹਰਮ ਬਰਾਉਣ ਵੀ ਨਾਲ ਸੀ। ਅੰਗ੍ਰੇਜ਼ ਲਿਖਾਰੀ ਦੇ ਕਥਨ ਅਨੁਸਾਰ ਈਵਾ ਨੂੰ ਹਿਟਲਰ ਨੇ ਕਈ ਵਾਰ ਆਖਿਆ ਕਿ ਉਹ ਉਥੋਂ ਚਲੀ ਜਾਵੇ ਤੇ ਆਪਣਾ ਬਚਾ ਕਰ ਲਵੇ ਪਰ ਉਸ ਨਾਲ ਮਰਨਾ ਮਿਥਿਆ ਹੋਇਆ ਜਾਪਦਾ ਸੀ। ਹੋਰ ਕਈ ਆਦਮੀ ਹਿਟਲਰ ਦੇ ਕਹਿਣ ਤੋਂ ਯਾ ਆਪ ਹੀ ਚਲੇ ਗਏ ਪਰ ਉਹ ਨਾ ਗਈ। ਉਸ ਜ਼ਮੀਨ ਹੇਠਲੇ ਘਰ ਵਿੱਚ ਹਿਟਲਰ ਦੇ ਨਾਲ ਪ੍ਰਸਿੱਧ ਪ੍ਰੋਪਾਗੰਡਾਕਾਰ ਗੋਬਲਜ਼ ਦੀ ਇਸਤ੍ਰੀ ਤੇ ਬੱਚੇ ਭੀ ਹੈ ਸਨ। ਕੁਛ ਫੌਜੀ ਨੌਕਰ ਚਾਕਰ ਸਨ। ਹਰ ਰੋਜ਼ ਹਵਾਈ ਜਹਾਜ਼ ਆਉਂਦੇ ਜਾਂਦੇ ਰਹਿੰਦੇ ਸਨ। ਸਲਾਹ ਦੀ ਗੱਲ ਬਾਤ ਜਦ ਹਿਟਲਰ ਰਾਹੀਂ ਆਰੰਭ ਹੋਈ, ਹਿਟਲਰ ਹੈ ਸੀ। ਜਦ ਹਿਟਲਰ ਨੂੰ ਯਕੀਨ ਹੋ ਗਿਆ ਕਿ ਫ਼ੌਜਾਂ ਹਾਰ ਗਈਆਂ ਹਨ ਉਸ ਨੇ ਆਪਣੇ ਅੰਤਮ ਸਫ਼ਰ ਦੀ ਤਿਆਰੀ ਆਰੰਭ ਦਿੱਤੀ। ਪਹਿਲੋਂ ਉਸ ਨੇ ਫ਼ਰਾ ਗੋਬਲਜ਼ ਨੂੰ

ਸਾਰਿਆਂ ਦੇ ਰੂਬਰੂ ਸੱਦ ਕੇ ਸਭ ਤੋਂ ਵੱਡੇ ਜਰਮਨ ਮਾਣ ਦਾ ਤਕਮਾ ਦਿੱਤਾ ਤੇ ਉਸ ਦੀ ਪ੍ਰਸੰਸਾ ਕੀਤੀ ਤੇ ਆਖਿਆ ਕਿ ਇਹ ਇਸਤ੍ਰੀ ਸੱਚੇ ਆਰੀਆਂ ਵਾਂਗ ਬਹਾਦਰ ਦੇ ਜ਼ਿੰਦਗੀ ਤੋੜੀ ਸਿਦਕੀ ਰਹੀ ਹੈ। ਏਸ ਇਸਤ੍ਰੀ ਨੇ ਆਪਣੇ ਆਪ ਤੇ ਬੱਚਿਆਂ ਦਾ ਵੈਰੀ ਦੇ ਹੱਥ ਆਉਣ ਨਾਲੋਂ ਮਰਨਾ ਚੰਗਾ ਸਮਝਿਆ। ਆਪਣੇ ਬੱਚਿਆਂ ਨੂੰ ਆਪਣੇ ਹੱਥੀਂ ਜ਼ਹਿਰ ਦੇ ਘੁੱਟ ਦਿੱਤੇ ਤੇ ਫੇਰ ਆਪ ਸਰੀਰ ਤਿਆਗ ਗਈ। ਜਦ ਇਹ ਮਿਰਤੂ ਨਾਟਕ ਹਿਟਲਰ ਦੇ ਤੈਹਖਾਨੇ ਵਿੱਚ ਰਚਣਾ ਆਰੰਭ ਹੋਇਆ, ਤੈਹਖਾਨੇ ਦੇ ਵਿੱਚ ਤੇ ਉਦਾਲੇ ਤੋਪਾਂ ਦੇ ਗੋਲੇ ਪੁੱਜਣ ਲੱਗ ਪਏ ਸਨ। ਹਿਟਲਰ ਆਪਣੀ ਵਸੀਅਤ ਪਹਿਲੋਂ ਹੀ ਬਣਾ ਕੇ ਤੇ ਤਸਦੀਕ ਕਰਾ ਕੇ ਬਾਹਰ ਭੇਜ ਚੁੱਕਾ ਸੀ। ਜਰਮਨ ਹਵਾਈ ਬੇੜੇ ਦੇ ਕਰਤੇ ਮਾਰਸ਼ਲ ਗੋਇਰਿੰਗ ਨਾਲ ਅਣ-ਬਣ ਹੋ ਚੁੱਕੀ ਸੀ। ਇੱਕ ਦੋ ਹੋਰ ਅਜੇਹੇ ਸਾਥੀਆਂ ਦੀ ਅੰਤ ਵੇਲੇ ਦੀ ਬੇਵਫ਼ਾਈ ਸੀਨੇ ਵਿੱਚ ਰੜਕ ਰਹੀ ਸੀ। ਆਖ਼ਰ ਜਦ ਅੰਤ ਸਮਾਂ ਨੇੜੇ ਆਇਆ ਵੇਖਿਆ ਤਾਂ ਉਸਨੇ ਈਵਾ ਬਰਾਉਣ ਨੂੰ ਸੱਦ ਕੇ ਨਾਜ਼ੀਆਂ ਦੀ ਆਰੀਆ ਰੀਤੀ ਅਨੁਸਾਰ ਵਿਵਾਹ ਕੀਤਾ ਤਾਂ ਜੋ ਉਸ ਵਿਚਾਰੀ ਦਾ ਇੱਕੋ ਕਲੰਕ ਜਿਸ ਨਾਲ ਉਸ ਦੇ ਮਾਣ ਵਿੱਚ ਇਤਿਹਾਸ ਦੀਆਂ ਨਜ਼ਰਾਂ ਵਿੱਚ ਫ਼ਰਕ ਆਉਂਦਾ ਸੀ, ਧੋਤਾ ਜਾਵੇ। ਹਿਟਲਰ ਦੀ ਇਹ ਅੰਤਮ ਕਰਨੀ ਬੜੀ ਉਪਮਾ ਯੋਗ ਹੈ। ਵਿਆਹ ਵੇਲੇ ਦੇ ਗਵਾਹ ਦੱਸਦੇ ਹਨ ਕਿ ਹਿਟਲਰ ਨੇ ਏਸ ਰਸਮ ਨੂੰ ਬੜੇ ਪ੍ਰੇਮ ਅਤੇ ਸਤਿਕਾਰ ਨਾਲ ਪੂਰਾ ਕੀਤਾ ਤੇ ਸਾਰਿਆਂ ਨੇ ਇਕੱਠੇ ਬੈਠ ਕੇ ਵਿਆਹ ਦੀ ਰੋਟੀ ਖਾਧੀ। ਰੋਟੀ ਦੀ ਸਮਾਪਤੀ ਪਰ ਹਿਟਲਰ ਆਪਣੇ ਕਮਰੇ ਵਿੱਚ ਚਲਿਆ ਗਿਆ ਤੇ ਈਵਾ ਆਪਣੇ ਕਮਰੇ ਵਿੱਚ । ਹਿਟਲਰ ਦੇ ਕਮਰੇ ਚੋਂ ਪਿਸਤੌਲ ਦੇ ਚੱਲਣ ਦੀ ਆਵਾਜ਼ ਆਈ ਤੇ ਈਵਾ ਵਿਚਾਰੀ ਜ਼ਹਿਰ ਦੀ ਟਯੂਬ ਨਾਲ ਏਸ ਜਗਤ ਤੋਂ ਵਿਦਾ ਹੋ ਗਈ। ਦੋਹਾਂ ਦੇ ਸਰੀਰ ਪਟਰੋਲ ਨਾਲ ਦਾਹ ਕੀਤੇ ਗਏ ਸੋ ਭੀ ਚੰਗੀ ਤਰ੍ਹਾਂ ਨਹੀਂ ਹੋਏ, ਕਿਉਂਕਿ ਬਾਹਰ ਜਿੱਥੇ ਲਾਂਬੂ ਲਾਇਆ ਸੀ, ਗੋਲੇ ਵਰ੍ਹ ਰਹੇ ਸਨ।

ਕੇਡਾ ਸੋਹਣਾ ਹੈ ਅਜਿਹਾ ਮਰਨਾ ਜਿਸ ਵਿੱਚ ਨਿਤਾਪ੍ਰਤੀ ਦੇ ਜੀਵਨ ਦਾ ਸਾਧਾਰਨ ਪੁਣਾ ਭੀ ਹੋਵੇ। ਅੰਤਮ ਝਾਕੀ ਦੀ ਵਿਸ਼ੇਸ਼ਤਾ ਭੀ ਹੋਵੇ ਤੇ ਕਿਸਮਤ ਦੇ ਚੰਗੇ ਮੰਦੇ ਹੋਣ ਦਾ ਕੋਈ ਗੁੱਸਾ ਗਿਲਾ ਨਾ ਹੋਵੇ, ਜਿੱਤ ਹਾਰ ਦੀ ਬਾਜ਼ੀ ਵੱਲ ਕੋਈ ਧਿਆਨ ਨਾ ਹੋਵੇ। ਈਵਾ ਜੇ ਚਾਹੁੰਦੀ ਬਚ ਜਾਂਦੀ। ਜੁਆਨ ਇਸਤ੍ਰੀ ਲਈ ਦੁਨੀਆਂ ਖ਼ਾਲੀ ਹੈ, ਪਰ ਨਹੀਂ, ਉਸ ਨੇ ਹਿਟਲਰ ਦਾ ਸਾਥ ਛੱਡਣ ਨਾਲੋਂ ਮਰਨਾ ਬਹੁਤ ਉੱਚਾ ਸਮਝਿਆ। ਸੋਨੇ ਦੀ ਪਰਖ

ਦਾ ਸਮਾਂ ਅੱਗ ਦੇ ਤਾਅ ਵਿੱਚ ਆਉਂਦਾ ਹੈ। ਈਵਾ ਭੀ ਸਮੇਂ ਸਿਰ ਓਨੀ ਉੱਚੀ ਹੋਈ ਜਿਸ ਦੀ ਕਿ ਹਿਟਲਰ ਵਰਗੇ ਦੀ ਸਾਥਣ ਤੇ ਪ੍ਰੇਮਣ ਹੋਣ ਵਾਲੀ ਨੂੰ ਲੋੜ ਸੀ। ਕੌਣ ਜਾਣਦਾ ਹੈ ਕਿ ਵਿਆਹੀ ਨਾ ਹੋਣ ਕਰ ਕੇ ਉਸ ਦੇ ਦਿਲ ਵਿੱਚ ਉਸ ਵੇਲੇ ਜਦ ਬਰਲਿਨ ਵਿੱਚ ਮੌਤ ਦਾ ਵੱਡਾ ਭਾਂਬੜ ਮਚ ਰਿਹਾ ਸੀ, ਆਪਣੀ ਹੀਣਤਾ ਤੇ ਇਤਿਹਾਸਕ ਨਿਆਕਾਰੀ ਦੇ ਕੀ ਕੀ ਖ਼ਿਆਲ ਆਏ ਹੋਣੇ ਹਨ ਤੇ ਵਿਆਹ ਦੀ ਘੜੀ ਦੀ ਉਡੀਕ ਵਿੱਚ ਜਾਂ ਅਣਵਿਆਹੀ ਦਾ ਕਲੰਕ ਸਹਾਰਨ ਵਿੱਚ ਉਸ ਨੇ ਕੇਡਾ ਦੁੱਖ ਪਰਤੀਤ ਕੀਤਾ ਹੋਵੇਗਾ। ਕਿਹਾ ਸੁਹਾਗ ਸੀ ਜਿਸ ਦੇ ਆਉਂਦਿਆਂ ਹੀ ਮੌਤ ਭੀ ਆਣ ਖਲੋਤੀ। ਪਰ ਈਵਾ ਨੇ ਸਿੱਧ ਕੀਤਾ ਕਿ ਮੌਤ ਕੋਈ ਚੀਜ਼ ਨਹੀਂ ਜਿੱਥੇ ਸੁਹਾਗ ਦਾ ਸਵਾਲ ਹੈ।

ਦੂਜੀ ਵੱਡੀ ਜੰਗ ਦਾ ਇਹ ਇੱਕ ਸੱਚਾ ਵਰਤਾਂਤ ਹੈ। ਅੰਗ੍ਰੇਜ਼ੀ ਬੰਬ ਮਾਰ ਜਹਾਜ਼ ਜਰਮਨੀ ਦੇ ਉੱਤੇ ਆਪਣਾ ਮਾਰੂ ਕੰਮ ਕਰ ਰਿਹਾ ਸੀ ਕਿ ਹੇਠੋਂ ਕੁਥਾਂ ਗੋਲਾ ਵੱਜਾ ਤੇ ਜਹਾਜ਼ ਉਦੋਂ ਬਿਵਾਹ ਹੋ ਕੇ ਵੱਟੇ ਵਾਂਗ ਡਿੱਗਣ ਲੱਗ ਪਿਆ। ਜਹਾਜ਼ ਦੇ ਸਵਾਰ ਸਾਰੇ ਆਪਣੀਆਂ ਆਪਣੀਆਂ ਪੈਰਾਸ਼ੂਟ ਛਤਰੀਆਂ ਸੰਭਾਲ ਕੇ ਛਾਲਾਂ ਮਾਰਨ ਲੱਗ ਪਏ। ਇੱਕ ਸਤਾਰ੍ਹਾਂ ਵਰ੍ਹਿਆਂ ਦਾ ਗਭਰੂ ਜੁਆਨ ਮੁੰਡਾ ਜਦ ਆਪਣੀ ਛੱਤਰੀ ਸੰਭਾਲ ਕੇ ਥਾਂ ਤੋਂ ਹਿੱਲਣ ਲੱਗਾ ਤਾਂ ਉਸ ਨੇ ਵੇਖਿਆ ਕਿ ਉਸ ਦੀ ਵਰਦੀ (ਜੋ ਚਮੜੇ ਆਦਿ ਦੀ ਬਣੀ ਹੋਈ ਤਕੜੀ ਮਜ਼ਬੂਤ ਹੁੰਦੀ ਹੈ) ਬੈਠਕ ਦੀ ਕੁਰਸੀ ਦੇ ਵਿੱਚ ਦੱਬੀ ਗਈ ਹੈ। ਉਸ ਨੇ ਛੁਡਾਉਣ ਦਾ ਜੋਰ ਲਾਇਆ ਪਰ ਮੌਤ ਨੇ ਉਸ ਨੂੰ ਓਸ ਬੈਠਕ ਨਾਲ ਇਂਞ ਜੜ੍ਹ ਦਿੱਤਾ ਸੀ ਜਿਵੇਂ ਪਰੇਗ ਨਾਲ ਫੱਟੀ ਜੜ੍ਹ ਦਿੱਤੀ ਜਾਂਦੀ ਹੈ। ਆਪਣੀ ਏਸ ਭਿਆਨਕ ਮੌਤ ਨੂੰ ਦੇਖ ਕੇ ਮੁੰਡੇ ਦੀਆਂ ਲੇਰਾਂ ਨਿਕਲ ਗਈਆਂ। ਸਾਥੀਆਂ ਨੇ ਉਸ ਦੀ ਬੇਵਸੀ ਤੇ ਆਪਣੀ ਬੇਵਸੀ ਨੂੰ ਵੇਖਿਆ। ਕੋਈ ਕੁਝ ਨਹੀਂ ਸੀ ਕਰ ਸਕਦਾ। ਸਾਰੇ ਆਪਣੀਆਂ ਆਪਣੀਆਂ ਜਾਨਾਂ ਲੈ ਕੇ ਰਫੂ ਹੋ ਗਏ ਪਰ ਇੱਕ ਸਾਥੀ ਨੇ ਮੁੰਡੇ ਦੀ ਤਰਸਯੋਗ ਦਸ਼ਾ ਵੇਖ ਕੇ ਆਪਣੇ ਮਰਦਊ ਨੂੰ ਵੰਗਾਰਿਆ। ਅੱਗ ਦਾ ਇਹ ਭਾਂਬੜ ਅਸਮਾਨ ਵਿਚੋਂ ਧਰਤੀ ਵੱਲ ਨੂੰ ਟੁੱਟੇ ਤਾਰੇ ਵਾਂਗ ਆ ਰਿਹਾ ਸੀ ਤੇ ਇਸ ਵਿੱਚ ਦੋ ਪ੍ਰਾਣੀ ਰਹਿ ਗਏ ਸਨ। ਇੱਕ ਗ਼ਰੀਬ ਛੋਟੀ ਉਮਰ ਦਾ ਨੱਢਾ ਜੋ ਇਸ ਵਿੱਚ ਕੁੜੱਕੀ ਵਾਂਗ ਫਸਿਆ ਬੈਠਾ ਸੀ ਤੇ ਦੂਜਾ ਵਡੇਰੀ ਉਮਰ ਦਾ ਜਿਸ ਦੇ ਦਿਲ ਵਿੱਚ ਓਸ ਫਾਥੇ ਤੇ ਮੌਤ ਦੇ ਮੂੰਹ ਵਿੱਚ ਆਏ ਨੱਢੇ ਨੂੰ ਵੇਖ ਕੇ ਤੇ ਉਸ ਦੀ ਚੀਖ ਪੁਕਾਰ

ਸੁਣ ਕੇ ਐਨ ਓਹੀ ਖ਼ਿਆਲ ਆ ਰਹੇ ਸਨ ਜਿਹੜੇ ਕਿ ਗੌਤਮ ਬੁੱਧ ਦੇ ਮਨ ਵਿੱਚ ਫਾਥੇ ਮਿਰਗ ਨੂੰ ਵੇਖਕੇ ਆਏ ਸਨ।

ਇਨਸਾਨੀ-ਦੁੱਖ, ਮੌਤ, ਇਹ ਕਸ਼ਟ ਇਹ ਹੋਣੀ। ਨੱਢੇ ਦਾ ਬਚਾਅ ਉਸ ਵੇਲੇ ਛੁੱਟ ਰੱਬ ਤੋਂ ਕੋਈ ਨਹੀਂ ਸੀ ਕਰ ਸਕਦਾ ਪਰ ਮੌਤ ਨੂੰ ਮੌਤ ਨਾਲ ਹੀ ਸਾਧਿਆ ਜਾ ਸਕਦਾ ਹੈ। ਅਖ਼ੀਰਲੇ ਸਾਥੀ ਨੂੰ ਉੱਚੀ ਦੇ ਕੇ ਇਹ ਕਹਿੰਦੇ ਸੁਣਿਆ ਗਿਆ, "ਮਿਤ੍ਰਾ ਡਰ ਨਹੀਂ ਮੈਂ ਤੇਰੇ ਨਾਲ ਹਾਂ।" ਬਚਣ ਦਾ ਤਾਂ ਸਵਾਲ ਹੀ ਨਹੀਂ ਸੀ ਪਰ ਏਨਾ ਜ਼ਰੂਰ ਹੋਇਆ ਕਿ ਇੱਕ ਪ੍ਰਾਣੀ ਨੇ ਦੂਜੇ ਦੀ ਅਖ਼ੀਰਲੀ ਘੜੀ ਰਤਾ ਮਾਸਾ ਸੁਖੱਲੀ ਕਰਨ ਲਈ ਆਪਣਾ ਆਪ ਵਾਰ ਦਿੱਤਾ।

ਜ਼ਿੰਦਗੀ ਆਖ਼ਰ ਕੋਈ ਐਡੀ ਸੁਖਾਂ ਦੀ ਖਾਣ ਨਹੀਂ ਜਿਸ ਤੋਂ ਵਿਛੜਨ ਨਾਲ ਬਾਹਲਾ ਕਲੇਸ਼ ਹੁੰਦਾ ਹੈ। ਪੌਂਪਸ ਐਂਟੀਕਸ ਨਾਮੇ ਇਕ ਯੂਨਾਨੀ ਬੀਮਾਰ ਸੀ। ਜਿਉਂ-ਜਿਉਂ ਇਲਾਜ ਕਰੇ ਕਿ ਉਮਰ ਲਮੇਰੀ ਹੋ ਜਾਵੇ ਤਿਉਂ-ਤਿਉਂ ਰੋਗ ਤੇ ਦੁੱਖ ਵੱਧਦਾ ਜਾਵੇ। ਉਸ ਨੇ ਫੈਸਲਾ ਕਰ ਲਿਆ ਕਿ ਝੇੜੇ ਨੂੰ ਮੁਕਾ ਹੀ ਦਿਓ, ਅਤੇ ਰੋਟੀ ਛੱਡ ਦਿੱਤੀ। ਭੁੱਖ ਨਾਲ ਦੇਹ ਅਰੋਗ ਹੋ ਗਈ। ਦੋਸਤ ਹਕੀਮ ਵਧਾਈਆਂ ਲੈ ਕੇ ਆਏ ਪਰ ਕੋਈ ਮੋੜ ਨਾ ਸਕਿਆ ਆਖਣ ਲੱਗਾ, ਆਖ਼ਰ ਕਿਸੇ ਦਿਨ ਜਾਣਾ ਹੀ ਹੈ ਕਿਉਂ ਨਾ ਹੁਣੇ ਹੀ ਫਸਤਾ ਨਬੇੜੀਏ। ਮੌਤ ਤੋਂ ਡਰਨ ਵਿੱਚ ਅਤੇ ਮੌਤ ਦਾ ਸੁਆਦ ਚੱਖਣ ਲਈ ਤਿਆਰ ਹੋਣ ਵਿੱਚ ਫ਼ਰਕ ਹੈ। ਇੱਕ ਹੋਰ ਯੂਨਾਨੀ ਸਿਆਣੇ ਦਾ ਭੀ ਇਹੋ ਵਿਰਤਾਂਤ ਹੈ ਕਿ ਜਦ ਭੁੱਖੇ ਰਹਿਣ ਨਾਲ ਸਰੀਰ ਅਰੋਗ ਹੋ ਗਿਆ ਤਾਂ ਹਕੀਮਾਂ ਨੇ ਉਸ ਨੂੰ ਵਰਤ ਤੋੜ ਕੇ ਰੋਟੀ ਖਾਣ ਦੀ ਆਗਿਆ ਦੇ ਦਿੱਤੀ ਪਰ ਉਹ ਤਾਂ ਇੱਕ ਖ਼ੁਮਾਰੀ ਜਿਹੀ ਵਿੱਚ ਸੀ ਜਿਸ ਦਾ ਉਸ ਨੂੰ ਸੁਆਦ ਪੈ ਗਿਆ ਸੀ ਤੇ ਫੈਸਲਾ ਕਰ ਲਿਆ ਕਿ ਹੁਣ ਮੁੜਨਾ ਨਹੀਂ। ਇੱਕ ਹੋਰ ਮਾਰਸੇਲੀਨਸ ਨਾਮੇ ਯੂਨਾਨੀ ਦੀ ਗੱਲ ਹੈ ਕਿ ਉਸ ਨੂੰ ਕੋਈ ਰੋਗ ਸੀ। ਉਸ ਨੇ ਯਾਰਾਂ ਦੋਸਤਾਂ ਨੂੰ ਸੱਦ ਕੇ ਸਲਾਹ ਲਈ। ਇੱਕ ਸਿਆਣਾ ਆਖਣ ਲੱਗਾ ਐਡੀ ਕੀ ਡੂੰਘੀ ਵਿਚਾਰ ਦੀ ਲੋੜ ਹੈ, ਜੀਉਣਾ ਕੋਈ ਵੱਡੀ ਗੱਲ ਨਹੀਂ, ਤੇਰੇ ਗੁਲਾਮ ਅਤੇ ਪਸ਼ੂ ਭੀ ਜੀਉਂਦੇ ਹਨ ਪਰ ਅਕਲ ਨਾਲ, ਦ੍ਰਿੜ੍ਹਤਾ ਨਾਲ ਅਤੇ ਉੱਚੇ ਖ਼ਿਆਲ ਨਾਲ ਮਰਨਾ ਬੜੀ ਭਾਰੀ ਗੱਲ ਹੈ। ਵੇਖ ਖਾਂ ਕਿਵੇਂ ਕੋਹਲੂ ਦੇ ਬਲਦ ਵਾਂਗ ਕਿੰਨੇ ਚਿਰ ਤੋਂ ਓਹੀ ਨਿਤਾਪ੍ਰਤੀ ਦਾ ਚੱਕਰ-ਖਾਣਾ ਪੀਣਾ ਤੇ ਸੌਣਾ ਤੇ ਫੇਰ ਪੀਣਾ ਸੌਣਾ ਤੇ ਖਾਣਾ ਚਲਿਆ ਆਉਂਦਾ ਹੈ।

ਜੂਲੀਅਸ ਸੀਜ਼ਰ ਰੋਮ ਦੇ ਵੱਡੇ ਯੋਧੇ ਜਰਨੈਲ ਕੋਲ ਇੱਕ ਮਾੜਚੂ ਜਿਹਾ ਆ ਕੇ ਆਖਣ ਲੱਗਾ ਮੈਨੂੰ ਮਰਵਾ ਦੇਹ। ਜੂਲੀਅਸ ਹੱਸ ਕੇ ਆਖਣ ਲੱਗਾ ਤਾਂ ਕੀ ਤੂੰ ਆਪਣੇ ਆਪ ਨੂੰ ਜੀਉਂਦਿਆਂ ਵਿੱਚ ਸਮਝਦਾ ਹੈਂ ? ਕਿੰਨੇ ਲੋਕ ਆਪਣੇ ਆਪ ਨੂੰ ਜੀਉਂਦਿਆਂ ਵਿੱਚ ਸਮਝੀ ਬੈਠੇ ਹਨ ਹਾਲਾਂ ਕਿ ਉਨ੍ਹਾਂ ਦਾ ਜੀਉਣਾ ਨਿਰਾ ਧਰਤੀ ਉੱਤੇ ਭਾਰ ਹੀ ਭਾਰ ਹੈ। ਦੁੱਖਾਂ ਕਲੇਸ਼ਾਂ ਬਿਮਾਰੀਆਂ ਨਾਲ ਕੁੜ੍ਹ ਕੁੜ੍ਹ ਕੇ ਮਰ ਰਹਿਆਂ ਨੂੰ ਛੱਡ ਦਿਓ, ਕਿੰਨੇ ਹਨ ਜਿਨ੍ਹਾਂ ਦੀ ਇੱਜ਼ਤ ਮਿੱਟੀ ਵਿੱਚ ਰੁਲ ਚੁੱਕੀ ਹੈ, ਜਿਨ੍ਹਾਂ ਨੂੰ ਦੁਨੀਆਂ ਵੇਖ-ਵੇਖ ਕੇ ਟਿਚਕਰਾਂ ਕਰਦੀ ਹੈ, ਜਿਨ੍ਹਾਂ ਦਾ ਆਦਮੀ ਪੁਣਾ ਖੇਹ ਵਿੱਚ ਰੁਲ ਚੁੱਕਾ ਹੈ, ਜਿਨ੍ਹਾਂ ਦੇ ਜੀਵਨ ਦਾ ਕੋਈ ਅਰਥ ਨਹੀਂ ਛੁੱਟ ਇਸ ਤੋਂ ਕਿ ਉਹ ਨਿਤਾਪ੍ਰਤੀ ਅੰਨ ਤੇ ਪਾਣੀ ਨੂੰ ਗ੍ਰਸ ਰਹੇ ਹਨ, ਜਿਨ੍ਹਾਂ ਨਾਲੋਂ ਮਿੱਟੀ ਦੇ ਬੁੱਤਾਂ ਤੇ ਕਾਠ ਦੇ ਖਲੌਣਿਆਂ ਨੂੰ ਵਧੇਰੇ ਮਾਣ ਪ੍ਰਾਪਤ ਹੈ, ਪਰ ਉਹ ਜੀਵਨ ਨੂੰ ਚੰਬੜੀ ਖਲੋਤੇ ਹਨ ਕੇਵਲ ਏਸ ਲਈ ਕਿ ਉਨ੍ਹਾਂ ਨੂੰ ਮਰਨਾ ਨਹੀਂ ਸੁਝਦਾ। ਭੈੜੇ ਤੋਂ ਭੈੜਾ ਕਰਤਬ ਮੌਤ ਦੇ ਉਹਲੇ ਨਾਲ ਕੱਜਿਆ ਜਾ ਸਕਦਾ ਹੈ, ਕੋਝੀ ਤੋਂ ਕੋਝੀ ਕਰਤੂਤ ਵਾਲਾ ਆਪਣੇ ਹੱਥੋਂ ਮਰੇ ਘੱਟੋ ਘੱਟ ਇੱਕ ਸੁਨਾਉਣ ਯੋਗ ਗੱਲ ਤੇ ਅਖ਼ਬਾਰਾਂ ਦੀਆਂ ਚਾਰ ਸਤਰਾਂ ਭਰਨ ਲਈ ਇੱਕ ਗੱਲ ਛੱਡ ਜਾਂਦਾ ਹੈ। ਮੌਤ ਨੂੰ ਆਪਣੇ ਹੱਥ ਨਾਲ ਵਰਨ ਵਿੱਚ ਇੱਕ ਖਾਸ ਦਲੇਰੀ ਤੇ ਰਚਨਾ ਹੈ ਜੋ ਅਣਿਆਈ ਮੌਤ ਵਿੱਚ ਨਹੀਂ। ਕਿੰਨੀਆਂ ਕੌਮਾਂ ਹਨ ਜੋ ਜਾਬਰਾਂ ਦੇ ਠੇਡੇ ਖਾ ਰਹੀਆਂ ਹਨ, ਦੁਰਗਤੀ ਨਾਲ ਪਸ਼ੂਆਂ ਤੋਂ ਹੇਠ ਸਮਝੀਆਂ ਜਾਂਦੀਆਂ ਹਨ ਕਿਉਂਕਿ ਉਨ੍ਹਾਂ ਨੂੰ ਮਰਨਾ ਦੁਭਰ ਮਲੂਮ ਹੁੰਦਾ ਹੈ। ਇੱਕ ਹਨ ਜਿਨ੍ਹਾਂ ਦੇ ਇੱਕ ਬੰਦੇ ਦੀ ਬੇਹੁਰਮਤੀ ਹੋਵੇ ਤਾਂ ਦੇਸ਼ਾਂ ਦੇ ਜੰਗ ਛਿੜ ਜਾਂਦੇ ਹਨ ਪਰ ਇਹ ਹਨ ਜਿਨ੍ਹਾਂ ਦੇ ਹਜ਼ਾਰਾਂ ਦੇ ਨੱਕ ਨੱਥਾਂ ਪੈ ਜਾਣ ਕੁਸਕਦੇ ਨਹੀਂ। ਕਿਉਂ ? ਉਨ੍ਹਾਂ ਨੂੰ ਮਰਨਾ ਆਉਂਦਾ ਹੈ, ਇਹਨਾਂ ਨੂੰ ਜੀਉਣਾ ਚੰਗਾ ਲੱਗਦਾ ਹੈ ਭਾਵੇਂ ਹੋਵੇ ਮੌਤ ਤੋਂ ਭੀ ਪਰੇ।

ਸਰੀਰ ਦੀ ਰੱਖਿਆ ਭੀ ਇੱਕ ਧਰਮ ਹੈ। ਸਰੀਰ ਨੂੰ ਪਾਲਣਾ ਪੁਸ਼ਟ ਕਰਨਾ ਸੁਹਜ ਲਾਉਣਾ ਐਬ ਨਹੀਂ। ਪਰ ਜਦ ਸਰੀਰ ਵਿਚੋਂ ਉਸ ਹੱਦ ਦੀ ਸੋਝੀ ਚਲੀ ਜਾਵੇ ਜਿਸ ਤੋਂ ਪਰੇ ਸਰੀਰ ਦਾ ਰੱਖਣਾ ਇਕ ਠੀਕਰ ਦੀ ਸੰਭਾਲ ਤੋਂ ਵਧੇਰੇ ਅਰਥ ਨਹੀਂ ਰੱਖਦਾ, ਉਸ ਸਰੀਰ ਨੂੰ ਜੇ "ਕੁੱਨੇ ਹੇਠ ਜਲਾਈਏ ਬਾਲਣ ਸੰਦੇ ਥਾਇ" ਤਾਂ ਭੀ ਬੁਰਾ ਨਹੀਂ। ਹਰ ਸਰੀਰ ਦੀ ਆਯੂ ਵਿੱਚ ਕਦੇ ਨਾ ਕਦੇ ਸਮਾਂ ਆਉਂਦਾ ਹੈ ਜਦ ਉਸ ਨੂੰ ਬੈਠ ਕੇ ਨਜਿੱਠਣਾ ਪੈਂਦਾ ਹੈ। "To be or not to be" ਰਹੀਏ ਕਿ ਨਾ ਰਹੀਏ, ਹੱਨੇ ਜਾਂ ਬੰਨੇ, ਜਦ ਉਸ

ਹੱਦ ਉੱਤੇ ਅੱਪੜ ਜਾਂਦਾ ਹੈ ਜਿਸ ਉੱਤੇ ਸਾਫ ਦਿਸਦਾ ਹੈ ਕਿ ਜਾਂ ਸਰੀਰ ਰਹੂ ਜਾਂ ਸਰੀਰ ਨੂੰ ਰੂਪ ਰੰਗ ਦੇਣ ਵਾਲੀ ਵਿਚਲੀ ਪ੍ਰਾਣ ਰਹੂ, ਦੋਵੇਂ ਚੀਜ਼ਾਂ ਨਹੀਂ ਰਹਿ ਸਕਦੀਆਂ। ਬੇ ਪ੍ਰਾਣ ਲੋਹਾ, ਬੇ ਅਣਖ ਸਰੀਰ, ਬੇ ਹਯਾ ਇਸਤ੍ਰੀ ਦਾ ਮੌਤ ਦੇ ਦਰਵਾਜ਼ਿਓਂ ਲੰਘ ਕੇ ਨਵਾਂ ਜਨਮ ਲੈਣਾ ਹੀ ਚੰਗਾ ਹੈ।

ਰਾਜਪੂਤਾਂ ਦੀ ਰੀਤ ਸੀ ਵੈਰੀ ਨੂੰ ਪਿੱਠ ਨਹੀਂ ਵਿਖਾਉਣੀ ਤੇ ਰਾਜ-ਪੂਤਣੀਆਂ ਦੀ ਰੀਤ ਸੀ ਪਰਾਏ ਪੁਰਸ਼ ਤੋਂ ਅੰਗ ਨਹੀਂ ਛੁਹਾਉਣਾ। ਜੌਹਰ ਦੀ ਮੌਤ ਨਾ ਹੁੰਦੀ ਇਤਿਹਾਸ ਰਾਜਪੂਤ ਇਸਤ੍ਰੀਆਂ ਦੇ ਸੋਨੇ ਤੋਲਵੇਂ ਪੰਨਿਆਂ ਖੁਣੋਂ ਰੋੜਾ ਰਹਿ ਜਾਂਦਾ। ਹਜ਼ਾਰਾਂ ਜਸ ਤੇ ਕੀਰਤੀ ਦੇ ਕਰਮਾਂ ਨਾਲੋਂ ਇੱਕ ਰਾਜਪੂਤ ਇਸਤ੍ਰੀ ਦਾ ਹਾਰ ਸ਼ਿੰਗਾਰ ਲਾ ਕੇ ਚਿਣੀ ਹੋਈ ਚਿਖਾ ਉੱਤੇ ਚੜ੍ਹਨਾ ਢੇਰ ਸੋਹਣਾ ਤੇ ਪਿਆਰਾ ਹੈ। ਮੌਤ ਬਿਨਾਂ ਸੂਰਮਗਤੀ ਕਿੱਥੇ ਹੈ ਪਰ ਮੌਤ ਵਾਲਾ ਸੁਹਜ ਵਡਭਾਗੀਆਂ ਨੂੰ ਹੀ ਲੱਗਦਾ ਹੈ।

ਸ਼ਿੰਗਾਰ ਲਾਉਂਦੀਆਂ ਹਨ ਕੋਈ ਵਿਕਾਰਾਂ ਲਈ, ਕੋਈ ਧਨ ਦੌਲਤਾਂ, ਨਾਮ ਤੇ ਗ੍ਰਾਮ ਲਈ, ਕੋਈ ਪਿਆਰਿਆਂ ਲਈ। ਪਰ ਰਾਜਪੂਤਣੀਆਂ ਸਨ, ਆਪ ਬ੍ਰਮਾ ਦੀਆਂ ਬਿੰਦ ਜਾਈਆਂ ਸਨ, ਜਿਨ੍ਹਾਂ ਨੇ ਪਤੀਆਂ ਨੂੰ ਜੀਉਂਦੇ ਨਾ ਮੁੜਨ ਦੇ ਅੰਤਮ ਗਾਨਿਆਂ ਦੀਆਂ ਸਦੀਵੀ ਗੰਢਾ ਪਾ ਕੇ ਕੜਕਦੇ ਮਾਰੂ ਤੇ ਛਣਕਦੀਆਂ ਸਿਰੋਹੀਆਂ ਦੇ ਨੇੜੇ ਢੁੱਕਦੇ ਰਾਗਾਂ ਦੀਆਂ ਸੁਰਾਂ ਨਾਲ ਆਪਣੇ ਗਰੀਬੜੇ ਪਰ ਸੁੱਚੇ ਸਾਧਾਰਨ ਗ੍ਰਿਹਸਤ ਦੇ ਸੁਵੱਰਗੀ ਅੰਗਣਾਂ ਵਿੱਚ ਬਹਿ ਤੇ ਕਿਸੇ ਅਕਾਸ਼ੀ ਵਰਤਾਰੇ ਲਈ ਧੜਕਦੇ ਦਿਲੀਂ ਤੇ ਥਿੜਕਦੇ ਹੱਥੀਂ ਸ਼ਿੰਗਾਰ ਲਾਏ। ਓਧਰ ਸੂਰਮੇ ਪਤੀ ਅੱਗੇ ਜਰਵਾਣੇ ਦਲਾਂ ਦੀਆਂ ਅਨਗਿਣਤ ਘਟਾਵਾਂ, ਜਿੰਨੇ ਆਪ ਥੋੜ੍ਹੇ ਓਨੇ ਵੈਰੀ ਵੱਧ ਓਨੇ ਹੀ ਚਿੱਤ ਸ਼ਾਂਤ ਤੇ ਅਡੋਲ, ਸਿਰੀਂ ਸਰੂਰ, ਡੌਲਿਆਂ ਵਿੱਚ ਬਲ, ਤੇਗ਼ਾਂ ਵਿੱਚ ਜੌਹਰ ਤੇ ਢਾਲਾਂ ਵਿੱਚ ਚਿੱਖਾਂ ਦੀ ਉਡੀਕ.............ਕਿਧਰੇ ਦੂਰ, ਅੰਦਰ, ਦਿਲਾਂ ਦੀ ਤਹਿ ਵਿੱਚ ਗਿਆਨ ਕਿ 'ਹਾਰ ਨਹੀਂ ਸਭ ਜੇਤੈ'...............ਸਰੀਰ ਦੇ ਪਿਛੋਂ.......ਮਨਾਂ ਵਿੱਚ ਨਿਸ਼ਚਾ ਪਿਆਰ ਤੇ ਨਿਰਵੈਰੀ ਤੇਗ਼ਾਂ ਵਾਹਣ ਦਾ ਅਨੰਦ.......ਤੇ ਏਧਰ-ਏਧਰ, ਆਰਸੀਆਂ, ਹੱਥੀਂ ਆਰਸੀਆਂ ਤੇ ਮਹਿੰਦੀਆਂ, ਮੱਥੇ ਬਿੰਦੀਆਂ, ਗਲੀਂ ਹਮੇਲਾਂ ਤੇ ਕੈਂਢੀਆਂ, ਪੈਰੀਂ ਝਾਂਜਰਾਂ, ਤਣੀਆਂ ਵਾਲੇ ਸੀਨੇਬੰਦ, ਗੰਭੀਰ ਘਗਰੇ, ਲਹਿਰੀਏ ਸਾਲੂਆਂ ਹੇਠ ਸੰਧੂਰੀ ਮਾਂਗਾਂ ਤੇ ਘਨਘੋਰ ਪੱਟੀਆਂ—ਕਾਸ ਲਈ? ਬਲਦੀ ਚਿਖਾ ਲਈ, ਨਿਰਮਾਣ ਅਧੀਨ ਮੂਰਤ ਦਾਸ ਭਾਵ ਰਤੇ ਦਿਲਾਂ ਦੇ ਪਿਆਰ ਤੇ ਉਲਾਸ ਦੇ ਭੰਡਾਰਿਆਂ ਨੂੰ ਜੰਦਰੇ ਮਾਰ ਕੇ ਅਕਾਸ਼ ਨੂੰ ਤੋਰਨ

ਲਈ ਤਾਂ ਜੋ ਅਪਛਾਣ ਦੀਦੇ ਤੇ ਖਹੁਰੇ ਹੱਥ ਇਨ੍ਹਾਂ ਨੂੰ ਧਰਤੀ ਉੱਤੇ ਛੁਹ ਨਾ ਸਕਣ। ਕੋਈ ਅਸਚਰਜ ਨਹੀਂ ਕਿ ਸਾਡੇ ਬੇ ਪਰਦ ਜਿਹੇ ਜਗਤ ਨੇ ਇਨ੍ਹਾਂ ਇਤਿਹਾਸਕ ਦੇਵੀਆਂ ਦੇ ਵਡੱਪਣ ਨੂੰ ਚਿਤ੍ਰ ਕਰਨ ਦਾ ਹੀਆ ਘੱਟ ਵੱਧ ਹੀ ਕੀਤਾ ਹੈ, ਇਸ ਲਈ ਬੜੇ ਸੁੱਚੇ ਹਿਰਦਿਆਂ ਤੇ ਸੁਅੱਛ ਹੱਥਾਂ ਦੀ ਲੋੜ ਹੈ ਜਿਨ੍ਹਾਂ ਤੋਂ ਅੱਜ ਕੱਲ ਦੇ ਸ਼ਹਿਰੀ ਨਾਟਕ ਚੇਟਕ ਕਾਰ ਤੇ ਬਾਜ਼ਾਰੀ ਨਚਣੀਆਂ ਟਪਣੀਆਂ ਉੱਕਾ ਅਨਜਾਣ ਹਨ।

ਮਨੁੱਖੀ ਸਰੀਰ ਇੱਕ ਅਦਭੁੱਤ ਰਚਨਾ ਹੈ। ਮਨੁੱਖੀ ਸਰੀਰ ਲਈ ਦੇਵਤੇ ਵੀ ਤਰਸਦੇ ਸੁਣੀਂਦੇ ਹਨ। 'ਇਸ ਦੇਹੀ ਕੋ ਸਿਮਰਹ ਦੇਵ'। ਮਨੁੱਖੀ ਸਰੀਰ ਵਿੱਚ ਆਪ ਪਰਮੇਸ਼ਰ ਵੀ ਸਮੇਂ-ਸਮੇਂ ਆਉਂਦਾ ਦੱਸੀਦਾ ਹੈ। ਧਰਤੀ ਮਾਤਾ ਦਾ ਇਤਿਹਾਸ ਮਨੁੱਖੀ ਸਰੀਰ ਦੇ ਹੀ ਕਰਤਬਾਂ ਦਾ ਇਤਿਹਾਸ ਹੈ। ਮਨੁੱਖੀ ਸਰੀਰ ਦੀ ਰਾਹੀਂ ਹੀ ਜਗਤ ਵਿੱਚ ਉੱਚੀਆਂ ਧਰਮ-ਸਿਆਣਪਾਂ ਮਤ ਮਤਾਂਤ ਤੇ ਇਤਿਹਾਸਕ ਕਵਿਤਾਵਾਂ ਦੇਸ਼ਾਂ ਨੂੰ ਉਲਟ ਪੁਲਟ ਕਰਨ ਵਾਲੀਆਂ ਗੱਲਾਂ, ਹੇਠਲੀ ਉੱਤੇ ਲਿਆਉਣ ਵਾਲੀਆਂ ਵਿਚਾਰਾਂ ਉੱਤਰੀਆਂ। ਮਨੁੱਖੀ ਸਰੀਰ ਦੁਰਲੱਭ ਹੈ, ਡਾਢਾ ਸੁੰਦਰ ਤੇ ਅਸਗਾਹ ਹੈ ਪਰ ਕਦੇ ਸਮਾਂ ਆਉਂਦਾ ਹੈ ਜਦ ਇਸੇ ਮਨੁੱਖੀ ਸਰੀਰ ਦੀ ਰੱਖਿਆ ਇੱਕ ਬੰਧਨ, ਇੱਕ ਰੋਕ, ਇੱਕ ਅੜਿੱਕਾ ਬਣ ਜਾਂਦਾ ਹੈ ਤੇ ਜੋ ਉਸ ਵੇਲੇ ਇਸ ਅੜਿੱਕੇ ਨੂੰ ਟੱਪ ਨਹੀਂ ਸਕਦਾ ਉਹ ਖ਼ੁਆਰ ਹੁੰਦਾ ਹੈ, ਜੋ ਲੰਘ ਜਾਂਦਾ ਹੈ ਉਸਦਾ ਮੁਖ ਸਦਾ ਲਈ ਉੱਜਲਾ ਹੋ ਜਾਂਦਾ ਹੈ। ਇਹ ਗੱਲ ਇੱਕ ਤਰ੍ਹਾਂ ਸਿੱਧ ਕਰਦੀ ਹੈ ਕਿ ਮਨੁੱਖੀ ਸਰੀਰ ਤੋਂ ਪਰੇ ਵੀ ਕੁਝ ਹੈ, ਜੇ ਕਰ ਨਾ ਹੋਵੇ ਤਾਂ ਸਰੀਰ ਦੀ ਰੱਖਿਆ ਹਰ ਹਾਲਤ, ਹਰ ਸਮੇਂ ਹਰ ਹੀਲੇ ਵਿੱਚ ਇੱਕ ਉੱਤਮ ਕਰਮ ਸਮਝਿਆ ਜਾਂਦਾ ਹੈ।

ਅਮਰੀਕਾ ਦੇ ਇੱਕ ਲਿਖਾਰੀ ਦੀ ਪੁਸਤਕ "My Life as a Teacher" ਵਿਚੋਂ ਇੱਕ ਸੁਆਦਲਾ ਵਿਰਤਾਂਤ ਇਸ ਪ੍ਰਕਾਰ ਹੈ। ਪੁਸਤਕ ਕਰਤਾ ਲਿਖਦਾ ਹੈ ਕਿ ਮੈਂ ਇੱਕ ਜੁਆਨ ਵਾਲਟਰ ਪੋਸਟ ਨੂੰ ੧੯੧੪ ਵਿੱਚ ਮਿਲਿਆ ਜਦ ਮੈਂ ਕੋਲੰਬੀਆ ਯੂਨੀਵਰਸਿਟੀ ਵਿੱਚ ਪੜ੍ਹਾਉਂਦਾ ਸੀ। ਉਹ ਮੇਰੀ ਸਲਾਹ ਪੁੱਛਣ ਆਇਆ ਤੇ ਆਮ ਵਿਦਿਆਰਥੀਆਂ ਨਾਲੋਂ ਵਧੇਰੇ ਗਹੁ ਨਾਲ, ਪਤਲਾ ਜਿਹਾ ਜੁਆਨ ਅੱਖੀਆਂ ਖ਼ਬਰਦਾਰ, ਚਿਹਰਾ ਸਮਝਦਾਰ ਪਰ ਪਹੀਆਂ ਵਾਲੀ ਕੁਰਸੀ ਵਿੱਚ ਬੈਠਾ, ਦੋਵੇਂ ਪੈਰ ਸੁੰਨ। ਓਸ ਦਸਿਆ ਕਿ ਕੁਝ ਦੋਸਤ ਉਸ ਦੀ ਪੜ੍ਹਾਈ ਪੂਰੀ ਕਰਨ ਲਈ ਸਹਾਈ ਹੋਏ ਹਨ ਤੇ ਉਸ ਦਾ ਪ੍ਰਯੋਜਨ ਇਹੋ ਸੀ ਕਿ ਯੂਨੀਵਰਸਿਟੀ ਵਿੱਚ ਢਾਈ ਸਾਲ ਬਤੀਤ ਕਰਨ ਦਾ ਸਭ ਤੋਂ ਚੰਗਾ ਢੰਗ ਕੀ

ਹੈ। ਮੈਂ ਉਸ ਨੂੰ ਪੁੱਛਿਆ ਢਾਈ ਸਾਲ ਪਿਛੋਂ ਕੀ ਕਰੇਂਗਾ, ਆਖਣ ਲੱਗਾ, ਫੇਰ ਮੈਂ ਮਰ ਜਾਵਾਂਗਾ। ਮੈਂ ਚੁੱਪ ਜਿਹਾ ਕਰ ਗਿਆ, ਉਸ ਨੇ ਆਪੇ ਦਸਿਆ ਕਿ ਉਸ ਨੂੰ ਲਕਵੇ ਦੀ ਬੀਮਾਰੀ ਹੈ, ਜੋ ਪੈਰਾਂ ਵਲੋਂ ਤੁਰ ਕੇ ਹੌਲੀ ਹੌਲੀ ਉਪਰ ਨੂੰ ਚੜ੍ਹ ਰਹੀ ਹੈ। ਦੋ ਕੁ ਸਾਲ ਹੱਥਾਂ ਤੇ ਬਾਹੀਂ ਕੰਮ ਕਰਨਗੇ, ਜ਼ਬਾਨ ਤੇ ਅੱਖੀਆਂ ਅਖੀਰ ਦਮ ਤਕ ਕੰਮ ਕਰਨਗੀਆਂ ਪਰ ਜਦ ਇਸ ਬੀਮਾਰੀ ਦਾ ਜ਼ੋਰ ਦਿਲ ਕੋਲ ਪਹੁੰਚ ਜਾਏਗਾ ਤਾਂ ਉਹ ਮਰ ਜਾਏਗਾ। ਓਸ ਨੂੰ ਫਿਕਰ ਕੇਵਲ ਇਹ ਹੈ ਕਿ ਉਹ ਏਸ ਸਮੇਂ ਨੂੰ ਕਿਵੇਂ ਚੰਗਾ ਵਰਤੇ। ਜਦ ਉਹ ਗੱਲਾਂ ਕਰ ਕੇ ਆਪਣੇ ਪਹੀਏ ਰੇੜ੍ਹ ਕੇ ਲੈ ਗਿਆ, ਮੈਂ ਹੈਰਾਨੀ ਨਾਲ ਉਸ ਦੀ ਕੰਡ ਤੱਕ ਰਿਹਾ ਸਾਂ। ਦੋ ਸਾਲ ਉਹ ਸਭ ਤੋਂ ਚੰਗਾ ਵਿਦਿਆਰਥੀ ਬਣਿਆ ਰਿਹਾ। ਕਦੀ ਕਿਸੇ ਉਸ ਦੇ ਮੂੰਹੋਂ ਕੋਈ ਸ਼ਿਕਾਇਤ ਨਹੀਂ ਸੁਣੀ। ਮੈਂ ਕਦੇ ਅਜਿਹਾ ਸੂਰਮਾ ਨਹੀਂ ਸੀ ਡਿੱਠਾ। ਉਸ ਨੂੰ ਜੀਵਨ ਦਾ ਪੂਰਾ ਸੁਆਦ ਲੈਂਦਿਆਂ ਵੇਖ ਕੇ ਅਸੀਂ ਸਾਰੇ ਮਾਤ ਪੈ ਰਹੇ ਸਾਂ। ਉਸ ਨੂੰ ਇੱਕ ਅਫਸੋਸ ਜ਼ਰੂਰ ਸੀ, ਦੂਜੇ ਗਭਰੂ ਸੰਤਾਨ ਦੀ ਨਿਸ਼ਾਨੀ ਛੱਡ ਸਕਣਗੇ ਪਰ ਉਸ ਨੂੰ ਇਹ ਨਸੀਬ ਨਹੀਂ ਹੋਣੀ। ਮੈਂ ਉਸ ਨਾਲ ਜਾਣ ਪਛਾਣ ਵਧਾਈ। ਪਤਾ ਲੱਗਾ ਕਿ ਉਹ ਇੱਕ ਛੋਟੇ ਜਿਹੇ ਕਮਰੇ ਵਿੱਚ ਰਹਿੰਦਾ ਸੀ। ਇੱਕ ਪਰਬੀਨ ਦਾਈ ਜਦ ਉਸ ਨੂੰ ਵਿਹਲ ਲੱਗਦਾ ਉਹ ਆ ਕੇ ਖ਼ਬਰ ਸਾਰ ਲੈਂਦੀ ਤੇ ਸੇਵਾ ਕਰਦੀ, ਉਹ ਉਸ ਤੋਂ ਕੁਝ ਵਡੇਰੀ ਉਮਰ ਦੀ ਸੀ ਤੇ ਉਹ ਉਸ ਦਾ ਬੜਾ ਧੰਨਵਾਦੀ ਸੀ।

ਅਖੀਰਲੇ ਅੱਧੇ ਸਾਲ ਵਿੱਚ ਉਸ ਦੀ ਹਾਲਤ ਤੇਜ਼ੀ ਨਾਲ ਢੈਹਣ ਲੱਗ ਪਈ। ਅੰਤਮ ਦੋ ਸਾਤੇ ਸਾਡੀਆਂ ਜਮਾਤਾਂ ਵਿਚੋਂ ਉਹ ਗੈਰ-ਹਾਜ਼ਰ ਸੀ ਤੇ ਅਸੀਂ ਕੁਝ ਸੋਚਾਂ ਵਿੱਚ ਪਏ, ਜਦ ਅੰਤ ਆਇਆ ਕਾਲਜ ਦੇ ਗਿਰਜੇ ਵਿੱਚ ਉਸ ਨੂੰ ਜਾਂਦੀ ਵਾਰ ਦੀ ਅਸੀਸ ਭੇਟਾ ਕਰਨ ਵਾਲਿਆਂ ਆੜੀਆਂ ਦੀ ਭੀੜ ਹੋ ਗਈ, ਜਦ ਹਾਲਤ ਖਰਾਬ ਹੋਣੀ ਸ਼ੁਰੂ ਹੋਈ ਸੀ ਮੈਂ ਓਸੇ ਦਿਨ ਤੋਂ ਹਰ ਰੋਜ਼ ਉਸ ਕੋਲ ਜਾਂਦਾ ਸਾਂ। ਮੌਤ ਆਈ ਤਾਂ ਮੈਂ ਉਸ ਦੇ ਸ਼ਾਂਤ ਸੁਰਖਰੂ ਚਿਹਰੇ ਨੂੰ ਵੇਖ ਕੇ ਹੈਰਾਨ ਹੋ ਰਿਹਾ ਸਾਂ, ਉਸ ਦੀ ਦਾਈ ਨਾਲੇ ਅਥਰੂ ਕੇਰ ਰਹੀ ਸੀ ਨਾਲੇ ਉਸ ਦਲੇਰੀ ਦੀ ਦਾਦ ਦੇ ਰਹੀ ਸੀ ਜਿਸ ਨਾਲ ਉਹ ਮੌਤ ਦੀ ਉਡੀਕ ਵਿੱਚ ਦਿਨ ਬਤੀਤ ਕਰਦਾ ਰਿਹਾ ਸੀ।

ਮੈਨੂੰ ਕਹਾਣੀ ਦਾ ਸਭ ਤੋਂ ਸੁਆਦਲੇ ਅੰਕ ਦਾ ਪਿਛੋਂ ਪਤਾ ਲੱਗਾ, ਉਸ ਨੂੰ ਵਧੇਰੇ ਸ਼ਾਂਤੀ ਦੇਣ ਲੱਗੀ ਤੇ ਪ੍ਰੇਮ ਕਰ ਕੇ ਦਾਈ ਨੇ ਉਸ ਨੂੰ ਵਰ ਲਿਆ ਸੀ ਤੇ ਜਦ ਉਸ ਨੇ ਸਰੀਰ ਛੱਡਿਆ ਉਸ ਨੂੰ ਯਕੀਨ ਹੋ ਚੁੱਕਾ ਸੀ ਕਿ ਉਸ ਦੀ ਭੀ ਨਿਸ਼ਾਨੀ ਪਿੱਛੇ ਰਹੇਗੀ।

ਇਸ ਉਪਕਾਰੀ ਪ੍ਰੇਮਣ ਨੂੰ ਲੜਕਾ ਹੋਇਆ। ਬਹੁਤ ਸਾਰੇ ਆਦਮੀ ਮੌਤ ਤੋਂ ਪਹਿਲੋਂ ਹੀ ਮਰ ਰਹਿੰਦੇ ਹਨ, ਫ਼ਿਕਰ ਨਾਲ, ਖ਼ਿਆਲਾਂ ਨਾਲ। ਕੁਝ ਕਰੋ, ਭਾਵੇਂ ਰੋਂਦੇ ਰਹੋ ਭਾਵੇਂ ਹੱਸਦੇ, ਮੌਤ ਨੇ ਜ਼ਰੂਰ ਆਉਣਾ ਹੈ। ਹੱਸ ਕੇ ਕਿਉਂ ਨਾ ਦਿਨ ਕੱਟੀਏ।

ਸੰਨ ੧੯੪੭ ਵਿੱਚ ਪਾਕਿਸਤਾਨੀ ਯਲਗ਼ਾਰ ਕਸ਼ਮੀਰ ਉੱਤੇ ਚੜ੍ਹ ਆਈ। ਇਹ ਖ਼ਬਰ ਆਮ ਅਖ਼ਬਾਰਾਂ ਵਿੱਚ ਛਪੀ। ਗਿਲਗਿੱਤ ਵਿੱਚ ਇੱਕ ਹਟਵਾਣੀਏ ਦਾ ਨੌਕਰ ਇੱਕ ਪੁਣਛੀ ਸਿੱਖ ਮੁੰਡਾ ਪਾਕਿਸਤਾਨੀ ਫ਼ੌਜੀਆਂ ਨੇ ਫੜ ਲਿਆ ਤੇ ਉਸ ਨੂੰ ਆਖਿਆ ਤੂੰ ਮੁਸਲਮਾਨ ਬਣ ਜਾ। ਉਸ ਸਾਫ਼ ਇਨਕਾਰ ਕਰ ਦਿੱਤਾ। ਫੌਜੀਆਂ ਆਖਿਆ ਤੈਨੂੰ ਗੋਲੀ ਮਾਰ ਦਿੱਤੀ ਜਾਵੇਗੀ। ਆਖਣ ਲੱਗਾ, ਨਿਸੰਗ ਮਾਰ ਸੁੱਟੋ ਮੁਸਲਮਾਨ ਨਹੀਂ ਬਣਾਂਗਾ।

ਉਹ ਬੰਦੂਕਾਂ ਸਿੰਨ ਬੈਠੇ ਤੇ ਇਹ ਜਪੁਜੀ ਦਾ ਪਾਠ ਕਰਨ ਲੱਗ ਪਿਆ। ਪੁੱਛਿਆ, ਤਿਆਰ ਏਂ ? ਆਖਣ ਲੱਗਾ ਜ਼ਰਾ ਠਹਿਰੋ। ਕਪੜੇ ਲਾਹ ਸੁੱਟੇ ਤੇ ਕੇਵਲ ਕਛਿਹਰਾ ਰਹਿ ਗਿਆ। ਆਖਣ ਲੱਗਾ, ਇਹ ਕਪੜੇ ਕਿਸੇ ਗਰੀਬ ਦੇ ਕੰਮ ਆ ਜਾਣਗੇ। ਨੰਗ ਧੜੰਗਾ ਖਲੋ ਗਿਆ ਤੇ ਫ਼ਤਹਿ ਬੁਲਾ ਹੀ ਰਿਹਾ ਸੀ ਕਿ ਗੋਲੀਆਂ ਨੇ ਤਾਣਿਆ ਹੋਇਆ ਸੀਨਾ ਵਿੰਨ੍ਹ ਕੇ ਰੱਖ ਦਿੱਤਾ ਤੇ ਗਰੀਬ ਚਾਕਰ ਢੇਰ ਹੋ ਗਿਆ ਪਰ ਕੇਡੀ ਸ਼ਾਨ ਨਾਲ। ਅਖੀਰਲੀ ਘੜੀ ਮੌਤ ਨੇ ਅਜਿਹਾ ਅਵਸਰ ਬਖਸ਼ਿਆ ਕਿ ਇੱਕ ਗੁਮਨਾਮ ਨਾਚੀਜ਼ ਗਭਰੂ ਨਾਮਦਾਰ ਹੋ ਕੇ ਸਦਾ ਚੇਤੇ ਰਹਿਣ ਵਾਲਿਆਂ ਦੀ ਸੂਚੀ ਵਿੱਚ ਬਰਾਜ ਗਿਆ।

ਪਹਿਲੀ ਵੱਡੀ ਜੰਗ ਦੇ ਪਿੱਛੋਂ ਅੰਗ੍ਰੇਜ਼ਾਂ ਨੇ ਇੱਕ ਸਵਾਰ ਜਹਾਜ਼ ਬਣਾਇਆ ਜੋ ਦੁਨੀਆਂ ਵਿੱਚ ਸਭ ਤੋਂ ਵੱਡਾ, ਸਭ ਤੋਂ ਵਧੀਆ, ਸਾਰੇ ਸੁੱਖਾਂ ਵਾਲਾ ਸੀ। ਇਸ ਦਾ ਪਹਿਲਾ ਸਫ਼ਰ ਇੰਗਲੈਂਡ ਤੋਂ ਅਮਰੀਕਾ ਨੂੰ ਸੀ ਅਤੇ ਇਸ ਵਿੱਚ ਯੂਰਪ ਦੇ ਕਈ ਧਨੀ ਪ੍ਰਸਿੱਧ ਮਰਦ ਇਸਤ੍ਰੀਆਂ ਹੈ ਸਨ। ਚੰਦ ਚਾਨਣੀ ਰਾਤ ਨੂੰ ਇਹ ਜਹਾਜ਼ ਵੱਡੀ ਰਾਤ ਗਈ ਇੱਕ ਬਰਫ਼ ਦੇ ਤਰਦੇ ਪਹਾੜ ਨਾਲ ਟਕਰਾ ਗਿਆ ਤੇ ਡੁੱਬਣ ਲੱਗਾ। ਜਹਾਜ਼ ਉੱਤੇ ਤਰਥੱਲੀ ਮਚ ਗਈ। ਲੋਕੀਂ ਆਪਣੀਆਂ ਜਾਨਾਂ ਨੂੰ ਬਚਾਉਣ ਦੇ ਫਿਕਰ ਲਈ ਹਫੜਾ ਦਫੜੀ ਵਿੱਚ ਪੈਣ ਲੱਗੇ ਸਨ। ਜਦ ਜਹਾਜ਼ ਦੇ ਕਪਤਾਨ ਸਮਿਥ ਨੇ ਕਰੜੇ ਹੁਕਮ ਦੇ ਦਿੱਤੇ। ਪਹਿਲੀ ਗੱਲ ਇਹ ਹੋਈ ਕਿ ਜਹਾਜ਼ ਦੇ ਵਾਜੇ ਵਾਲੇ ਛੱਤ ਉੱਤੇ ਪਾਲ ਬੰਨ੍ਹ ਕੇ ਖਲੋ ਗਏ ਤੇ ਵਾਜਾ ਵਜਾਉਣ ਲੱਗ ਪਏ। ਜਹਾਜ਼ ਦਾ

ਇੱਕ ਸਿਰਾ ਹਾਲੇ ਹੇਠ ਨੂੰ ਜਾ ਰਿਹਾ ਸੀ ਤੇ ਵਾਜੇ ਵਾਲੇ ਈਸਾਈਆਂ ਦਾ ਮਸ਼ਹੂਰ ਭਜਨ Nearer my God to Thee "ਹੇ ਈਸ਼ਵਰ ਅਸੀਂ ਤੇਰੇ ਨਿਕਟ ਹੋ ਰਹੇ ਹਾਂ।" ਵਜਾ ਰਹੇ ਸਨ। ਇਸਤ੍ਰੀਆਂ ਤੇ ਬੱਚੇ ਕਿਸ਼ਤੀਆਂ ਵਿੱਚ ਸਵਾਰ ਕੀਤੇ ਗਏ ਤੇ ਆਦਮੀ ਕੋਈ ਨੇੜੇ ਨਹੀਂ ਢੁੱਕਣ ਦਿੱਤਾ ਗਿਆ। ਆਖਦੇ ਹਨ ਕਿ ਏਸ ਸਮੇਂ ਕਈ ਪੁਰਸ਼ਾਂ ਨੇ ਸੱਚੇ ਮਰਦਾਂ ਵਾਂਗ ਆਪਣੀ ਥਾਂ ਦੂਜਿਆਂ ਨੂੰ ਦੇ ਕੇ ਆਪਣੇ ਨਾਲੋਂ ਦੂਜੇ ਦਾ ਬਚਾਅ ਕਰਨ ਦੀ ਕੀਤੀ। ਬਹੁਤ ਘੱਟ ਜਾਨਾਂ ਬਚੀਆਂ ਕਿਉਂਕਿ ਸਰਦੀ ਓੜਕ ਦੀ ਸੀ ਤੇ ਇਹਨਾਂ ਡੁੱਬਣ ਵਾਲਿਆਂ ਵਿੱਚ ਪ੍ਰਸਿੱਧ ਅਖ਼ਬਾਰ ਨਵੀਸ ਸਟੈੱਡ ਭੀ ਸੀ। ਜਹਾਜ਼ ਦਾ ਕਪਤਾਨ ਸੱਚੇ ਜਹਾਜ਼-ਵਾਹੂਆਂ ਵਾਂਗ ਜਹਾਜ਼ ਦੇ ਉੱਤੇ ਖਲੋਤਾ ਵੇਖਿਆ ਗਿਆ ਤੇ ਜਹਾਜ਼ ਦੇ ਨਾਲ ਹੀ ਡੁੱਬ ਗਿਆ। ਪੱਛਮੀ ਜਹਾਜ਼-ਵਾਹੂਆਂ ਦੀ ਇਹ ਇੱਕ ਪੁਰਾਤਨ ਰੀਤ ਹੈ ਕਿ ਆਮ ਤੌਰ ਤੇ ਜਹਾਜ਼ ਦਾ ਕਪਤਾਨ ਜਹਾਜ਼ ਦੇ ਨਾਲ ਹੀ ਜਾਨ ਦੇਂਦਾ ਹੈ ਭਾਵੇਂ ਕਸੂਰ ਕਿਸੇ ਦਾ ਹੋਵੇ।

ਕਿੰਨੇ ਲੋਕ ਹਨ ਜਿਨ੍ਹਾਂ ਦੇ ਜੀਵਨ ਦੀ ਕਥਾ ਇੱਕ ਲੰਮੀ ਪੁਰਾਣਕ ਕਥਾ ਵਾਂਗ ਪਲ ਪਲ ਆਪਾ ਵਾਰਨ ਦੀ ਕਥਾ ਹੈ, ਮਚ ਰਹੀ ਭੱਠੀ ਵਾਂਗ ਲਗਾਤਾਰ ਆਪਣਾ ਆਪ ਸੁਆਹ ਕਰਨ ਦਾ ਵਿਰਤਾਂਤ ਹੈ, ਪਰ ਇਨ੍ਹਾਂ ਵਿੱਚੋਂ ਇੱਕ ਅੱਧਾ ਜਿਹੜਾ ਆਖ਼ਰੀ ਦਮ ਵੇਲੇ ਪੂਰਾ ਖੇਲ੍ਹ ਗਿਆ ਸੋ ਹਕੀਕਤ ਰਾਇ ਬਣ ਗਿਆ। ਉਸ ਦੇ ਗੀਤ ਦੁਨੀਆਂ ਗਾਂਵਦੀ ਹੈ ਬਾਕੀ ਦਿਆਂ ਨੂੰ ਦੁਨੀਆਂ ਚੇਤੇ ਕਰਨ ਦੀ ਖੇਚਲ ਨਹੀਂ ਕਰਦੀ।

ਮੌਤ ਤੋ ਲੋਕ ਕਿਵੇਂ ਭੈਅ ਖਾਂਦੇ ਹਨ ਪਰ ਜੇ ਜ਼ਰਾ ਕੁ ਗਹੁ ਨਾਲ ਵੇਖੀਏ ਲੋਕੀਂ ਮਰਨ ਲੱਗਿਆਂ ਸੀ ਭੀ ਨਹੀਂ ਕਰਦੇ। ਕਿੰਨੇ ਫਾਹੇ ਲੱਗਣ ਵਾਲੇ ਦੋਸ਼ੀ ਜਿਨ੍ਹਾਂ ਆਪਣੇ ਵੈਰੀ ਨੂੰ ਸੋਚ ਸਮਝ ਤੇ ਤਾੜ ਕੇ ਮਿੱਟੀ ਵਿੱਚ ਰੋਲਿਆ ਹੁੰਦਾ ਹੈ, ਤਖਤੇ ਤੇ ਲਟਕਣ ਤੋਂ ਪਹਿਲੋਂ ਜੰਞ ਚੜ੍ਹਣ ਲੱਗੇ ਵਾਂਗ ਲਾਲੀਆਂ ਵਿੱਚ ਆ ਜਾਂਦੇ ਹਨ। ਕਿੰਨੇ ਖ਼ੂਨੀ ਆਪਣੇ ਮਨ ਵਿੱਚ ਧਾਰਿਆ ਹੋਇਆ ਖ਼ੂਨ ਕਰ ਕੇ ਆਪਣੇ ਆਪ ਨੂੰ ਹਵਾਲੇ ਕਰ ਦੇਂਦੇ ਹਨ ਜਿਵੇਂ ਆਖੀਦਾ ਹੈ ਇਸ ਸਰੀਰ ਨੂੰ ਜੋ ਕੁਝ ਕਰਨਾ ਹੈ ਕਰ ਲਵੋ ਮੈਂ ਆਪਣਾ ਮੰਤਵ ਪੂਰਾ ਕਰ ਲਿਆ ਹੈ, ਦਿਲ ਇਸ ਗੱਲੋਂ ਸੰਤੁਸ਼ਟ ਤੇ ਰੱਜਿਆ ਹੋਇਆ ਹੈ, ਹੁਣ ਦੁਨੀਆਂ ਵਿੱਚ ਰਹੀ ਜਾਣ ਲਈ ਕੋਈ ਵੱਡੀ ਲਾਲਸਾ ਨਹੀਂ।

ਇਹ ਜ਼ਰੂਰ ਹੈ ਕਿ ਕੋਈ ਆਪਣਾ ਸੌਦਾ ਮਹਿੰਗੇ ਮੁੱਲ ਵੇਚਦਾ ਹੈ, ਕੋਈ ਕੌਡੀਆਂ ਦੇ ਭਾਅ ਲਾ ਦੇਂਦਾ ਹੈ ਪਰ ਇਹ ਦੋਵੇਂ ਸਿੱਧ ਕਰ ਜਾਂਦੇ ਹਨ ਕਿ ਸਰੀਰ ਨੂੰ ਪਾਲ ਪਲੋਸ ਕੇ ਓੜਕ ਤੋੜੀ ਐਵੇਂ ਰੱਖੀ ਛੱਡਣ ਤੇ ਜਿਵੇਂ ਤਿਵੇਂ ਕਰ ਕੇ ਮੌਤ ਤੋਂ ਬਚਾਈ ਰੱਖਣ ਦਾ ਕੁਝ ਵੀ ਅਰਥ ਨਹੀਂ, ਕਿਤੇ ਨਾ ਕਿਤੇ ਇਸ ਨੂੰ ਅਰਥ ਲਾਉਣਾ ਹੀ ਮਰਦਊ ਹੈ। ੧੯੧੪-੧੯੧੯ ਦੀ ਜੰਗ ਵਿੱਚ ਦਰੇ ਦਾਨਿਆਲ ਉੱਤੇ ਹੱਲਾ ਕਰਨ ਵਾਲੀਆਂ ਫੌਜਾਂ ਵਿੱਚ ਚੌਦਾ ਨੰਬਰ ਸਿੱਖਾਂ ਦੀ ਪਲਟਣ ਵੀ ਸੀ। ਉਨ੍ਹਾਂ ਦੇ ਸੱਜੇ ਅੰਗਰੇਜ਼ ਸਨ, ਖੱਬੇ ਪਾਸੇ ਗੋਰਖੇ ਸਨ। ਚੌਦਾਂ ਸਿੱਖਾਂ ਨੂੰ ਹੁਕਮ ਸੀ ਕਿ ਇੱਕ ਵੱਡੇ ਨਾਲੇ ਦਿਆਂ ਕੰਢਿਆਂ ਉੱਤੇ ਅਤੇ ਵਿੱਚ ਦੀ ਹੋ ਕੇ ਸਿੱਧਾ ਹਮਲਾ ਕਰ ਕੇ ਤੁਰਕਾਂ ਦੀਆਂ ਪਾਲਾਂ ਤੋੜ ਭੰਨ ਕੇ ਅੱਗੇ ਲੰਘ ਜਾਣਾ ਹੈ। ਹਮਲੇ ਤੋਂ ਪਹਿਲੋਂ ਸਮੁੰਦਰ ਦੇ ਜਹਾਜ਼ਾਂ ਨੇ ਤੁਰਕਾਂ ਦਿਆਂ ਕੰਡੇਦਾਰ ਤਾਰਾਂ ਦੇ ਮੋਰਚਿਆਂ ਨੂੰ ਤੋਪਾਂ ਨਾਲ ਉੱਡਾ ਦੇਣਾ ਸੀ। ਹਮਲੇ ਦਾ ਬਿਗਲ ਵਜਿਆ ਤੇ ਖਾਲਸਾ ਜੀ ਭੁੱਖੇ ਸ਼ੇਰਾਂ ਵਾਂਗ ਪਏ। ਗੋਰਖਿਆਂ ਦੇ ਅੱਗੇ ਵਾਲੇ ਕੰਡੇਦਾਰ ਤਾਰ ਤੇ ਮੋਰਚੇ ਕਿਸੇ ਭੁਲੇਖੇ ਦੇ ਕਾਰਨ ਜਹਾਜ਼ਾਂ ਦੀਆਂ ਤੋਪਾਂ ਨੇ ਨਾ ਭੰਨੇ ਜਿਸ ਦਾ ਸਿੱਟਾ ਇਹ ਨਿਕਲਿਆ ਕਿ ਗੋਰਖੇ ਤਾਂ ਥਾਂ ਹੀ ਡੱਕੇ ਗਏ ਪਰ ਸਿੱਖ ਵੱਧ ਗਏ ! ਸਿੱਖਾਂ ਦੇ ਸੱਜੇ ਪਾਸੇ ਅੰਗਰੇਜ਼ ਭੀ ਵੱਧ ਗਏ। ਸਿੱਖਾਂ ਦਾ ਖੱਬਾ ਪੱਖ ਨਾਲੇ ਦੇ ਉੱਚੇ ਕੰਢੇ ਉੱਤੇ ਹੱਲਾ ਕਰਦਾ ਤੁਰਕਾਂ ਦੀਆਂ ਮਸ਼ੀਨਗਨਾਂ ਤੇ ਪਲਟਣਾਂ ਦੇ ਫ਼ੈਰ ਨਾਲ ਦਾਣਿਆਂ ਵਾਂਗ ਭੁੱਜ ਗਿਆ। ਨਾਲੇ ਦੇ ਅੰਦਰ ਜਾਂਦੇ ਸਿੱਖ ਉੱਥ ਸਾਹਮਣੇ ਤੇ ਲੁਕਵੇਂ ਮੋਰਚਿਆਂ ਦੀ ਸੁਖਾਲੀ ਮਾਰ ਵਿੱਚ ਸਨ। ਪਰ ਕੀ ਮਜਾਲ ਕਿ ਇੱਕ ਸਿੱਖ ਨੇ ਚੂੰ ਕੀਤੀ ਹੋਵੇ ਯਾ ਮੂੰਹ ਪਿਛਾਂਹ ਫੇਰਿਆ ਹੋਵੇ। ਸਾਫ਼ ਦਿਸਦਾ ਸੀ ਕਿ ਗੋਰਖਿਆਂ ਦੇ ਪਿੱਛੇ ਹੀ ਅਟਕ ਜਾਣ ਨਾਲ ਹਮਲਾ ਸਿਰੇ ਨਹੀਂ ਚੜ੍ਹ ਸਕੇਗਾ ਪਰ ਸਿੱਖ ਉਸ ਮਿੱਟੀ ਦੇ ਹਨ ਜਿਸਦਾ ਖਾਸਾ ਹੈ ਕਿ ਅਜਿਹਿਆਂ ਮੌਕਿਆਂ ਉੱਤੇ ਵਿਚਾਰ ਸ਼ਕਤੀ ਦੀ ਲਗਾਤਾਰ ਸੋਚਾਂ ਗੁੰਝਲਾਂ ਅਤੇ ਫੇਰਾਂ ਵਿੱਚ ਪਾਉਣ ਵਾਲੀ ਸਦਾ ਚਲਦੀ ਘੜੀ ਥੰਮ੍ਹ ਜਾਂਦੀ ਹੈ ਤੇ ਸਰੀਰ ਕਿਸੇ ਹੋਰਸ ਉਚੇਰੇ ਸਰਲ ਮੰਡਲ ਦੇ ਦਯਵੀ ਫੁਰਨਿਆਂ ਵੱਸ ਹੋ ਜਾਂਦਾ ਹੈ। ਲਿਖਣ ਵਾਲਾ ਆਖਦਾ ਹੈ ਕਿ ਕੰਢੇ ਕੰਢੇ ਹੱਲਾ ਕਰਨ ਵਾਲੀ ਅੱਧੀ ਫੌਜ ਵਿੱਚੋਂ ਕੇਵਲ ਚੌਦਾਂ ਕੁ ਸਿਪਾਹੀ ਤੇ ਦੋ ਕੁ ਅਫਸਰ ਬਚੇ ਬਾਕੀ ਸਭ ਓਥੇ ਢੇਰ ਹੋ ਗਏ,

ਕਿਸੇ ਇੱਕ ਦਾ ਮੂੰਹ ਵੀ ਪਿੱਛੇ ਨੂੰ ਨਹੀਂ ਸੀ, ਕਿਸੇ ਇੱਕ ਦਾ ਕਦਮ ਵੀ ਥਿੜਕਿਆ ਨਹੀਂ। ਪੰਦਰਾਂ ਪੰਦਰਾਂ ਦੰਮਾਂ ਦੇ ਚਾਕਰ ਸਨ ਸੋ ਮੁੱਕ ਗਏ।

ਮਮੂਲੀ ਅਨਪੜ੍ਹ ਪੇਂਡੂ ਗਭਰੂ ਸਨ ਜਿਨ੍ਹਾਂ ਨੂੰ ਲੰਮੀਆਂ ਸੋਚਾਂ ਯਾ ਦੀਰਘ ਵਿਚਾਰਾਂ ਨਾਲ ਕੋਈ ਵਾਸਤਾ ਨਹੀਂ ਸੀ, ਜਦ ਸਾਹਮਣੇ ਮੌਤ ਦਿਸੀ ਚੁੱਪ ਕਰ ਕੇ ਛਾਤੀਆਂ ਡਾਹ ਕੇ ਮਾਰਦੇ ਮਰਦੇ ਆਪਣਾ ਆਪ ਵਾਰ ਗਏ। ਵਿਚਾਰ ਤੇ ਸੋਚ ਕਿਸੇ ਹਦ ਤੋੜੀ ਹੀ ਗੁਣ ਸਮਝੇ ਜਾਂਦੇ ਹਨ। ਹੱਦ ਤੋਂ ਟੱਪ ਕੇ ਇਹਨਾਂ ਵਿੱਚ ਉਲਝ ਜਾਣਾ ਭੀ ਵਿਕਾਰ ਹੀ ਹੈ ਤੇ ਉਸ ਦਾ ਟਾਕਰਾ ਠੰਡੇ ਦਿਲ ਨਾਲ ਕਰਨਾ ਬਹੁਤ ਡੂੰਘੀ ਵਿਚਾਰ ਵਾਲਿਆਂ ਲਈ ਨਹੀਂ।

ਬਾਬਰ ਪਾਤਸ਼ਾਹ ਦਾ ਪਿਆਰਾ ਪੁੱਤਰ ਬਿਮਾਰ ਹੋ ਗਿਆ, ਹਕੀਮਾਂ ਜਵਾਬ ਦਿੱਤਾ, ਪਾਤਸ਼ਾਹ ਨੂੰ ਪਾਤਸ਼ਾਹੀ ਭੁੱਲ ਗਈ। ਮੌਤ ਬੜੀ ਚੀਜ਼ ਹੈ, ਦਿਲ ਨਹੀਂ ਸੀ ਝੱਲਦਾ ਕਿ 'ਮੇਰਾ' ਪੁੱਤਰ ਏਸ ਨੱਨੀ ਉਮਰ ਵਿੱਚ ਚੱਲ ਜਾਵੇ ਤੇ ਦੁਨੀਆਂ ਦੇ ਤਮਾਸ਼ੇ ਤੋਂ ਵਾਂਝਿਆ ਰਹੇ। ਬਾਬਰ ਦੇ ਸਿੱਧੇ ਸਾਫ਼ ਦਿਲ ਨੇ ਅਨੁਭਵ ਕਰ ਲਿਆ ਕਿ ਮੌਤ ਨਾਲ ਬਾਦਸ਼ਾਹੀ ਤੇ ਸ਼ਾਹੀ ਧਨ ਦੌਲਤਾਂ ਖਜ਼ਾਨੇ ਪੂਰੇ ਨਹੀਂ ਉਤਰ ਸਕਦੇ, ਮੌਤ ਨਾਲ ਓਹੀ ਪੂਰੇ ਉਤਰ ਸਕਦੇ ਹਨ ਜੋ ਪਹਿਲਾਂ ਸਿਰ ਤਲੀ ਉੱਤੇ ਰੱਖ ਲੈਣ। ਬਾਦਸ਼ਾਹ ਨੇ ਸ਼ੁੱਧ ਹਿਰਦੇ ਨਾਲ ਧਾਰਨਾ ਧਾਰ ਕੇ ਬਿਮਾਰ ਦੇ ਮੰਜੇ ਉਦਾਲੇ ਪਰਕਰਮਾਂ ਕੀਤੀਆਂ ਤੇ ਆਪ ਮੰਜੇ ਤੇ ਪੈ ਗਿਆ। ਪੁੱਤਰ ਬਚ ਗਿਆ ਪਿਓ ਨੇ ਮੌਤ ਦੀ ਚੱਟੀ ਭਰ ਦਿੱਤੀ।

ਇੱਕ ਭਾਸ਼ਾ ਦਾ ਕਵੀ ਕਹਿੰਦਾ ਹੈ—

ਅਪਨੀ ਗਰਜਨ ਬੋਲਤੀ ਕਹਾਂ ਨਿਹੋਰਾ ਤੋਇ।
ਤੂੰ ਪਿਆਰਾ ਮੋ ਜੀਉ ਕਾ ਮੋ ਜੀਉ ਪਿਆਰਾ ਹੋਇ।

ਮੇਰਾ ਤੈਨੂੰ ਪਿਆਰ ਕਰਨਾ ਕੋਈ ਤੇਰੇ ਉੱਤੇ ਨਿਹੋਰਾ ਨਹੀਂ, ਮੇਰਾ ਜੀਉ ਤੇਰੇ ਲਈ ਬਿਲਕ ਰਿਹਾ ਹੈ ਤੇ ਮੇਰਾ ਜੀਉ ਮੈਨੂੰ ਪਿਆਰਾ ਹੈ ਇਸ ਲਈ ਮੈਂ ਸਭ ਕੁਝ ਕਰ ਰਹੀ ਹਾਂ ਅਰਥਾਤ ਆਪਣੇ ਜੀਉ ਦੀ ਸ਼ਾਂਤੀ ਲਈ ਹੀ ਮੈਂ ਵਾਰਨੇ ਜਾ ਰਹੀ ਹਾਂ, ਤੇਰੇ ਉੱਤੇ ਕੋਈ ਗਿਲਾ ਯਾ ਨਿਹੋਰਾ ਨਹੀਂ। ਸਰੀਰ ਲਈ ਬੜੇ ਬੜੇ ਦੁਖੜੇ ਝੱਲੀਦੇ ਹਨ, ਹਜ਼ਾਰਾਂ ਪਾਪ ਕਮਾਈਦੇ ਹਨ ਪਰ ਕਈ ਚੀਜ਼ਾਂ ਹਨ ਜੋ ਸਰੀਰ ਤੋਂ ਪਿਆਰੀਆਂ ਹਨ, ਉਹਨਾਂ ਲਈ ਸਰੀਰ ਭੀ ਵਾਰ ਦੇਈਦਾ ਹੈ। ਜਿਸ ਨੂੰ ਸਰੀਰ ਤੋਂ ਪਿਆਰੀ ਕੋਈ ਚੀਜ਼ ਨਹੀਂ ਦਿਸਦੀ ਉਸਦੀ ਬੁੱਧੀ ਚਾਰਾ ਚਰਨ ਵਾਲੇ ਪਸ਼ੂਆਂ ਨਾਲੋਂ ਅੱਗੇ ਨਹੀਂ ਲੰਘੀ ਅਤੇ ਸਰੀਰ ਤੋਂ ਵੱਧ ਪਿਆਰੀਆਂ ਕੋਈ ਇੱਕ ਦੋ ਚੀਜ਼ਾਂ ਨਹੀਂ ਬਹੁਤ ਹਨ। ਜੋ ਦਿਲ ਨੂੰ

ਪਿਆਰੀ ਯਾ ਵਧੇਰੇ ਚੰਗੀ ਲੱਗ ਗਈ ਓਹੀ ਪ੍ਰਧਾਨ ਹੈ। ਪਾਂਡਵਾਂ ਨੇ ਆਪਣੀ ਇੱਕੋ ਮਹਾਂ ਸੁੰਦਰ ਦਰੋਪਦੀ ਜੂਏ ਵਿੱਚ ਹਾਰ ਦਿੱਤੀ ਸੀ। ਯੁਧਿਸ਼ਟਰ ਜਦ ਪਰਬਤਾਂ ਨੂੰ ਚੀਰਦਾ ਹੋਇਆ ਤੇ ਬੰਧਾਂ ਨੂੰ ਬਰਫ ਵਿੱਚ ਗਲਦਿਆਂ ਵੇਖ ਵੇਖ ਉਪਰਾਮ ਹੋ ਕੇ ਸੁਰਗ ਦੇ ਦਰਵਾਜ਼ੇ ਪਹੁੰਚਾ, ਇੱਕ ਕੁੱਤਾ ਨਾਲ ਲੱਗਿਆ ਹੋਇਆ ਸੀ। ਸੁਰਗ ਦੇ ਦਰ ਦੇ ਪਾਹਰੂ ਆਖਣ ਲੱਗੇ ਕੁੱਤੇ ਨੂੰ ਇਹਨਾਂ ਪੁਰੀਆਂ ਵਿੱਚ ਵਾਸ ਨਹੀਂ ਤੂੰ ਆਪੂੰ ਆ ਜਾਹ, ਆਖਣ ਲੱਗਾ ਅਜਿਹੇ ਸੁਰਗ ਤੋਂ ਮੈਂ ਬਾਜ਼ ਆਇਆ, ਜਿਹੜਾ ਸਾਥੀਆਂ ਨੂੰ ਨਖੇੜਦਾ ਹੋਵੇ। ਕੁੱਤੇ ਲਈ ਸੁਰਗ ਤਿਆਗਣ ਨੂੰ ਤਿਆਰ ਹੋ ਗਿਆ। ਸਿਧਾਂਤ ਐਸ ਵੇਲੇ ਇਹ ਨਹੀਂ ਕਿ ਦੁਨੀਆਂ ਬੜੀ ਲਾਈਲੱਗ ਤੇ ਕਮਲੀ ਹੈ, ਮੁਖ ਸਿਧਾਂਤ ਇਹ ਹੈ ਕਿ ਭਾਵੇਂ ਕੇਡੇ ਭੋਲੇ ਸਿੱਧਰੇ ਤੇ ਅਸੂਝ ਹੋਣ ਮੌਤ ਨੂੰ ਕਿਵੇਂ ਵਰਦੇ ਹਨ। ਜਿਸਨੇ ਇੱਕ ਵੱਟੇ ਨੂੰ ਚੁੱਕ ਕੇ ਉਸ ਦਾ ਨਾਉਂ ਸਾਲਗਰਾਮ ਧਰ ਲਿਆ ਉਸ ਲਈ ਮੌਤ ਇੱਕ ਖੇਲ੍ਹ ਹੈ। ਗੁਰੂ ਦਸਮ ਪਾਤਸ਼ਾਹ ਦੇ ਸਾਹਿਬਜ਼ਾਦਿਆਂ ਦੇ ਕੰਧਾਂ ਵਿੱਚ ਚਿਣੇ ਜਾਣ ਦੀ ਕਥਾ ਤੇ ਭਾਈ ਮਨੀ ਸਿਘ ਤਾਰੂ ਸਿਘ ਹੋਰਾਂ ਦੀਆਂ ਸ਼ਹੀਦੀਆਂ ਤਾਂ ਬਹੁਤ ਉੱਚੀਆਂ ਹਨ, ਮੌਤ ਇਹਨਾਂ ਟੀਸੀਆਂ ਤੋਂ ਬਹੁਤ ਹੇਠਾਂ ਆਪਣੇ ਭੈਅ ਤੇ ਝੂਰਨੇ ਖੁਹਾ ਲੈਂਦੀ ਹੈ।

ਏਸ ਕੁਦਰਤੀ ਮੌਤ ਨਾਲੋਂ, ਏਸ ਸਰੀਰਕ ਮੌਤ ਨਾਲੋਂ ਤਾਂ ਜੇ ਵੇਖੀਏ ਮਨ ਨੂੰ ਮਾਰਨਾ ਆਪਣੇ ਝੂਰਨਿਆਂ ਨੂੰ ਮਾਰਨਾ ਯਾ ਸਰੀਰ ਨੂੰ ਸਾਧਨਾਂ ਵਿੱਚ ਜਕੜ ਕੇ ਪਲੇ ਪਲੇ ਆਪਣਾ ਆਪ ਮਾਰਨਾ ਕਠਨ ਹੈ। ਗੁਰੂ ਦਸਮ ਪਾਤਸ਼ਾਹ ਦੇ ਪਰਤਿਆਏ ਸੂਰਬੀਰਾਂ ਨੂੰ ਜਦ ਹੁਕਮ ਅਤੇ ਤਪੱਸਿਆ ਵਿੱਚ ਰਹਿਣਾ ਪਿਆ ਖਿੜਕ ਗਏ ਤੇ ਬੇਦਾਵਾ ਲਿਖ ਕੇ ਤੁਰਦੇ ਬਣੇ। ਹਾਲਾਂ ਘਰਾਂ ਨੂੰ ਪਹੁੰਚਣ ਲਈ ਵੱਖ ਨਹੀਂ ਸਨ ਹੋਏ ਕਿ ਰਾਹ ਵਿੱਚ ਵੈਰੀ ਲਸ਼ਕਰ ਟੱਕਰ ਪਿਆ। ਜਿਸ ਚੀਜ਼ ਲਈ ਬੇਦਾਵੇ ਲਿਖੇ ਸਨ ਭੁੱਲ ਗਈ ਤੇ ਓਥੇ ਹੀ ਸ਼ਹੀਦ ਹੋ ਗਏ।

ਗੁਰੂ ਕਲਗੀਧਰ ਨੂੰ ਨਵੀਂ ਬੰਦੂਕ ਆਈ। ਸੁਗਾਤ ਭੇਜਣ ਵਾਲੇ ਨੂੰ ਕੀ ਪਤਾ ਸੀ ਕਿ ਉਹ ਕੀ ਕਰ ਰਿਹਾ ਹੈ। ਉਸ ਨੂੰ ਪਤਾ ਨਹੀਂ ਸੀ ਕਿ ਇਹ ਉਹ ਦਰਬਾਰ ਹੈ ਜਿਸ ਦੇ ਪਾਤਸ਼ਾਹ ਨੂੰ ਸੱਤਵੇਂ ਅਸਮਾਨ ਵਿੱਚ ਹਰੀ ਚਰਨਾਂ ਵਿੱਚ ਲੀਨ ਹੋਏ ਨੂੰ ਮਹਾਂ ਕਾਲ ਆਰਾਧਨਾ ਦਾ ਅਨੰਦ ਲੈਂਦੇ ਨੂੰ ਹੁਕਮ ਵਜੋਂ ਇਸ ਜਗਤ ਵਿੱਚ ਆ ਕੇ ਖਚਤ ਮਨੁੱਖਾਂ ਵਿੱਚ ਰਜਾਈਆਂ ਦੇ ਰੋਗ ਹੰਢਾਣੇ ਪਏ। ਉਸ ਨੂੰ ਪਤਾ ਨਹੀਂ ਏਥੇ ਤਾਂ ਕਿੱਸਾ ਆਰੰਭ ਹੀ 'ਸਿਰ ਧਰ ਤਲੀ' ਤੋਂ ਹੁੰਦਾ

ਸੀ। ਇਸ ਘਰ ਦਾ ਬੱਚਾ ਬੱਚਾ ਮੌਤ ਨਾਲ ਗੱਲਾਂ ਕਰਨ ਲਈ ਭੋਲੇ ਸ਼ਿਵ ਜੀ ਤੋਂ ਭੀ ਤਤਪਰ ਸੀ, ਆਪਣੇ ਬ੍ਰਹਮੰਡਕ ਚੱਕਰ ਨੂੰ ਸੰਪੂਰਨ ਕਰਨ ਲਈ ਅੱਗੇ ਚਲਣ ਨੂੰ ਉਤਾਵਲਾ ਸੀ। ਉਸ ਨੂੰ ਪਤਾ ਨਹੀਂ ਸੀ ਕਿ ਇੱਥੇ ਤਾਂ ਆਪਣਾ ਆਪ ਮੁਕਾ ਦੇਣਾ ਹੀ ਮਹਾ ਅਨੰਦ ਸਮਝਿਆ ਜਾਂਦਾ ਸੀ। ਇਸ ਦਰ ਦੇ ਟਹਿਲੂਆਂ ਨੂੰ ਨਵਾਬੀਆਂ ਕਰਨ ਨਾਲੋਂ ਚਮੜੀਆਂ ਉਧੜਾਉਣਾ ਸੁਖਾਲਾ ਸੀ। ਇਨ੍ਹਾਂ ਦੇ ਸ਼ਸਤਰ ਥੋੜੇ ਕੀਤੇ ਮਿਆਨੋਂ ਨਹੀਂ ਸਨ ਨਿਕਲਦੇ ਪਰ ਜਦ ਓੜਕ ਨੂੰ ਸੂਰਜ ਵਾਂਗ ਉਦੇ ਹੁੰਦੇ ਸਨ, ਜ਼ਾਲਮਾਂ ਦਾ ਹਨੇਰ ਧਰਤੀ ਤੋਂ ਮਿਟਾਏ ਬਿਨਾਂ ਅਸਤ ਨਹੀਂ ਸਨ ਹੁੰਦੇ। ਪਿਤਾ ਵਾਰਿਆ, ਪੁੱਤਰ ਵਾਰੇ, ਘਰ ਘਾਟ ਵਾਰੇ ਤੇ ਹਾਲਾਂ ਭੀ ਕਮਲੀ ਰਵਾਜੀ ਦੁਨੀਆਂ ਸੁਗਾਤਾਂ ਲਈ ਆਉਂਦੀ ਹੈ ਬੰਦੂਕਾਂ। ਹੁਕਮ ਹੋਇਆ ਨਿਸ਼ਾਨਾ ਵੇਖਣਾ ਹੈ ਪਰ ਸੱਚੀ ਮੁੱਚੀਂ ਦਾ। ਅੱਗੇ ਇੱਕ ਦਿਨ ਮਸਾਂ ਪੰਜ ਨਿੱਤਰੇ ਸਨ ਹੁਣ ਪੰਜਾਹ ਆਪੋ ਵਿੱਚ ਇੱਕ ਦੂਜੇ ਤੋਂ ਅੱਗੇ ਹੋਣ ਲੱਗੇ......ਕੌਣ ਕਹਿੰਦਾ ਹੈ ਮੌਤ ਡਰਾਉਣੀ ਹੈ, ਕੌਣ ਆਖਦਾ ਹੈ ਮੌਤ ਦਾ ਸੁਆਦ ਕੋਈ ਨਹੀਂ। ਇਹ ਸੁਆਦ ਦੇਵਤਿਆਂ ਲਈ ਹੈ ਜਣੇ ਖਣੇ ਲਈ ਨਹੀਂ। ਜੇ ਸਰੀਰ ਦਿੱਤਿਆਂ ਸੰਸਾਰ ਦੇ ਅਸਗਾਹ ਸਾਗਰ ਵਿੱਚ ਇੱਕ ਨਿੱਕੀ ਜਿਹੀ ਲਹਿਰ ਪਰਉਪਕਾਰ ਦੀ ਤੋਰੀ ਜਾ ਸਕਦੀ ਹੈ ਇਸ ਤੋਂ ਹੋਰ ਵਧੇਰੇ ਵਡਭਾਗ ਕੀ ਹੋ ਸਕਦਾ ਹੈ। ਕਿਉਂਕਿ ਇਹ ਇੱਕ ਕਰਮ ਹੈ ਜਿਸ ਦਾ ਅੰਤ ਕੋਈ ਨਹੀਂ, ਜਿਸ ਵਿੱਚ ਹੌਂ ਕੋਈ ਨਹੀਂ ਜੋ ਅੰਮ੍ਰਿਤ ਬੂੰਦ ਵਾਂਗ ਸੁਅੱਛ, ਸੰਪੂਰਨ ਤੇ ਸਫਲ ਹੈ।

੧੧

ਜਦ ਮੈਂ ਸਕੂਲ ਵਿੱਚ ਪੜ੍ਹਦਾ ਸਾਂ ਇੱਕ ਕਮਰੇ ਵਿੱਚ ਚਾਰ ਜਣੇ ਰਹਿੰਦੇ ਸਾਂ। ਇੱਕ ਅਲਮਾਰੀ ਵਿੱਚ ਸਾਰੀ ਮਲਕੀਅਤ ਬੰਦ ਸੀ, ਇੱਕ ਮਮੂਲੀ ਮੰਜਾ, ਇੱਕ ਨਸ਼ਈ ਜਿਹਾ ਮੇਜ਼ ਤੇ ਮੇਰਾ ਮੱਛਰਾਂ ਵਾਲਾ ਖੂੰਜਾ। ਸਕੂਲ "ਮੇਰਾ" ਸਕੂਲ ਸੀ, ਕਮਰਾ "ਮੇਰਾ" ਸੀ ਤੇ ਕਲਾਸ "ਮੇਰੀ" ਕਲਾਸ ਸੀ। ਕੁਝ ਦੋਸਤ ਹੈ ਸਨ ਤੇ ਕੁਝ ਦੁਸ਼ਮਣ, ਕੁਝ ਉੱਚੇ ਕੁਝ ਮੈਥੋਂ ਨੀਚੇ। ਦਰਬਾਰ ਸਾਹਿਬ ਦਰਸ਼ਨ ਕਰਨ ਲਈ ਜਿਸ ਦਿਨ ਜਾਂਦਾ ਸਾਂ ਚਾਂਦੀ ਦੀ ਦੁਆਨੀ ਸੁਪ੍ਰੰਟੈਂਡੈਂਟ ਨੌਰੰਗ ਸਿੰਘ ਸੁਰਗਬਾਸੀ ਮੈਨੂੰ ਮੇਰੇ ਖਜ਼ਾਨੇ ਵਿਚੋਂ ਦਿਆ ਕਰਦਾ ਸੀ। ਮਹੀਨੇ ਵਿੱਚ ਦਸ ਰੁਪਏ ਨਾਲ ਐਸ਼ ਕਰਿਆ ਕਰਦਾ ਸਾਂ ਜਿਸ ਵਿੱਚ ਸਕੂਲ ਤੇ ਬੋਰਡਿੰਗ ਫ਼ੀਸ, ਲੰਗਰ ਖੇਲ ਤੇ ਫੁਟਕਲ ਖ਼ਰਚ ਸ਼ਾਮਿਲ ਸੀ। ਲਾਹੌਰ ਲੰਦਨ ਤੇ ਪੈਰਿਸ ਦੇ ਹੋਟਲਾਂ ਵਿੱਚ ਬਥੇਰੇ ਧੱਕੇ ਖਾਧੇ ਹਨ ਪਰ ਉਹ ਤੀਜੀ ਘੰਟੀ ਲੰਗਰ ਦੀ ਜਦ ਟੁੱਟਿਆਂ ਤੱਪੜਾਂ ਉੱਤੇ ਬੈਠ ਕੇ ਫੁਲਕੇ ਚਖਿਆ ਕਰਦਾ ਸਾਂ ਕਦੇ ਭੁੱਲਦੀ ਨਹੀਂ। ਉਹ ਸੁਆਦ ਹੀ ਕੁਝ ਹੋਰ ਸੀ, ਉਹ "ਮੈਂ" ਹੀ ਪਤਾ ਨਹੀਂ ਕਿੱਧਰ ਗਿਆ। ਮੇਰੀ ਦੁਨੀਆਂ ਇੱਕ ਨਿਰਾਲੀ ਦੁਨੀਆਂ ਸੀ। ਮਾਂ ਤੇ ਪਿਉ ਕਦੇ ਚਿਰੀਂ ਚੇਤੇ ਆਉਂਦੇ ਸਨ ਪਰ ਮੇਰੇ ਆੜੀ, ਮੇਰੀ ਟੀਮ, ਮੇਰੇ ਪੱਖੀ ਅੰਗ ਸਨ ਜਿਵੇਂ ਮੇਰਾ ਪਰਵਾਰ। ਜਿੱਦਣ ਮੇਰੇ ਸਕੂਲ ਦੀ ਕਿਸੇ ਦੂਜੇ ਨਾਲ ਟੱਕਰ ਹੁੰਦੀ ਮੇਰਾ ਤਨ ਮਨ ਤੇ ਸਾਰਾ ਧਨ ਉਸ ਦਿਹਾੜੇ ਦੀ ਆਵੱਸ਼ਕਤਾ ਨੂੰ ਫੁਲ ਚੜ੍ਹਾਉਣ ਲਈ ਅਰਪਣ ਹੋ ਜਾਂਦਾ ਸੀ।

ਮਹੀਨੇ ਲੰਘ ਗਏ, ਸਾਲ ਬੀਤ ਗਏ, ਜੀਵਨ ਕੀ ਸੀ, ਬਹਾਰ ਸੀ। ਮਲਕੜੇ ਜਿਹੇ ਇੱਕ ਦਿਨ ਇਮਤਿਹਾਨ ਆ ਗਿਆ। ਅਡੋਲ ਸਾਗਰ ਵਿੱਚ ਹੰਸਾਂ ਵੱਤ ਠਿੱਲ ਰਹੇ ਮੇਰੇ ਜੀਵਨ ਬੇੜੇ ਨੂੰ ਬੇ ਰੁਖਾ ਜਿਹਾ ਧੱਕਾ ਵੱਜਾ, ਅਗਲੇ ਦਿਨ ਨਾ ਮੇਰਾ ਸਕੂਲ ਸੀ ਨਾ ਮੇਰੇ ਆੜੀ, ਨਾ ਉਹ ਖੇਲ ਦੇ ਮੈਦਾਨ, ਨਾ ਉਹ ਪਾਤਸ਼ਾਹੀ। ਕੋਈ ਕਿਧਰੇ ਗਿਆ ਕੋਈ ਕਿਧਰੇ, ਵਿਚੋਂ ਵਿਚੋਂ ਵਿਰਲੇ ਵਿਹਲੇ ਕਦੇ ਮਿਲਦੇ ਹਨ ਪਰ ਉਹ ਨਹੀਂ, ਮੈਨੂੰ ਆਪ ਪਤਾ ਨਹੀਂ ਉਹ "ਮੈਂ" ਕਿੱਧਰ ਗਿਆ।

ਫੇਰ ਕਾਲਜ ਆ ਗਏ। ਕਿਸੇ ਆਖਿਆ ਸਕੂਲ ਤਾਂ ਐਵੇਂ ਉੱਲੂਆਂ ਦੇ ਡੇਰੇ ਹੁੰਦੇ ਹਨ। ਵੇਖਿਆ ਤਾਂ ਸਚ ਮੁਚ ਈਹੋ ਗੱਲ ਸੀ ਭਾਵੇਂ ਕਾਲਜ ਦੀ ਵਿੱਥ ਸਕੂਲ ਤੋਂ ਕੁਲ ਦੋ ਸੌ ਗਜ਼ ਸੀ ਭਾਵੇਂ ਹਾਤਾ ਇੱਕੋ ਸੀ। ਜ਼ਮੀਨ ਅਸਮਾਨ ਦਾ ਫ਼ਰਕ ਸੀ। ਸਾਡਾ ਪ੍ਰਿੰਸੀਪਲ ਕੋਲ ਸਾਹਿਬ ਤੁਰਦਾ ਹੀ ਹੋਰ ਤਰ੍ਹਾਂ ਸੀ, ਪੜ੍ਹਾਉਣ ਵਾਲਿਆਂ ਨੂੰ ਪ੍ਰੋਫੈਸਰ ਆਖਣ ਲੱਗ ਪਏ ਆਪ ਕਾਲਜੀਏਟ ਬਣ ਗਏ। ਇਹ ਖੇਲ ਵੀ ਕਈ ਸਾਲ ਰਿਹਾ ਤੇ ਉਸੇ ਤਰ੍ਹਾਂ ਇੱਕ ਦਿਨ ਯਕਾ-ਯਕ ਬੱਚੇ ਦੀ ਕਾਗਦੀ ਬੇੜੀ ਦੇ ਦਿਨ ਦਿਹਾੜੇ ਘਰ ਦੇ ਵੇਹੜੇ ਦੇ ਟੋਬੇ ਵਿੱਚ ਡੁੱਬ ਜਾਣ ਵਾਂਗ ਅਲੋਪ ਹੋ ਗਿਆ।

ਜੀਵਨ ਦੇ ੫੦ ਵਰ੍ਹੇ ਕੀ ਲੰਘੇ ਹਨ ਇੱਕ ਭਾਨ ਮਤੀ ਦਾ ਤਮਾਸ਼ਾ ਜਿਹਾ ਬੀਤਿਆ ਹੈ। ਜਿੱਥੇ ਜਾਈਦਾ ਹੈ, ਜਿੱਥੇ ਬੈਠੀਦਾ ਹੈ, ਸਮਝੀਦਾ ਹੈ ਏਥੋਂ ਨਹੀਂ ਹਿੱਲਣਾ, ਅੱਗੇ ਕਿਧਰੇ ਨਹੀਂ ਜਾਣਾ ਕਿਉਂਕਿ ਸਭ ਕੁਛ ਇਹੋ ਹੈ ਅੱਗੇ ਕੁਝ ਨਹੀਂ। ਪਰ ਲੱਖਾਂ ਕੀਤੀਆਂ ਇਹ ਗੱਲ ਨਾ ਹੋਈ, ਪਿੱਛਾ ਗੁਜ਼ਰਦਾ ਤੇ ਮਰਦਾ ਹੀ ਰਿਹਾ, ਅੱਗਾ ਸਦਾ ਹੀ ਹਰਿਆ ਭਰਿਆ ਤੇ ਆਸਾਂ ਨਾਲ ਭਰਪੂਰ ਰਿਹਾ। ਮੈਨੂੰ ਦ੍ਰਿਸ ਰਿਹਾ ਹੈ ਕਿ ਸਾਰਾ ਕਿੱਸਾ ਹੀ ਮਰਨ ਦਾ ਕਿੱਸਾ ਹੈ ਪਰ ਕੋਈ ਮਰਨ ਨਹੀਂ ਹੋਇਆ, ਜਿਸ ਦੇ ਪਿੱਛੋਂ ਅੱਗੇ ਤੋਂ ਵਧੀਆ ਤੇ ਨਰਾਲਾ ਜੀਵਨ ਨਹੀਂ ਆਇਆ। ਮੇਰੇ ਜੀਵਨ ਨਾਲੋਂ ਸੜਕ ਦੇ ਕਿਨਾਰੇ ਪਿਆ ਠੇਡੇ ਖਾਂਦਾ ਰੋੜਾ ਤੇ ਬਿਰਛ ਦੀ ਟੀਸੀ ਉਤੇ ਪੌਣ ਹੁਲਾਰੇ ਲੈ ਰਿਹਾ ਪਿਛਲੇ ਸਾਲ ਦਾ ਪਤਾ ਕਿਤੇ ਅਸਥਿਰ ਤੇ ਦ੍ਰਿੜ ਹੈਨ ਪਰ ਮੈਨੂੰ ਇਹ ਨਿਸ਼ਚਾ ਹੈ ਕਿ ਜਦ ਯਕਾਯਕ ਇਹ ਖੇਲ ਭੀ ਜ਼ਿੰਦਗੀ ਦੇ ਅਨੇਕਾਂ ਵਰਤ ਚੁੱਕੇ ਖੇਲਾਂ ਵਾਂਗ ਮੁੱਕ ਜਾਵੇਗਾ ਅਗਲੇ ਬੰਨੇ ਜ਼ਰੂਰ ਕੋਈ ਨਾ ਕੋਈ ਵਧੇਰੇ ਕੌਤਕੀ, ਵਧੇਰੇ ਸੁਆਦਲਾ, ਵਧੇਰੇ ਚਹਿਲ ਪਹਿਲ ਵਾਲਾ ਜੀਵਨ ਤਿਆਰ ਖਲੋਤਾ ਹੋਵੇਗਾ।

ਮੈਨੂੰ ਨਿਸ਼ਚਾ ਹੈ ਕਿ ਜਦ ਉਹ ਦਿਨ ਆਵੇਗਾ ਤੇ ਮੈਂ ਟੋਰ ਭੌਰੇ ਜਿਹਾ ਹੋਇਆ ਹੋਇਆ ਹਵਾਈ ਕਿਲ੍ਹਿਆਂ ਵਿੱਚ ਵੜਾਂਗਾ। ਮੈਨੂੰ ਘੂਰਨ ਵਾਲਾ, ਮੇਰਾ ਹਿਸਾਬ ਕਰਨ ਵਾਲਾ ਕੋਈ ਕਠੋਰ ਚਿਤ ਹਿਸਾਬੀ ਯਾ ਧਰਮ ਰਾਇ ਨਹੀਂ ਹੋਵੇਗਾ। ਜਿਸ ਸਰੀਰ ਕਰ ਕੇ ਮੈਨੂੰ ਭਰਮ ਚੰਬੜੇ ਸਨ, ਜਦ ਨਹੀਂ ਰਹੇਗਾ ਕਾਲਜੋਂ ਵਿਦਾ ਹੋਣ ਵਾਂਗ, ਦੋਸਤਾਂ ਤੋਂ ਵਿਦਾ ਹੋਣ ਵਾਂਗ, ਉਦਾਸੀ ਜ਼ਰੂਰ ਹੋਵੇਗੀ, ਖਾਣ ਪੀਣ, ਬੈਂਕ ਜਾਣ, ਬੈਂਕ ਦਾ ਹਿਸਾਬ ਵੇਖਣ ਦੇ ਭੁਲੇਖੇ ਜ਼ਰੂਰ ਪੈਣਗੇ ਪਰ ਹੌਲੀ ਹੌਲੀ ਸੋਝੀ ਆਵੇਗੀ ਕਿ ਉਹ ਜਿਸ ਨੂੰ "ਮੈਂ" ਸਮਝਦਾ ਸਾਂ ਉਹ ਤਾਂ ਚਰੋਕਣਾ ਅਗਨੀ ਦੀ ਭੇਟਾ ਹੋ ਚੁੱਕਾ ਹੈ। ਇਸ ਸੋਝੀ

ਨਾਲ ਸ਼ੋਕ ਭੀ ਹੋਵੇਗਾ ਪਰ ਅਕਲ ਭੀ ਆਵੇਗੀ। ਲੰਬੇ ਜੀਵਨ ਦੀ ਤਸਵੀਰ ਜ਼ਰੂਰ ਮੂਹਰੇ ਆਵੇਗੀ, ਕੀਤੇ ਹੋਏ ਜ਼ੋਰਾਂ ਅਧਰਮਾਂ ਬੇਇਨਸਾਫੀਆਂ ਦਾ ਅਫ਼ਸੋਸ ਜ਼ਰੂਰ ਹੋਵੇਗਾ, ਪਰ ਇਨ੍ਹਾਂ ਕੀਤੀਆਂ ਨੂੰ ਅਨਕੀਤੀਆਂ ਕਰਨ ਦਾ ਵਸੀਲਾ ਕੋਲ ਨਹੀਂ ਹੋਵੇਗਾ, ਇਹੀ ਮੈਂ ਦਾ ਨਰਕ ਹੋਵੇਗਾ। ਜੀ ਖਿੱਚ ਕਰੇਗਾ ਕਿ ਇਹ ਜੋ ਅਨਰਥ ਕਰ ਚੁੱਕਾ ਹਾਂ ਇਨ੍ਹਾਂ ਨੂੰ ਮੋੜ ਆਵਾਂ ਪਰ 'ਪੰਛੀ ਛੁਟਕੀ ਹਾਥ' ਨਹੀਂ ਆਵੇਗੀ। ਹਿਸਾਬ ਲੈਣ ਵਾਲਾ ਬਹੀ ਕੋਈ ਨਹੀਂ ਖੋਲ੍ਹੇਗਾ, ਜਮ ਕੋਰੜੇ ਕੋਈ ਨਹੀਂ ਮਾਰਨਗੇ, ਆਪਣੀ ਜਾਗ੍ਰਤ ਨਾਲ ਆਪੇ ਹੀ ਆਪਣੀ ਤਸਵੀਰ ਸਾਹਮਣੇ ਆ ਜਾਵੇਗੀ ਤੇ ਜੋ ਗੱਲ ਹਰ ਰੋਜ਼ ਪੜ੍ਹ ਸੁਣ ਕੇ ਮੰਨ ਨਹੀਂ ਸੀ ਵੱਸਦੀ, ਉਹ ਸਾਹਮਣੇ ਪਰਤੱਖ ਆ ਖਲੋਵੇਗੀ। ਉਡ ਜਾਏਗਾ ਧੂਮ ਬਾਦਰੋ ਇੱਕ ਭਾਜੋ ਰਾਮ ਸਨੇਹੀ, 'ਜੈਸਾ ਸੁਪਨਾ ਰੈਨ ਕਾ ਤੈਸਾ ਸੰਸਾਰ।' ਉਸ ਬੇਗਮ ਪੁਰੇ ਦੇ ਵਾਸੀਆਂ ਦੀ ਸੰਗਤ ਨਾਲ ਉਹ ਜਹਾਨ ਦੇ ਧਰਮੀ ਪ੍ਰਭਾਵ ਨਾਲ ਮੈਂ ਆਪਣਾ ਲੇਖਾ ਆਪੇ ਸਮਝ ਜਾਵਾਂਗਾ। ਕਲੇਸ਼ ਰਹੇਗਾ, ਜਿਨਾ ਚਿਰ ਕਰਨੀਆਂ ਦੀਆਂ ਰੇਖਾਵਾਂ ਮਿਟਾਈਆਂ ਨਹੀਂ ਜਾਣਗੀਆਂ, ਜਾਂ ਮੁੜ ਜਨਮ ਲੈ ਕੇ ਤੇ ਜਾਂ ਪਰਲੋ ਵਾਂਗ ਕਰਮਾਂ ਨੂੰ ਲੈ ਕਰ ਲੈਣ ਵਾਲੇ ਕਿਸੇ ਉੱਤਮ ਕਰਮ ਨਾਲ। ਪਰ ਜਿਸ ਤਰ੍ਹਾਂ ਇਥੇ ਹੈ ਓਸੇ ਤਰ੍ਹਾਂ ਉਥੇ ਹੀ ਇੱਕ ਮਹਾ ਕਾਲ ਮਹਾਂ ਸ਼ਕਤੀ ਦਾ ਹੀ ਹੋਵੇਗਾ, ਜੋ ਦਯਾ ਦਾ ਖਿਮਾਂ ਦਾ ਸਾਗਰ ਹੈ ਜੋ ਉਸ ਦੇ ਚਿੱਤ ਆਵਣ ਪਰ ਬਹੁਤ ਕੁਛ ਨਿਰਭਰ ਹੋਵੇਗਾ।

ਪਿਛੇ ਰਹਿ ਗਏ ਅਸੁਝ ਪ੍ਰੇਮੀ ਆਪਣਿਆਂ ਹਾਉਕਿਆਂ ਨਾਲ ਧੂਹਾਂ ਧਾ ਕੇ ਮੇਰੇ ਨਰਕ ਨੂੰ ਮੇਰੀ ਸਰੀਰ ਵਿਹੂਣ ਭੁੱਲੀ ਭਟਕਦੀ ਮੈਂ ਨੂੰ ਵਧੇਰੇ ਕਲੇਸ਼ਾਂ ਵਿੱਚ ਪਾਉਣਗੇ ਪਰ ਸੋਝੀ ਵਾਲੇ ਮਿੱਤਰ ਮੈਨੂੰ ਗੁਰਸ਼ਬਦਾਂ ਦੀਆਂ ਪਿਆਰ ਲੋਰੀਆਂ ਦੇ ਕੇ ਹਿਰਦਿਆਂ ਨਾਲ ਅਸੀਸਾਂ ਦੇਂਦੇ ਹੋਏ ਮੈਨੂੰ ਮੇਰੇ ਪੈਂਡੇ ਵੱਲ ਨੂੰ ਅੱਢ ਠੇਲ੍ਹਣਗੇ ਜਿਵੇਂ ਪਾਣੀ ਵਿੱਚ ਤਾਰੇ ਹੋਏ ਦੀਵੇ ਨੂੰ ਮਲਕੜੇ ਜਿਹੇ ਪਾਣੀ ਦੀਆਂ ਨਿੱਕੀਆਂ ਲਹਿਰਾਂ ਨਾਲ ਕਿਨਾਰਿਓਂ ਵਿਦਾ ਕਰੀਦਾ ਹੈ। ਤੇ ਜਦ ਮੈਨੂੰ ਓਸ ਬੰਨੇ ਹੋਸ਼ ਆਵੇਗੀ ਤਦ ਇਹ ਭੇਦ ਖੁਲ੍ਹੇਗਾ ਕਿ ਇਹ ਸਰੀਰ, ਇਹ ਭਰਮ-ਮੂਲ ਸਰੀਰ ਕੇਡਾ ਬੰਦੀਖਾਨਾ, ਕੇਡਾ ਅਸਥੂਲ, ਕੇਡਾ ਹਨੇਰ ਬਿਥ ਸੀ। ਤਦ ਮੇਰੇ ਲਈ ਦੇਸ਼ ਕਾਲ ਕੁਝ ਅਰਥ ਨਹੀਂ ਰੱਖਣਗੇ, ਹਵਾਈ ਜਹਾਜ਼ਾਂ ਦੀਆਂ ਕੀੜੀ ਚਾਲ ਉਡਾਰੀਆਂ ਨੂੰ ਮੈਂ ਮੂਰਖਾਂ ਦੇ ਅਲਸੇਟੇ ਸਮਝਾਂਗਾ ਤੇ ਮੇਰੇ ਲਈ ਖੰਡ ਬ੍ਰਹਿਮੰਡ ਚੰਦ ਸਿਤਾਰੇ ਮੇਰੇ ਵੇਹੜੇ ਦੇ ਬੂਟੇ ਹੋਣਗੇ। ਹਾਂ ਮੈਨੂੰ ਨਿਸ਼ਚਾ ਹੈ ਪਰ ਮੇਰੀ ਕਲਮ ਵਿੱਚ ਸ਼ਕਤੀ ਨਹੀਂ ਕਿ ਉਹ ਦਸ਼ਾ ਮੈਂ ਇੱਕ ਕਿਨਕਾ ਭੀ ਵਰਨਣ ਕਰ ਸਕਾਂ।

ਪਰਲੇ ਕੰਢਿਓਂ ਨਜ਼ਾਰਾ ਹੀ ਹੋਰ ਹੋਵੇਗਾ। ਇਹ ਜੋ ਜਗਤ ਦੇ ਦੁੱਖ ਕਲੇਸ਼ ਮੇਰੇ ਉਦਾਲੇ ਹਿਮਾਲਾ ਦੀਆਂ ਪਹਾੜੀਆਂ ਵਾਂਗ ਹੋਏ ਰਹਿੰਦੇ ਹਨ ਸਭ ਭਸਮ ਹੋ ਜਾਣਗੇ, ਨਹੀਂ ਰਹਿਣਗੇ ਕਿਉਂਕਿ ਮੈਂ ਆਪ ਇਨ੍ਹਾਂ ਪਰਬਤਾਂ ਤੋਂ ਬਹੁਤ ਉੱਚਾ ਹੋ ਗਿਆ ਹੋਵਾਂਗਾ। ਇਹ ਮੋਹ ਭਰਮ ਦੇ ਜਾਲ ਸਭ ਅੰਵ ਉਡ ਜਾਣਗੇ ਜਿਸ ਤਰ੍ਹਾਂ ਧੁਪ ਚੜ੍ਹੇ ਤੇ ਧੁੰਦ ਤੇ ਕੁਹਰ।

ਪਰਲੇ ਕਿਨਾਰੇ ਜਾ ਕੇ ਜਦ ਮੈਂ ਇਸ ਕਿਨਾਰੇ ਵੱਲ ਵੇਖਾਂਗਾ ਇਹ ਪਹਾੜ ਭਰਮ ਇਹ ਦੁੱਖ ਦੇ ਬੱਦਲ ਤੇ ਨੀਚ ਦੇ ਹਨੇਰਾਂ ਤੋਂ ਪਰਦਾ ਉਠਿਆ ਜਾਪੇਗਾ ਤੇ ਮੈਂ ਆਖਾਂਗਾ ਹੇ ਮੇਰੇ ਰਾਮ ਕੇਡਾ ਨਰਕ ਸੀ, ਕੇਡਾ ਭਰਮ ਸੀ, ਕੇਡਾ ਸੁਫ਼ਨਾ ਸੀ।

ਇਸ ਧਰਤੀ ਉੱਤੇ ਲਾ ਵਾਹ ਰਿਹਾ ਹਾਂ ਮੈਨੂੰ ਸਾਰੇ ਬੰਨੇ ਬੇਅੰਤ ਹੀ ਬੇਅੰਤ ਦਿੱਸਦਾ ਹੈ। ਸਾਰੀ ਉਮਰ ਏਹੋ ਜਤਨ ਰਿਹਾ, ਕੀ ਕਿਸੇ ਥਾਂ ਬੈਠਣ ਵਿੱਚ, ਕੀ ਕਿਸੇ ਦਲੀਲ ਵਿੱਚ, ਕੀ ਵਿਦਿਆ ਵਿੱਚ, ਕੀ ਸਿਆਣਪ ਵਿੱਚ, ਕੀ ਕਿਸੇ ਥਾਂ ਕੀਲਾ ਗੱਡ ਦੇਈਏ ਪਰ ਕੋਈ ਕੀਲਾ ਨਹੀਂ ਜੋ ਇੱਕ ਥਾਂ ਖਲੋਤਾ ਰਹੇ, ਕੋਈ ਥਾਂ ਨਹੀਂ ਜੋ ਅਸਥਿਰ ਰਹੇ। ਇਸ ਮਨੁੱਖੀ ਬੁੱਧੀ ਨਾਲ ਵਾਯੂ ਮੰਡਲ ਨੂੰ ਗਾਹਿਆ, ਸੂਰਜ, ਚੰਦ੍ਰਮਾਂ, ਸਤਾਰੇ ਪਰੇ ਤੋਂ ਪਰੇ, ਪਰੇ ਤੋਂ ਪਰੇ ਝਾਤੀ ਮਾਰਨ ਦਾ ਜਤਨ ਕੀਤਾ ਪਰ ਓੜਕ ਨੂੰ ਏਹੀ ਆਖ ਕੇ ਪਿੱਛਾ ਛੁਡਾਣਾ ਪਿਆ ਕਿ ਹੱਦ ਤਾਂ ਕਿਤੇ ਆਉਂਦੀ ਨਹੀਂ, ਓੜਕ ਤਾਂ ਕਿਧਰੇ ਹੈ ਨਹੀਂ। ਸਮੇਂ (ਕਾਲ Time) ਦੇ ਪਰਦਿਆਂ ਨੂੰ ਫੋਲ ਕੇ ਵੇਖਿਆ ਉਥੇ ਭੀ ਇਹੀ ਬੇਅੰਤਤਾ, ਇਹੀ ਬੇਓੜਕ-ਪੁਣਾ ਕਿਸੇ ਹੱਦ ਨੂੰ ਨਾ ਅਪੜਨ ਦੀ ਬੇਬਸੀ ਨਜ਼ਰ ਆਈ। ਅਸੀਂ ਆਪ ਇਸ ਬੇਅੰਤ ਬ੍ਰਹਿਮਾਂਡ ਦੇ ਬੇਅੰਤ ਕਿਣਕੇ, ਬੇਅੰਤ ਅੱਗਾਂ ਤੇ ਬੇਅੰਤ ਪਿੱਛਾ। ਪ੍ਰਿਥਵੀ ਤੋਂ ਲੈ ਕੇ ਇਸ ਦੇ ਨਿੱਕੇ ਕਿਣਕੇ ਦਾ ਮੂਲ-ਨਿਯਮ ਬੇਅੰਤ-ਤਾ ਹੀ ਹੈ। ਇਸ ਤੋਂ ਉਲਟ ਕਿਆਸ ਕਰਨਾ ਹੀ ਸਮਾਂ ਵਿਅਰਥ ਗਵਾਉਣਾ ਹੈ ਕਿਉਂਕਿ ਇਹ ਭੀ ਅਸੰਭਵ ਹੈ।

ਜਿਸ ਪਾਸੇ ਤੁਰੋ ਕਿ ਸਾਹਮਣੇ ਦੀ ਕੰਧ ਨੂੰ ਹੱਥ ਲਾ ਦੇਈਏ, ਕੰਧ ਪਰੇ ਹੀ ਪਰੇ ਦੁਰੇਡੇ ਤੁਰੀ ਚਲੀ ਜਾਂਦੀ ਹੈ ਤੇ ਬਹੁਤ ਸਾਰੀ ਖੋਜ ਮਿਹਨਤ ਤੇ ਖੁਆਰੀ ਮਗਰੋਂ ਏਹੀ ਆਖ ਕੇ ਪਰਤਣਾ ਪੈਂਦਾ ਹੈ ਕਿ ਬੇਅੰਤ ਹੈ।

ਪੱਥਰ ਅਸੂਝ ਹਨ ਪਰ ਕੌਣ ਕਹਿ ਸਕਦਾ ਹੈ ਕਿ ਸੋਝੀ ਉੱਕਾ ਹੀ ਨਹੀਂ। ਸਾਡੇ ਵਰਗੀ ਸੋਝੀ ਨਹੀਂ ਪਰ ਕਿਸੇ ਘਟੀਆ ਦਰਜੇ ਦੀ ਸੋਝੀ ਹੋਵੇਗੀ।

ਬਨਸਪਤੀ ਦੀ ਉਤਪਤੀ ਪੱਥਰਾਂ ਵਿਚੋਂ ਹੋ ਸਕਦੀ ਹੈ, ਇੱਕ ਮਾਸਾ ਭਰ ਪੱਥਰ ਦੇ ਪਰਮਾਣੂ ਜੇਕਰ ਵੱਖ ਹੋ ਸਕਣ ਵਿੱਚੋਂ ਇੱਕ ਸ਼ਹਿਰ ਨੂੰ ਬੰਬ ਨਾਲ ਉਡ਼ਾਣ ਜੋਗੀ ਸੱਤਾ ਨਿਕਲ ਸਕਦੀ ਹੈ। ਬੂਟਿਆਂ ਵਿੱਚ ਏਦੂੰ ਵੱਧ ਸੂਝ ਹੈ। ਫਰੀਦਪੁਰ (ਬੰਗਾਲ) ਦਾ ਤਾੜ ਦਾ ਬਿਰਛ ਸਵੇਰ ਸ਼ਾਮ ਆਪਣਾ ਪੈਂਤੜਾ ਬਦਲਿਆ ਕਰਦਾ ਸੀ। ਸੁਰਗਵਾਸੀ ਵਿਗਿਆਨੀ ਬੋਸ ਨੇ ਸਿੱਧ ਕੀਤਾ ਸੀ ਕਿ ਬਿਰਛਾਂ ਨਾਲ ਬਦਸਲੂਕੀ ਕੀਤਿਆਂ ਉਨ੍ਹਾਂ ਨੂੰ ਦੁੱਖ ਪਹੁੰਚਦਾ ਹੈ। ਉਹ ਕਹਿੰਦਾ ਸੀ ਬਿਰਛ ਭੀ ਜਿੰਦ ਵਾਲੇ ਹਨ। ਜੇ ਕੋਈ ਭੋਲਾ ਜਿਹਾ ਪਰ "ਪੱਟ ਅੰਦਰ ਗੁੱਦੜ ਬਾਹਰ" ਵਾਲਾ ਆਖਦਾ ਹੈ 'ਪ੍ਰਭ ਵਣ ਤ੍ਰਿਣ ਹਰਿਆ ਕੀਤਿਆਂ ਨਾਨਕ ਕਿਆ ਮਨੁੱਖ' ਅਸੀਂ ਵਿਸ਼ਵਾਸ ਨਹੀਂ ਕਰਦੇ ਪਰ ਜਦ ਸਾਨੂੰ ਬੋਸ ਵਰਗਾ ਆ ਕੇ ਸਿੱਧ ਕਰ ਦੇਂਦਾ ਹੈ ਤਾਂ ਅਸੀਂ ਉੱਨਾ ਕੁ ਮੰਨ ਕੇ ਫੇਰ ਹਾਰੇ ਹੋਏ ਬਲਦ ਵਾਂਗ ਓਥੇ ਹੀ ਖਲੋ ਜਾਂਦੇ ਹਾਂ। ਅਸੀਂ ਮੰਗਦੇ ਹਾਂ ਪਰਤੱਖ ਸਬੂਤ ਓੜਕ ਨੂੰ ਏਸ ਸਰੀਰ ਤੇ ਸਰੀਰਕ ਦਿਮਾਗ਼ ਦੀ ਪਹੁੰਚ ਤੋਂ ਬਾਹਰ ਦਾ ਨਹੀਂ ਹੋ ਸਕਦਾ ਕਿਉਂਕਿ ਉਸਦੀ ਸਾਨੂੰ ਸਮਝ ਨਹੀਂ ਆਉਣੀ। ਪਸ਼ੂਆਂ ਵਿੱਚ ਸੋਝੀ ਹੈ ਪਰ ਕੇਵਲ ਪੱਠੇ ਚਰਨ ਦੀ, ਤੁਰਨ ਫਿਰਨ, ਆਪਣਾ ਸਰੀਰ ਸੰਭਾਲਣ ਦੀ। ਪਸ਼ੂਆਂ ਪਸ਼ੂਆਂ ਵਿੱਚ ਫਰਕ ਹੈ। ਬਾਜ਼ੇ ਪਸ਼ੂ ਮਨੁੱਖੀ ਹਿਰਦੇ ਦੇ ਭਾਵਾਂ ਨੂੰ ਬਹੁਤ ਸੂਖਮ ਜਿਹਾ ਸਮਝਣ ਦੀ ਸੂਝ ਰੱਖਦੇ ਹਨ। ਏਸੇ ਤਰ੍ਹਾਂ ਮਨੁੱਖੀ ਬੱਚੇ ਨੂੰ ਸੂਝ ਹੈ, ਉਸ ਤੋਂ ਵੱਧ ਯੁਵਕ ਨੂੰ, ਉਸ ਤੋਂ ਵੱਧ ਪੂਰੇ ਮਨੁੱਖ ਨੂੰ। ਮਨੁੱਖ ਮਨੁੱਖ ਵਿੱਚ ਸੋਝੀ ਦਾ ਤਕੜਾ ਫ਼ਰਕ ਹੈ। ਕੌਣ ਕਹਿ ਸਕਦਾ ਹੈ ਕਿ ਮਨੁੱਖੀ ਸੋਝੀ ਨਾਲੋਂ ਉੱਚੀ ਸੋਝੀ ਹੈ ਹੀ ਨਹੀਂ।

ਜੇ ਅਸੀਂ ਸਮਝਦੇ ਹਾਂ ਕਿ ਮਨੁੱਖੀ ਜੀਵਨ ੫੦-੬੦ ਵਰ੍ਹੇ ਇੱਕ ਅਟਕਲ ਪੱਚੂ ਨਿਰ-ਕਾਰਣ ਨਿਰ-ਸੰਕਲਤ ਤੇ ਇੱਕ ਅਸੂਝ ਜੇਹਾ ਜੀਵਨ ਹੈ ਤਦ ਭੀ ਅਸੀਂ ਏਸ ਸੀਰਕ ਬੁੱਧੀ ਨਾਲ ਅੰਦਾਜ਼ਾ ਲਾਉਂਦੇ ਹਾਂ, ਜੇਕਰ ਇਸ ਜੀਵਨ ਨੂੰ ਇੱਕ ਲੰਬੀ ਵਿਧਿਆ ਦਾ ਸੰਯੁਕਤ ਭਾਵ ਸਮਝਦੇ ਹਾਂ ਤਦ ਭੀ ਏਸੇ ਬੁੱਧੀ ਨਾਲ। ਪਰ ਖਾਹ ਮਖਾਹ ਆਪਣੇ ਆਪ ਨੂੰ ਤੁਛ ਤੇ ਵਿਅਰਥ ਬਣਾ ਕੇ ਮਨ ਨੂੰ ਇੱਕ ਹਨੇਰੀ ਕਾਲ ਕੋਠੜੀ ਵੱਸ ਕਰ ਛੱਡਣ ਨਾਲੋਂ ਖਿੜੇ ਫੁਲ ਵਾਂਗ ਸੂਰਜ ਨਾਲ ਅਖੀਆਂ ਲਾਈ ਰਖਣਾ ਬੜਾ ਸਿਆਣਾ ਤੇ ਸੋਝੀ ਵਾਲਾ ਰਵੱਈਆਂ ਹੈ। ਜਦ ਚਾਰੇ ਪਾਸੇ ਬੇਅੰਤ ਹੀ ਬੇਅੰਤ ਹੈ ਏਸ ਬਾਗ ਦੇ ਮਹਾਂ ਮਾਲੀ ਮਨੁੱਖ ਨੂੰ ਭੀ ਬੇਅੰਤ ਹੀ ਸਮਝਣਾ ਉਚਿਤ ਹੈ।

ਜਦ ਅਸਾਂ ਉੱਚੇ ਚੜ੍ਹਕੇ ਹਿਮਾਲਾ ਦੀਆਂ ਚੋਟੀਆਂ ਤੋਂ ਖਲੋ ਕੇ ਤੇ ਉਦਾਲੇ ਚੋਗ੍ਰਿ ਨਜ਼ਰ ਦੁੜਾ ਕੇ ਵੇਖ ਲਿਆ ਕਿ ਏਸ ਜਾਗਤ ਦਾ ਮੂਲ ਮੰਤਰ ਅਨੰਤ ਦੁਨੀਆਂ ਵਿੱਚ ਵਸ ਰਿਹਾ ਹੈ। ਅਸੀਂ ਬੇਫ਼ਿਕਰ ਹੋ ਕੇ ਹੇਠ ਉੱਤਰ ਆਉਂਦੇ ਹਾਂ ਤੇ ਓਸ ਸੋਝੀ ਵਾਲੇ ਖੁਸ਼ਬਾਸ਼ ਮੁਸਾਫਰ ਵਾਂਗ ਜਿਸ ਨੂੰ ਕੁਝ ਦਿਨ ਦੀ ਮੁਸਾਫਰੀ ਕੱਟਣੀ ਪੈਂਦੀ ਹੈ ਪਰ ਉਹ ਉਨ੍ਹਾਂ ਗਿਣਤੀ ਦੇ ਦਿਹਾੜਿਆਂ ਨੂੰ ਵੀ ਮੁਸਾਫਰੀ ਵਿੱਚ ਇਝ ਲੰਘਾਉਂਦਾ ਹੈ ਜਿਵੇਂ ਸਹੁਰੇ ਘਰ ਆਇਆ ਹੁੰਦਾ ਹੈ। ਅਸੀਂ ਚੰਦ ਦਿਨਾਂ ਦੇ ਸਹਾਈ ਡੇਰੇ ਨੂੰ ਆਪਣੀ ਨਿੱਜ ਦੀ ਬਰਾਦਰੀ ਵਾਂਗ ਸਜਾ ਕੇ ਘਰ ਨਾਲੋਂ ਭੀ ਵਧੇਰੇ ਨਿਸ਼ਚਿੰਤ ਤੇ ਮਗਨ ਹੋ ਕੇ ਉਹਨਾਂ ਦਿਨਾਂ ਨੂੰ ਖ਼ਾਲਸ ਅਨੰਦਮਈ ਬਨਾਉਣ ਦੇ ਜਤਨ ਵਿੱਚ ਲੱਗ ਜਾਂਦੇ ਹਾਂ।

ਸਾਡੀ ਆਪਣੀ ਬੇਅੰਤ-ਤਾ ਵਿੱਚ ਰਤਾ ਭੀ ਸ਼ੱਕ ਨਹੀਂ, ਸਾਡਾ ਅਮਰਪੁਣਾ ਓਨਾ ਹੀ ਨਿਸ਼ਚਿਤ ਹੈ ਜਿੰਨਾ ਆਪ ਰੱਬ ਜੀ ਦੀ ਹੋਂਦ.....ਫਿਕਰ ਕਾਸ ਦਾ ? ......ਕੇਵਲ ਏਨੀ ਕੁ ਗੱਲ ਦਾ ਕਿ ਏਸ ਨਾਟਕ ਵਿੱਚ-ਏਸ ਧਰਤੀ ਦੀ ਨਿਰਤ ਭੂਮੀ ਉੱਤੇ-ਜੋ ਭਾਗ ਚੰਗਾ ਮੰਦਾ ਸਾਨੂੰ ਨਿਬਾਹੁਣ ਲਈ ਦਿੱਤਾ ਗਿਆ ਹੈ ਉਸ ਨੂੰ ਪੂਰਾ ਨਿਬਾਹ ਦੇਈਏ।

ਜਦ ਹਾਕੀ ਦਾ ਮੈਚ ਆਰੰਭ ਹੁੰਦਾ ਹੈ ਪੂਰੀ ਤਿਆਰੀ ਕਰਕੇ ਸੀਟੀ ਵੱਜਣ ਤੋਂ ਦਸ ਮਿੰਟ ਪਹਿਲੋਂ ਮੈਦਾਨ ਦੇ ਕੰਢੇ ਆ ਖਲੋਈਦਾ ਹੈ ਤੇ ਤਿਆਰ ਬਰਤਿਆਰ ਹੋ ਜਾਈਦਾ ਹੈ। ਪੁਛਦੇ ਹਾਂ ਰੈਫ਼ਰੀ (ਖੇਲ ਦਾ ਸਾਲਸ ਕੌਣ ਹੈ, ਅੱਧਾ ਟੈਮ ਕਿੰਨੋਂ ਮਿੰਟਾਂ ਦਾ ਹੈ, ਮੈਂ ਕਿਸ ਥਾਂ ਖਲੋਣਾ ਹੈ, ਮੇਰੇ ਸੱਜੇ ਕੌਣ ਹੋਵੇਗਾ, ਖੱਬੇ ਕੌਣ, ਵਿਰੋਧੀਆਂ ਵਿਚੋਂ ਤਕੜਾ ਕਿਹੜਾ ਹੈ, ਉਸ ਦਾ ਪਹਿਰਾ ਕਿਸ ਦੇਣਾ ਹੈ, ਉਸ ਨਾਲ ਕੀ ਹੱਥ ਕਰਨੇਂ ਹਨ। ਗੱਲ ਕੀ ਇਕ ਮਾੜੀ ਜੇਹੀ ਪੌਣੇ ਘੰਟੇ ਦੀ ਖੇਡ ਲਈ ਪੂਰੀ ਤਿਆਰੀ ਕਰਕੇ ਸਾਹਮਣੇ ਆਈਦਾ ਹੈ। ਪਰ ਹੈਰਾਨੀ ਦੀ ਗੱਲ ਹੈ ਕਿ ਲੋਕ ਮਨੁੱਖੀ ਜਨਮ ਲੈ ਕੇ ਅੰਞ ਅੱਧਸੁੱਤੇ ਜੇਹੇ ਬੇਮੁਹਾਰ ਫਿਰਦੇ ਰਹਿੰਦੇ ਹਨ ਜਿਸ ਤਰ੍ਹਾਂ ਭੇਡ ਬਕਰੀਆਂ। ਆਪਣੇ ਏਸ ਜੀਵਨ ਨੂੰ ਮਾਮੂਲੀ ਹਾਕੀ ਫੁਟਬਾਲ ਦੇ ਮੈਚ ਜਿੰਨੀ ਵੀ ਵਿਚਾਰ ਅਰਪਨ ਨਹੀਂ ਕਰਦੇ। ਮਾਮੂਲੀ ਦਰਮਿਆਨੀ ਬੁੱਧੀ ਦੇ ਲੋਕਾਂ ਦੀ ਅੱਧੀ ਉਮਰ ਏਸ ਗੱਲੋਂ ਐਵੇਂ ਬਾਹੀਂ ਟੁੰਗਦਿਆਂ ਹੀ ਲੰਘ ਜਾਂਦੀ ਹੈ, ਤੇ ਉਸ ਵੇਲੇ ਤੱਕ ਆਪਣੇ ਉਦਾਲੇ ਏਨੀਆਂ ਜ਼ੁਮੇਂਵਾਰੀਆਂ ਦੇ ਕੋਟ ਉਸਾਰ ਲੈਂਦੇ ਹਨ ਕਿ ਜੀਵਨ ਇਕ ਗੱਧੇ ਦੇ ਛੱਟ ਚੁੱਕਣ ਵਾਂਗ ਬਣ ਜਾਂਦਾ ਹੈ।

"ਰੇ ਜਨਹੁ ਬਾਰੇ ਦੌਂਬਿਓ ਸੁੱਤਿਆਂ ਗਈ ਵਿਹਾਇ।"

ਮਾਮੂਲੀ ਜੇਹੀ ਵਿਚਾਰ ਨਾਲ ਮਾੜੇ ਮੋਟੇ ਨਿਤਾ-ਪ੍ਰਤੀ ਦੇ ਵਰਤ ਰਹੇ ਹਾਲਾਂ ਨੂੰ ਵੇਖ ਸੁਣ ਕੇ ਬੰਦੇ ਨੂੰ ਪਹਿਲੀ ਗੱਲ ਇਹ ਸਮਝ ਜਾਣੀ ਚਾਹੀਦੀ ਹੈ ਕਿ ਉਮਰ ਬੇ-ਓੜਕ ਨਹੀਂ, ਕਿਸੇ ਦਿਨ ਆਯੂ ਦਾ ਅੰਤ ਜ਼ਰੂਰ ਹੋ ਜਾਣਾ ਹੈ। ਸਾਡਾ ਫ਼ਰਜ਼ ਹੈ ਕਿ ਅਸੀਂ ਆਪਣੇ ਆਪ ਨੂੰ ਤਾਂ ਰੋੜ੍ਹ ਚੁੱਕੇ ਹਾਂ, ਆਪਣੇ ਬੱਚਿਆਂ ਨੂੰ ਪਹਿਲੀ ਸਿੱਖਿਆ ਇਹ ਦਈਏ ਕਿ ਜ਼ੁੰਮੇਂਵਾਰੀਆਂ ਨੂੰ ਜਿਨਾ ਥੋੜ੍ਹਾ ਰੱਖਿਆ ਜਾਵੇਗਾ ਓਨੀ ਹੀ ਇਹ ਜੀਵਨ ਯਾਤਰਾ ਨਿਚਿੰਦ ਤੇ ਹਲਕੀ ਰਹੇਗੀ, ਸਫ਼ਰ ਵਿੱਚ ਜਿਨਾ ਸਾਮਾਨ ਥੋੜ੍ਹਾ ਹੋਵੇਗਾ ਓਨਾ ਹੀ ਸੁੱਖ ਰਹੇਗਾ। ਵਿਆਹ ਸ਼ਾਦੀਆਂ ਅਲਸੇਟੇ ਹਨ, ਜਿਨ੍ਹਾਂ ਵਿੱਚ ਆਮ ਕਰਕੇ ਲੋਕਾਂ ਨੂੰ ਉਹਨਾਂ ਦੇ ਮਾਤਾ ਪਿਤਾ ਪਾਉਂਦੇ ਹਨ, ਵਿਆਹ ਸ਼ਾਦੀਆਂ ਨਾਲੋਂ ਵਿਦਿਆ ਕਿਰਤ ਸਿਆਣਪ ਕੋਈ ਹੁਨਰ ਸਿਖਾਉਣਾ ਅਕਲਮੰਦੀ ਹੈ। ਯੁਵਕ ਜੇ ਜ਼ੁੰਮੇਂਵਾਰੀ ਨਿਭਾ ਸਕੇ ਪਿਆ ਸਹੇੜ ਲਵੇ। ਸਾਡਾ ਫ਼ਰਜ਼ ਹੈ ਉਸ ਦੀਆਂ ਅੱਖਾਂ ਖੋਲ੍ਹ ਦੇਈਏ, ਉਸ ਨੂੰ ਉਮਰ ਦੇ ਸਫ਼ਰ ਦੇ ਯੋਗ ਕਰ ਦੇਈਏ ਪਰ ਸਾਡਾ ਇਹ ਉੱਕਾ ਫ਼ਰਜ਼ ਨਹੀਂ ਕਿ ਉਸ ਦੇ ਉੱਤੇ ਆਪਣੇ ਨੱਕ ਦੀ ਖ਼ਾਤਰ ਜ਼ੁੰਮੇਂਵਾਰੀਆਂ ਦੇ ਭਾਰ ਲੱਦ ਦੇਈਏ।

ਦੂਜੀ ਗੱਲ ਇਹ ਜ਼ਰੂਰੀ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਜਿਥੇ ਅਨੇਕ ਪ੍ਰਕਾਰ ਦੀਆਂ ਵਿਦਿਆ ਦੇਂਦੇ ਹਾਂ, ਗੱਲਾਂ ਕਰਦੇ ਹਾਂ, ਅੜਾਉਣੀਆਂ ਪੈਣ ਤੇ ਸੁਲਝਣੇ ਦੱਸਦੇ ਹਾਂ ਉਥੇ ਉਨ੍ਹਾਂ ਨੂੰ ਅਵੱਸ਼ ਵਾਪਰਨ ਵਾਲੀ ਹੋਣੀ ਮੌਤ ਦਾ ਜ਼ਿਕਰ ਕਰੀਏ, ਉਹਨਾਂ ਦੇ ਦਿਲ ਵਿੱਚ ਵਸਾਈਏ ਕਿ ਇਕ ਦਿਨ ਆਪਣੇ ਪੈਰੀਂ ਖਲੋਣਾ ਪਵੇਗਾ ਜਦ ਮਾਂ ਪਿਓ ਦੀ ਛਾਉਂ ਉਪਰੋਂ ਹਟ ਜਾਵੇਗੀ।

ਏਸ ਬਹੁ-ਰੂਪੀ ਦੁਨੀਆਂ ਦੇ ਮੁਸਾਫ਼ਰੋ, ਸਾਵਧਾਨ ਹੋ ਜਾਓ। ਆਪਣੇ ਮਨ ਵਿੱਚ ਨਿਸ਼ਚੈ ਕਰੋ ਤੇ ਆਪਣੇ ਉਦਾਲੇ ਲਮਕਣ ਵਾਲਿਆਂ ਨੂੰ ਭੀ ਸਾਫ਼ ਸਾਫ਼ ਸ਼ਬਦਾਂ ਵਿੱਚ ਸੁਣਾ ਦਿਓ ਬਈ ਮੈਂ ਸਦਾ ਨਹੀਂ ਰਹਿਣਾ। ਨਾ ਕੋਈ ਅੱਗੇ ਰਿਹਾ ਹੈ ਨਾ ਮੈਂ ਰਹਿਣਾ ਹੈ, ਆਪਣੇ ਪੈਰੀਂ ਖਲੋਣ ਦੇ ਜਤਨ ਕਰੋ ਤੇ ਮੇਰੇ ਤੁਰਨ ਵੇਲੇ ਤੱਕ ਜੇ ਤੁਸੀਂ ਸਾਰੇ ਆਪਣੇ ਪੈਰੀਂ ਖਲੋਣ ਯੋਗ ਹੋ ਜਾਓਗੇ ਮੈਂ ਬੜਾ ਸੁਖੀ ਹੋ ਕੇ ਅੱਗੇ ਨੂੰ ਤੁਰਾਂਗਾ। ਏਹ ਵੱਡਾ ਤੇ ਪਹਿਲਾ ਸਬਕ ਹੈ ਜੋ ਟੱਬਰ ਵਿੱਚ ਹਰ ਇੱਕ ਨਿੱਕੇ ਮੋਟੇ ਨੂੰ ਆ ਜਾਣਾ ਚਾਹੀਦਾ ਹੈ। ਮਿਸਰ ਦੇ

ਅਮੀਰਾਂ ਦੇ ਘਰੀਂ ਜਦ ਖਾਣ ਦੀਆਂ ਜ਼ਿਆਫ਼ਤਾਂ ਹੁੰਦੀਆਂ ਸਨ, ਬੜੇ-ਬੜੇ ਸੁਆਦਲੇ ਭੋਜਨ ਦੂਰੋਂ ਦੂਰੋਂ ਸ਼ਿਕਾਰ ਤੇ ਦੁਰਲੱਭ ਪੰਛੀਆਂ ਦੇ ਮਾਸ ਬਣਿਆ ਕਰਦੇ ਸਨ। ਖਾਣ ਵਾਲੀਆਂ ਸਬਾਤਾਂ ਵਿੱਚ ਚਾਰੇ ਪਾਸੇ ਸੁਹੱਪਣ ਤੇ ਖੁਸ਼ੀ ਦੇ ਸਾਮਾਨ ਹੁੰਦੇ ਸਨ ਪਰ ਇੱਕ ਚੀਜ਼ ਸਭ ਤੋਂ ਉੱਚੀ, ਸਭ ਦੀ ਨਜ਼ਰੀਂ ਚੜ੍ਹਨ ਲਈ ਧਰੀ ਹੁੰਦੀ ਸੀ, ਕਿਸੇ ਮੁਰਦੇ ਦੀ ਸੋਧੀ ਹੋਈ ਸਾਫ਼ ਕਰਕੇ ਸ਼ੀਸ਼ਿਆਂ ਵਿੱਚ ਰੱਖੀ ਹੋਈ ਲੋਥ। ਮੰਤਵ ਇਹ ਸੀ ਕਿ ਖਾਓ ਪੀਓ ਪਰ ਯਾਦ ਰਖੋ ਮਰਨਾ ਜ਼ਰੂਰੀ ਹੈ।

ਜੇਕਰ ਜੇਵ ਖਾਣ ਲਗਿਆਂ ਮੌਤ ਨੂੰ ਯਾਦ ਰਖਣਾ ਜ਼ਰੂਰੀ ਹੈ, ਮਮੂਲੀ ਹਿਸਾਬ ਦੀ ਗੱਲ ਹੈ ਕਿ ਪਰਵਾਰ ਵਧਾਉਣ ਲੱਗਿਆਂ ਆਪਣੇ ਉਦਾਲੇ ਨਾ ਮੁੱਕਣ ਵਾਲੇ ਸਿਲਸਿਲੇ ਖੜੇ ਕਰਨ ਲੱਗਿਆਂ ਮੌਤ ਨੂੰ ਚੇਤੇ ਰੱਖਣਾ ਕੇਡਾ ਜ਼ਰੂਰੀ ਹੈ। ਸਾਰੀ ਉਮਰ ਦੀ ਚਾਲ ਇੱਕ ਤਰ੍ਹਾਂ ਓਸ ਟੀਚੇ ਨੂੰ ਯਾਦ ਰੱਖ ਕੇ ਚੱਲਣੀ ਸਿਆਣਪ ਹੈ ਜਿੱਥੇ ਜਾ ਕੇ ਸਾਰੇ ਜੀਵਨ ਦਾ ਸਿੱਟਾ ਨਿਕਲਣਾ ਹੈ। ਜੋ ਆਦਮੀ ਮੌਤ ਵਿੱਚ ਸੁਰਖਰੂ ਹੈ ਸੋ ਧੁਰੋਂ ਹੀ ਸੁਰਖਰੂ ਸੀ, ਜੋ ਮੌਤ ਵਿੱਚ ਸੁਰਖਰੂ ਨਹੀਂ ਉਹ ਭਾਵੇਂ ਆਪਣੇ ਵੇਲੇ ਸੱਤਾਂ ਪਾਤਸ਼ਾਹੀਆਂ ਦਾ ਮਾਲਕ ਸੀ ਸਭ ਅਜਾਈਂ ਸੀ।

ਇੱਕ ਸਰਦਾਰ ਸਾਹਿਬ ਦਾ ਜ਼ਿਕਰ ਹੈ ਆਪ ਰਈਸ ਅਖਵਾਉਂਦੇ ਸਨ, ਉਨ੍ਹਾਂ ਦਾ ਖ਼ਰਚ ਚਾਰ ਪੰਜ ਸੌ ਰੁਪਏ ਮਹੀਨੇ ਨਾਲੋਂ ਘੱਟ ਨਹੀਂ ਸੀ। ਉਨ੍ਹਾਂ ਦੇ ਨਿਕਟਵਰਤੀਆਂ ਮੈਨੂੰ ਦੱਸਿਆ ਕਿ ਜਦ ਸਰਦਾਰ ਹੋਰੀਂ ਲਾਹੌਰ ਦਾ ਇੱਕ ਚੱਕਰ ਮਾਰਦੇ ਸਨ, ਬੱਚਿਆਂ ਲਈ ਪੰਜਾਹ ਪੰਜਾਹ ਰੁਪਏ ਦੇ ਖਿਲੌਣੇ ਲੈ ਜਾਇਆ ਕਰਦੇ ਸਨ। ਇਨ੍ਹਾਂ ਸਰਦਾਰ ਹੋਰਾਂ ਲਈ ਬਿਲਕੁਲ ਅਉਖਾ ਨਹੀਂ ਸੀ, ਜੇ ਉਹ ਚਾਹੁੰਦੇ ੩੦, ੪੦ ਹਜ਼ਾਰ ਦਾ ਆਪਣੇ ਜੀਵਨ ਦਾ ਬੀਮਾ ਕਰਾ ਲੈਂਦੇ। ਪਰ ਨਹੀਂ ਕੇਵਲ ਇੱਕ ਏਸ ਸੋਚ ਖੁਣੋ ਕਿ ਸ਼ਾਇਦ ਮੈਂ ਮਰ ਜਾਵਾਂ ਉਨ੍ਹਾਂ ਅੱਗਾ ਨਾ ਵਿਚਾਰਿਆ ਸਗੋਂ ਮਸੂਮ ਬੱਚੇ ਬੱਚੀਆਂ ਨੂੰ ਭੋਲ ਪੁਣੇ ਵਿੱਚ ਅਮੀਰੀ ਤੇ ਸੁਖ ਦੇ ਸੁਪਨਿਆਂ ਵਿੱਚ ਛੱਡ ਕੇ ਆਪ ਅਗਾਂਹ ਲੰਘ ਗਏ। ਜਿਉਂ ਜਿਉਂ ਬੱਚਿਆਂ ਨੂੰ ਤੇ ਸਰਦਾਰਨੀ ਜੀ ਨੂੰ ਪਤਾ ਲੱਗਾ ਤਿਉਂ ਤਿਉਂ ਗ਼ਮਾਂ ਦੇ ਪਹਾੜ ਕਾਲੇ ਬੱਦਲਾਂ ਵਾਂਗ ਚੜ੍ਹ ਕੇ ਆ ਗਏ। ਕੋਠੀ ਖਾਲੀ ਕਰਨੀ ਪਈ, ਉਹ ਗਹਿਣੇ ਪਈ ਸੀ। ਹੋਰ ਕਈ ਕਰਜ਼ ਸਨ ਜੋ ਐਧਰ ਓਧਰ ਦੀ ਜਾਇਦਾਦਾਂ ਵੇਚ ਵੱਟ ਕੇ ਦੇਣੇ ਪਏ। ਗੱਲ ਕੀ, ਸਰਦਾਰ ਜੀ ਆਪ ਤਾਂ

ਇੱਕ ਤਰ੍ਹਾਂ ਛੁੱਟ ਗਏ ਪਰ ਬਾਲ ਬੱਚਿਆਂ ਨੂੰ ਸੂਲਾਂ ਦੀਆਂ ਸੇਜਾਂ ਉੱਤੇ ਪਾ ਗਏ। ਕਰਜ਼ਾਈ ਹੋਣਾ ਕੋਈ ਗੱਲ ਨਹੀਂ, ਵੱਡੇ-ਵੱਡੇ ਕਰਜ਼ਾਈ ਹੁੰਦੇ ਆਏ ਨੇ, ਕਰਜ਼ਾ ਲਹਿ ਜਾਂਦਾ ਹੈ, ਨਾ ਲਹੇ ਸਮਾਂ ਪਾ ਕੇ ਆਪੇ ਉਤਰ ਜਾਂਦਾ ਹੈ ਪਰ ਕੋਡੀ ਮਾੜੀ ਗੱਲ ਹੈ ਕਿ ਆਦਮੀ ਆਪਣੇ ਬੱਚਿਆਂ ਤੇ ਇਸਤਰੀ ਨੂੰ ਇੱਕ ਬਣਾਵਟੀ–ਜਿਹੀ ਦੁਨੀਆਂ ਵਿੱਚ ਰੱਖ ਕੇ ਉਨ੍ਹਾਂ ਨੂੰ ਇਹ ਭੀ ਨਾ ਦੱਸੇ ਕਿ ਤੁਸਾਂ ਇਹ ਕਰਜ਼ਾ ਲਾਹੁਣਾ ਹੈ, ਸਗੋਂ ਅਸਲੀਅਤ ਤੋਂ ਦੂਰ ਰੱਖ ਕੇ ਉਨ੍ਹਾਂ ਉੱਤੇ ਉਹ ਘੜੀ ਲਿਆਵੇ ਜਦ ਅਸਲੀਅਤ ਦਾ ਉਨ੍ਹਾਂ ਦੇ ਗ਼ਮਾਂ ਨਾਲ ਚੂਰ ਹੋਏ ਦਿਲਾਂ ਨੂੰ ਉੱਕਾ ਹੀ ਬੁਝਾ ਕੇ ਸੁਆਹ ਕਰ ਦੇਂਦਾ ਹੈ। ਇਹ ਇੱਕ ਤਰ੍ਹਾਂ ਦਾ ਨਿਰਾਲਾ ਢੰਗ ਹੈ ਆਪਣੇ ਬੱਚਿਆਂ ਨਾਲ ਵੈਰ ਕਮਾਉਣ ਦਾ।

ਸਾਡੇ ਦੇਸ਼ ਦੀਆਂ ਭੈੜੀਆਂ ਵਾਦੀਆਂ ਵਿੱਚੋਂ ਇੱਕ ਇਹ ਹੈ ਕਿ ਕਦੇ ਮੌਤ ਦਾ ਨਾਉਂ ਹੀ ਨਾ ਲੈਣਾ, ਮਰਨ ਦੀ ਗੱਲ ਕਰਨ ਨੂੰ ਹੀ ਭੈੜਾ ਸ਼ਗਨ ਸਮਝਣਾ। ਘੜੀਆਂ ਦੀਆਂ ਟਿਕ-ਟਿਕ ਤੇ ਘੰਟਿਆਂ ਦੀਆਂ ਟਣਕਾਰਾਂ ਉੱਚੀ ਉੱਚੀ ਪੁਕਾਰ ਰਹੀਆਂ ਹਨ ਕਿ ਉਮਰਾਂ ਬਤੀਤ ਹੋ ਰਹੀਆਂ ਹਨ ਅਖੀਰਲੀ ਮੰਜ਼ਲ ਨੇੜੇ ਆ ਰਹੀ ਹੈ।

ਗ਼ਾਫ਼ਲ ਤੁਝੇ ਘੜਿਆਲ ਯੇਹ ਦੇਤਾ ਹੈ ਮਨਾਦੀ
ਗਰਦੂੰਨੇ ਘੜੀ ਘੜੀ ਉਮਰ ਕੀ ਇਕ ਅਊਰ ਘਟਾ ਦੀ।
'ਜਨਨੀ ਕਹਿਤ ਸੁਤ ਬਡਾ ਹੋਤ ਹੈ
ਇਤਨਾ ਕੁ ਨਾ ਜਾਨਹ ਦਿਨ ਦਿਨ ਅਉਧ ਘਟਤ ਹੈ'

ਲੋੜ ਹੈ ਇਸ ਗੱਲ ਦੀ ਕਿ ਪਰਵਾਰ ਨੂੰ ਬਾਰ ਬਾਰ ਇਸ ਇੱਕ ਦਿਨ ਆਉਣ ਵਾਲੀ ਹੋਣੀ ਦੀ ਚੇਤਾਵਨੀ ਕਰਾਈ ਜਾਵੇ ਤਾਂ ਕਿ ਉਨ੍ਹਾਂ ਨੂੰ ਮੌਤ ਆ ਕੇ ਉੱਥ ਵੀ ਬਟੇਰਿਆਂ ਵਾਂਗ ਨਾ ਮਰੋੜ ਸਕੇ। ਮੌਤ ਦਾ ਟਾਕਰਾ ਅਤੇ ਇਸ ਦੇ ਬੁੱਧੀ ਦਿਲ ਤੇ ਦਿਮਾਗ਼ ਉੱਤੇ ਛਾਪਾ ਮਾਰਨ ਵਾਲੇ ਹਥਕੰਡਿਆਂ ਦਾ ਮੁਕਾਬਲਾ ਨਿਰਾ ਪੁਰਾ ਕਬੂਤਰ ਵਾਂਗ ਬਿੱਲੀ ਤੋਂ ਅੱਖੀਆਂ ਮੀਚ ਲੈਣ ਨਾਲ ਨਹੀਂ ਹੋ ਸਕਦਾ। ਹਰ ਟੱਬਰ ਵਿੱਚ ਇਹ ਇੱਕ ਵਿੱਦਿਆ ਦਾ ਅੰਗ ਸਮਝਿਆ ਜਾਣਾ ਚਾਹੀਦਾ ਹੈ ਤਾਕਿ ਮੁੰਡੇ ਕੁੜੀਆਂ ਦੇ ਦਿਲਾਂ ਵਿਚਕਾਰ ਆਪੇ ਚਸ਼ਮੇ ਵਾਂਗ ਵਗਣ ਲੱਗ ਪਵੇ ਕਿ ਜੇ ਸਾਡਾ ਬਾਪ ਯਾ ਘਰ ਦਾ ਵੱਡਾ ਕਮਾਊ ਨਾ ਰਹੇ ਅਸੀਂ ਉਸ ਹਾਲਤ ਵਿੱਚ ਕੀ ਕਰਾਂਗੇ ? ਇਹ ਇੱਕ ਤਰ੍ਹਾਂ ਆਪਣੇ ਪੈਰੀਂ ਆਪ ਖਲੋਣ ਦੀ ਸਿੱਖਿਆ ਹੋਵੇਗੀ। ਮਨੁੱਖੀ ਦਿਲ ਬੜਾ ਕਾਢੀ ਕਾਰਖਾਨਾ

ਹੈ, ਇਸ ਨੂੰ ਜਦ ਇੱਕ ਖਿਆਲ ਦੀ ਜਾਗ ਲਗ ਜਾਵੇ ਬਾਕੀ ਦੇ ਨਾਲ ਲੱਗਦੇ ਸਿੱਟੇ ਤੇ ਉਪਜਣ ਵਾਲੀਆਂ ਔਕੜਾਂ ਦੇ ਉਪਾਇ ਆਪੇ ਖੁੰਬਾਂ ਵਾਂਗ ਸੋਝੀ ਵਿੱਚ ਉਗ ਪੈਂਦੇ ਹਨ।

ਮਰਨ ਵਾਲੇ ਦੇ ਪਿਛੋਂ ਜੇਕਰ ਰੋਣ ਵਾਲਿਆਂ ਦੀ ਅੰਤ੍ਰੀਵ ਦਸ਼ਾ ਨੂੰ ਚੰਗੂ ਵਿਚਾਰਿਆ ਜਾਵੇ ਤਾਂ ਦਿਸੇਗਾ ਕਿ ਮਰਨ ਵਾਲੇ ਦੇ ਦੁੱਖਾਂ ਯਾ ਉਸ ਦੀ ਧਰਮ ਰਾਜ ਦੇ ਸਾਹਮਣੇ ਹੋਣ ਵਾਲੀ ਪੇਸ਼ੀ ਨੂੰ ਕੋਈ ਨਹੀਂ ਰੋ ਰਿਹਾ ਹੁੰਦਾ। ਰੋਣਾ ਉਨ੍ਹਾਂ ਦੇ ਆਪਣੇ ਦਿਲਾਂ ਦੀ ਉਦਾਸੀ ਦਾ ਸਿੱਟਾ ਹੁੰਦਾ ਹੈ ਜਿਸ ਵਿੱਚ ਵੱਡਾ ਹਿੱਸਾ ਉਸ ਸਮੇਂ ਦੀ ਬੇ-ਬਸੀ, ਲਾਚਾਰੀ ਤੇ ਵਿਆਕੁਲਤਾ ਦਾ ਹੁੰਦਾ ਹੈ ਕਿਉਂਕਿ ਉਨ੍ਹਾਂ ਤੋਂ ਇੱਕ ਵੱਡੀ ਪਿਆਰੀ ਚੀਜ਼ ਖੁੱਸ ਗਈ ਹੁੰਦੀ ਹੈ। ਜਿਸ ਮਰਨ ਵਾਲੇ ਨੂੰ ਅੱਗੇ ਜਾ ਕੇ ਪਿੱਛੇ ਰਹਿ ਗਿਆਂ ਦੀ ਇਹ ਬੇਬਸੀ ਤੇ ਵਿਆਕੁਲਤਾ ਧੂਹ ਪਾਵੇ ਉਸ ਨੂੰ ਪਹਿਲਾਂ ਨਰਕ ਭੋਗਣਾ ਪੈਂਦਾ ਹੋਵੇਗਾ। ਜਦ ਉਸ ਨੂੰ ਸਮਝ ਆਉਂਦੀ ਹੋਵੇਗੀ ਕਿ ਮੈਂ ਇਨ੍ਹਾਂ ਨੂੰ ਮੌਤ ਤੇ ਮਰਨ ਸਬੰਧੀ ਵਿਚਾਰਾਂ ਪੇਸ਼ ਨਾ ਕਰਕੇ ਇਸ ਘੜੀ ਲਈ ਤਿਆਰ ਨਹੀਂ ਕੀਤਾ। ਜਿਸ ਦੇ ਪਰਵਾਰ ਨੂੰ ਇਸ ਘੜੀ ਦੀ ਸਿੱਖਿਆ ਮਿਲ ਚੁੱਕੀ ਹੈ ਉਹ ਪਰਵਾਰ ਵੀ ਸੁਖੀ ਤੇ ਪਰਵਾਰ ਦਾ ਮਰ ਗਿਆ ਪੁਰਸ਼ ਵੀ ਸੁਖੀ।

ਮੌਤ ਯਾਦ ਰੱਖਣਾ ਇੱਕ ਸਾਧਨ ਹੈ ਜਿਸ ਨਾਲ ਸਾਰੇ ਜੀਵਨ ਉੱਤੇ ਥੋੜ੍ਹਾ ਬਹੁਤ ਅਸਰ ਪੈਂਦਾ ਹੈ। ਜੋ ਮੂੰਹ ਜ਼ੋਰ ਘੋੜੇ ਲਈ ਕੰਡਿਆਲਾ ਹੈ, ਸੰਢੇ ਲਈ ਨੱਥ ਹੈ, ਵਿਗੜਿਆਂ ਤਿਗੜਿਆਂ ਲਈ ਡੰਡਾ। ਸੋ ਆਪ-ਮੁਹਾਰੇ ਮਨ ਲਈ ਮੌਤ ਦੀ ਯਾਦ ਹੈ।



Painting : Jyoti Bhatt